ISSN 2394-8507
ਭੇਟਾ : ₹ ੫/-

ਮਾਸਿਕ

# ਗੁਰਮਤਿ ਪ੍ਰਕਾਸ਼

ਜਿਲਦ : ੬੬ ਕੱਤਕ-ਮੱਘਰ ਸੰਮਤ ਨਾਨਕਸ਼ਾਹੀ ੫੫੪ ਨਵੰਬਰ 2022 ਅੰਕ : ੮
Vol. : 66 November 2022 Issue : 8

ਗੁਰਦੁਆਰਾ ਪ੍ਰਕਾਸ਼-ਸਥਾਨ ਸ੍ਰੀ ਗੁਰੂ ਨਾਨਕ ਦੇਵ ਜੀ,
ਸ੍ਰੀ ਨਨਕਾਣਾ ਸਾਹਿਬ, ਪਾਕਿਸਤਾਨ



ਗੁਰਦੁਆਰਾ ਸਾਹਿਬ ਸੱਚਾ ਸੌਦਾ  (ਪਾਕਿਸਤਾਨ)



੧ੴ ਸਤਿਗੁਰ ਪ੍ਰਸਾਦਿ॥

ਗੁਰਮਤਿ ਸਾਚੀ ਸਾਚਾ ਵੀਚਾਰੁ॥

# ਗੁਰਮਤਿ ਪ੍ਰਕਾਸ਼

(ਧਰਮ ਪ੍ਰਚਾਰ ਕਮੇਟੀ ਦਾ ਮਾਸਿਕ-ਪੱਤਰ)

ਕੱਤਕ-ਮੱਘਰ, ਸੰਮਤ ਨਾਨਕਸ਼ਾਹੀ ੫੫੪ — ਨਵੰਬਰ 2022

ਜਿਲਦ ੬੬ (Vol. 66) — ਅੰਕ ੮ (Issue 8)



*ਮੁੱਖ ਸੰਪਾਦਕ*
**ਸਿਮਰਜੀਤ ਸਿੰਘ**

*ਸੰਪਾਦਕ*
**ਸਤਵਿੰਦਰ ਸਿੰਘ**

*ਸਹਾਇਕ ਸੰਪਾਦਕ*
**ਬਿਕਰਮਜੀਤ ਸਿੰਘ**


## ਚੰਦਾ

| (ਦੇਸ਼) | | (ਵਿਦੇਸ਼) | |
|---|---|---|---|
| ਪ੍ਰਤੀ ਕਾਪੀ | ₹ 5 | ਸਾਲਾਨਾ | ₹ 1250 |
| ਸਾਲਾਨਾ | ₹ 50 | ਪੰਜ ਸਾਲ | ₹ 5000 |
| ਪੰਜ ਸਾਲ | ₹ 250 | ਲਾਈਫ਼ | ₹ 10000 |
| ਲਾਈਫ਼ | ₹ 500 | | |

## ਚੰਦਾ ਭੇਜਣ ਦਾ ਪਤਾ


ਸਕੱਤਰ
ਧਰਮ ਪ੍ਰਚਾਰ ਕਮੇਟੀ
(ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ)
ਸ੍ਰੀ ਅੰਮ੍ਰਿਤਸਰ-੧੪੩੦੦੬

*Secretary*
*Dharam Parchar Committee*
*(S.G.P.C.)*
*Sri Amritsar-143006*

ਫੋਨ: 0183-2553956-59 ਐਕਸ 304 ਫੈਕਸ: 0183-2553919

website : www.sgpc.net

e-mail :gurmatparkashmonthly@gmail.com,
gyan_gurmat@yahoo.com


**ਡਾਕ ਰਾਹੀਂ 'ਗੁਰਮਤਿ ਪ੍ਰਕਾਸ਼' ਨਾ ਪੁੱਜਣ ਬਾਰੇ ਉਪਰੋਕਤ ਫੋਨ ਨੰਬਰ ਮਿਲਾ ਕੇ ਇੰਚਾਰਜ ਗੁਰਮਤਿ ਪ੍ਰਕਾਸ਼ ਨਾਲ ਐਕਸ: 303 'ਤੇ ਸੰਪਰਕ ਕਰੋ ਜੀ।**


Approved for School libraries by the Director of Public Instructions Punjab
Vide Circular No. 4580-2/25-58-B-49154 Dated Oct. 1958

## ਤਤਕਰਾ


| | | |
|---|---|---|
| ਗੁਰਬਾਣੀ ਵਿਚਾਰ | | ੫ |
| ਸੰਪਾਦਕੀ | | ੬ |
| ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ-ਦਰਸ਼ਨ ਦੀ ਸਮਾਜਿਕਤਾ ਸਰੂਪ ਤੇ ਸੰਦਰਭ | -ਡਾ. ਜਸਬੀਰ ਸਿੰਘ ਸਾਬਰ | ੮ |
| ਵਿਸ਼ਵਾਸ ਦੀ ਅਜ਼ਾਦੀ ਦੇ ਰੱਖਿਅਕ . . . | -ਸ. ਸੁਖਦੇਵ ਸਿੰਘ ਸ਼ਾਂਤ | ੧੪ |
| ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਚਰਨ-ਛੋਹ ਪ੍ਰਾਪਤ ਅਸਥਾਨ | -ਡਾ. ਪਰਮਵੀਰ ਸਿੰਘ | ੧੮ |
| 'ਵੀਰ ਬਾਲ ਦਿਵਸ' ਜਾਂ 'ਸਾਹਿਬਜ਼ਾਦੇ ਸ਼ਹਾਦਤ ਦਿਵਸ' | -ਐਡ. ਗੁਰਚਰਨਜੀਤ ਸਿੰਘ ਲਾਂਬਾ | ੩੬ |
| ਦੁਖੁ ਦਾਰੂ ਸੁਖੁ ਰੋਗੁ ਭਇਆ | -ਸ. ਜਸਵੰਤ ਸਿੰਘ ਈਸੇਵਾਲ | ੩੯ |
| ਸਿੱਖ ਇਸਤਰੀ-ਮੂਲਕ ਇਤਿਹਾਸਕਾਰੀ. . . | -ਡਾ. ਹਰਪ੍ਰੀਤ ਕੌਰ | ੪੬ |
| ਵਿਆਖਿਆ-ਸ਼ਾਸਤਰ : ਅਰਥ ਤੇ ਪਰਿਭਾਸ਼ਾ | -ਡਾ. ਅਜੈਪਾਲ ਸਿੰਘ | ੫੬ |
| ਸ੍ਰੀ ਗੁਰੁ ਪੰਥ ਪ੍ਰਕਾਸ਼ : ਵਿਵਰਨਾਤਮਿਕ ਅਧਿਐਨ | -ਬੀਬੀ ਜਸਪ੍ਰੀਤ ਕੌਰ | ੬੩ |
| ਨਵੰਬਰ ੧੯੮੪ ਦੇ ਸਿੱਖ ਕਤਲ-ਏ-ਆਮ. . . | -ਡਾ. ਤੇਜਿੰਦਰ ਪਾਲ ਸਿੰਘ | ੭੦ |
| ਸਿੱਖਾਂ ਦੀ ਰਫ਼ਤਾਰ, ਗੁਫ਼ਤਾਰ ਤੇ ਦਸਤਾਰ ਦਾ ਵਿਰੋਧ ਕਿਉਂ? | -ਡਾ. ਅਰਵਿੰਦਰ ਸਿੰਘ | ੭੭ |
| ਪੁਸਤਕ 'ਗੁਰਬਾਣੀ ਇਕ ਜੀਵਨ-ਜਾਚ'. . . | -ਗਿ. ਸੁਰਿੰਦਰ ਸਿੰਘ ਨਿਮਾਣਾ | ੮੧ |
| . . . ਬੇਨਜ਼ੀਰ ਨਾਨਕ (ਕਵਿਤਾ) | -ਸ. ਮਾਨ ਸਿੰਘ 'ਮਸਕੀਨ' ਲਾਂਬਾ | ੮੯ |
| ਖ਼ਬਰਨਾਮਾ | | ੯੧ |
| ਧਰਮ ਪ੍ਰਚਾਰ ਕਮੇਟੀ ਦੀਆਂ ਪ੍ਰਚਾਰ ਸਰਗਰਮੀਆਂ | | ੯੮ |

# ਗੁਰਬਾਣੀ ਵਿਚਾਰ

*ਮੰਘਿਰਿ ਮਾਹਿ ਸੋਹੰਦੀਆ ਹਰਿ ਪਿਰ ਸੰਗਿ ਬੈਠੜੀਆਹ॥*
*ਤਿਨ ਕੀ ਸੋਭਾ ਕਿਆ ਗਣੀ ਜਿ ਸਾਹਿਬਿ ਮੇਲੜੀਆਹ॥*
*ਤਨੁ ਮਨੁ ਮਉਲਿਆ ਰਾਮ ਸਿਉ ਸੰਗਿ ਸਾਧ ਸਹੇਲੜੀਆਹ॥*
*ਸਾਧ ਜਨਾ ਤੇ ਬਾਹਰੀ ਸੇ ਰਹਨਿ ਇਕੇਲੜੀਆਹ॥*
*ਤਿਨ ਦੁਖੁ ਨ ਕਬਹੂ ਉਤਰੈ ਸੇ ਜਮ ਕੈ ਵਸਿ ਪੜੀਆਹ॥*
*ਜਿਨੀ ਰਾਵਿਆ ਪ੍ਰਭੁ ਆਪਣਾ ਸੇ ਦਿਸਨਿ ਨਿਤ ਖੜੀਆਹ॥*
*ਰਤਨ ਜਵੇਹਰ ਲਾਲ ਹਰਿ ਕੰਠਿ ਤਿਨਾ ਜੜੀਆਹ॥*
*ਨਾਨਕ ਬਾਂਛੈ ਧੂੜਿ ਤਿਨ ਪ੍ਰਭ ਸਰਣੀ ਦਰਿ ਪੜੀਆਹ॥*
*ਮੰਘਿਰਿ ਪ੍ਰਭੁ ਆਰਾਧਣਾ ਬਹੁੜਿ ਨ ਜਨਮੜੀਆਹ॥੧੦॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੫)*

ਪੰਚਮ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ 'ਬਾਰਹ ਮਾਹਾ ਮਾਂਝ' ਦੀ ਇਸ ਪਾਵਨ ਪਉੜੀ ਦੇ ਮਾਧਿਅਮ ਦੁਆਰਾ ਮੱਘਰ ਮਹੀਨੇ ਦੀ ਰੁੱਤ ਅਤੇ ਇਸ ਨਾਲ ਜੁੜੇ ਸੱਭਿਆਚਾਰ ਦੇ ਪ੍ਰਥਾਏ ਮਨੁੱਖ-ਮਾਤਰ ਨੂੰ ਮਨੁੱਖਾ ਜੀਵਨ ਰੂਪੀ ਮੱਘਰ ਮਹੀਨਾ ਪ੍ਰਭੂ ਦੇ ਨਾਮ-ਸਿਮਰਨ ਅਤੇ ਸ਼ੁਭ ਅਮਲਾਂ ਦੁਆਰਾ ਸਫਲ ਕਰਨ ਦਾ ਗੁਰਮਤਿ ਗਾਡੀ ਮਾਰਗ ਦਰਸਾਉਂਦੇ ਹਨ। ਸਤਿਗੁਰੂ ਜੀ ਫੁਰਮਾਨ ਕਰਦੇ ਹਨ ਕਿ ਮੱਘਰ ਮਹੀਨੇ ਦੀ ਠੰਡੀ ਮਿੱਠੀ ਬਹਾਰ ਵਿਚ ਉਹ ਜੀਵ-ਇਸਤਰੀਆਂ ਜੋ ਪਰਮੇਸਰ ਪਤੀ ਨਾਲ ਬੈਠੀਆਂ ਹਨ, ਉਹ ਸੋਭਦੀਆਂ ਹਨ। ਜਿਨ੍ਹਾਂ ਨੂੰ ਮਾਲਕ ਪ੍ਰਭੂ ਨੇ ਆਪਣੇ ਨਾਮ ਨਾਲ ਮੇਲ ਲਿਆ ਹੈ, ਉਨ੍ਹਾਂ ਦੀ ਸੋਭਾ ਕੀ ਕਹੀ ਜਾ ਸਕਦੀ ਹੈ? ਉਨ੍ਹਾਂ ਦਾ ਸਮੁੱਚਾ ਆਪਾ ਪਰਮਾਤਮਾ ਦੇ ਸੱਚੇ ਨਾਮ ਨਾਲ ਜੁੜ ਕੇ ਵਧਦਾ-ਫੁਲਦਾ ਹੈ, ਭਾਵ ਉਹ ਸਰੀਰਕ ਅਤੇ ਮਾਨਸਿਕ ਦੋਹਾਂ ਪੱਖਾਂ ਤੋਂ ਅਰੋਗ ਰਹਿੰਦੀਆਂ ਹਨ। ਗੁਰੂ ਜੀ ਪਰਮਾਤਮਾ ਦੇ ਸੱਚੇ ਨਾਮ ਨਾਲ ਜੁੜੇ ਮਨੁੱਖਾਂ ਦੀ ਸੁਖਾਵੀਂ ਅਨੰਦਮਈ ਮਾਨਸਿਕ-ਆਤਮਿਕ ਅਵਸਥਾ ਦਰਸਾਉਣ ਮਗਰੋਂ ਉਸ ਦੇ ਸੱਚੇ ਨਾਮ ਨੂੰ ਭੁੱਲੇ ਹੋਏ ਮਨੁੱਖਾਂ ਦੀ ਦੁਖਦਾਇਕ ਹਾਲਤ ਦਾ ਵਰਣਨ ਕਰਦੇ ਹੋਏ ਫੁਰਮਾਨ ਕਰਦੇ ਹਨ ਕਿ ਜਿਹੜੀਆਂ ਜੀਵ-ਇਸਤਰੀਆਂ ਚੰਗੀ ਸੰਗਤ ਤੋਂ ਬਾਹਰ ਜਾਂ ਦੂਰ ਰਹਿੰਦੀਆਂ ਹਨ ਉਹ ਇਕੱਲੀਆਂ ਰਹਿ ਜਾਂਦੀਆਂ ਹਨ ਭਾਵ ਉਨ੍ਹਾਂ ਨੂੰ ਇਹ ਮਨੁੱਖਾ ਜਨਮ ਪਾ ਕੇ ਵੀ ਪਿਆਰੇ ਪਰਮਾਤਮਾ ਦਾ ਮਿਲਾਪ ਹਾਸਲ ਨਹੀਂ ਹੁੰਦਾ। ਉਹ ਦੁਖ ਦੀ ਦਲਦਲ ਵਿਚ ਹੀ ਫਸੀਆਂ ਰਹਿੰਦੀਆਂ ਹਨ, ਉਨ੍ਹਾਂ ਨੂੰ ਕੋਈ ਨਾ ਕੋਈ ਦੁਖ ਲੱਗਾ ਹੀ ਰਹਿੰਦਾ ਹੈ। ਉਹ ਜਮਾਂ ਭਾਵ ਸਰੀਰਕ ਮੌਤ ਦੇ ਸਹਿਮ ਦੇ ਕਾਬੂ 'ਚ ਹੁੰਦੀਆਂ ਹਨ। ਸਤਿਗੁਰੂ ਜੀ ਫਿਰ ਦੁਬਾਰਾ ਸਹੀ ਜੀਵਨ-ਮਾਰਗ 'ਤੇ ਤੁਰੀਆਂ ਜੀਵ-ਇਸਤਰੀਆਂ ਦੀ ਚੰਗੀ ਅਵਸਥਾ ਦਾ ਵਰਣਨ ਕਰਦਿਆਂ ਕਥਨ ਕਰਦੇ ਹਨ ਕਿ ਜਿਨ੍ਹਾਂ ਜੀਵ-ਇਸਤਰੀਆਂ ਨੇ ਮਾਲਕ ਨੂੰ ਚਿਤਵਿਆ ਹੈ ਉਹ ਸੁਚੇਤ ਖੜ੍ਹੀਆਂ ਦਿੱਸਦੀਆਂ ਹਨ। ਕਹਿਣ ਤੋਂ ਭਾਵ ਉਹ ਵਿਕਾਰਾਂ ਤੇ ਔਗੁਣਾਂ ਤੋਂ ਸਦਾ ਬਚ ਕੇ ਰਹਿੰਦੀਆਂ ਹਨ। ਉਨ੍ਹਾਂ ਦੇ ਹਿਰਦੇ ਰੂਪੀ ਗਲੇ 'ਚ ਸਮਝੋ ਰਤਨਾਂ, ਜਵਾਹਰਾਂ ਤੇ ਲਾਲਾਂ ਦੇ ਹਾਰ ਸੋਭਦੇ ਹਨ। ਸਤਿਗੁਰੂ ਜੀ ਅੰਤ ਵਿਚ ਫੁਰਮਾਨ ਕਰਦੇ ਹਨ ਕਿ ਮਾਲਕ ਦੀ ਸ਼ਰਨ, ਉਹਦੇ ਦਰ 'ਤੇ ਪਿਆਂ ਹੋਇਆਂ ਦੀ ਚਰਨ-ਧੂੜ ਦੀ ਲੋਚਾ ਕਰੀਏ। ਜੇਕਰ ਜੀਵਨ-ਰੂਪੀ ਮੱਘਰ ਮਹੀਨੇ 'ਚ ਮਾਲਕ ਨੂੰ ਯਾਦ ਕਰ ਲਿਆ ਤਾਂ ਦੋਬਾਰਾ ਜਨਮ ਨਹੀਂ ਲੈਣਾ ਪਵੇਗਾ, ਮਾਲਕ ਨਾਲ ਪੂਰਨ ਮਿਲਾਪ ਹੋ ਜਾਵੇਗਾ! ■

ਸੰਪਾਦਕੀ...

# . . . ਗੁਰਮੁਖਿ ਪੰਥ ਵਡਾ ਪਰਤਾਪੈ

*ਜਦ ਮਨੁੱਖੀ ਜੀਵਨ ਵਿੱਚੋਂ ਸ਼ੁਭ ਕਰਮ ਖਤਮ ਹੋ ਜਾਣ ਤਾਂ ਸਮਾਜ ਅੰਦਰ ਨਫ਼ਰਤ, ਝਗੜਾ, ਪਾਪ, ਪਖੰਡ, ਜਾਤ-ਪਾਤ ਦੇ ਵਿਤਕਰੇ, ਖ਼ੁਦਗਰਜ਼ੀ, ਧੱਕੇਸ਼ਾਹੀ, ਭ੍ਰਿਸ਼ਟਾਚਾਰੀ ਫੈਲ ਜਾਂਦੀ ਹੈ। ਸ੍ਰੀ ਗੁਰੂ ਨਾਨਕ ਪਾਤਸ਼ਾਹ ਜੀ ਦੇ ਸਮੇਂ ਭਾਰਤੀ ਸਮਾਜ ਦੀ ਏਹੋ ਹਾਲਤ ਬਣੀ ਹੋਈ ਸੀ, ਜਿਸ ਦਾ ਕਾਰਨ ਭਾਈ ਗੁਰਦਾਸ ਜੀ ਨੇ* ***ਕਰਮ ਭ੍ਰਿਸਟਿ ਸਭਿ ਭਈ ਲੋਕਾਈ*** *ਕਹਿ ਕੇ ਦਰਸਾਇਆ ਹੈ। ਮਨੁੱਖਤਾ ਦੇ ਕਰਮ ਉਦੋਂ ਭ੍ਰਿਸ਼ਟ ਹੋ ਜਾਂਦੇ ਹਨ ਜਦੋਂ ਉਸ ਦੇ ਜੀਵਨ ਵਿੱਚੋਂ ਸ਼ੁਭ ਅਮਲ ਖਤਮ ਹੋ ਜਾਣ। ਧਰਮ ਨੂੰ ਸ਼ੁਭ ਅਮਲਾਂ ਦਾ ਸੋਮਾ ਮੰਨਿਆ ਗਿਆ ਹੈ ਅਤੇ ਸ਼ੁਭ ਅਮਲ ਮਨੁੱਖਤਾ ਅੰਦਰੋਂ ਉਦੋਂ ਖਤਮ ਹੁੰਦੇ ਹਨ ਜਦੋਂ ਧਰਮਾਂ ਦਾ ਗਿਆਨ ਧੁੰਦਲਾ ਪੈ ਕੇ ਮਨੁੱਖੀ ਜੀਵਨ-ਰੌਂਅ ਨੂੰ ਰੁਸ਼ਨਾਉਣ ਦੇ ਸਮਰੱਥ ਨਾ ਰਹੇ। ਧਰਮ ਦੇ ਗਿਆਨ ਦਾ ਕੇਂਦਰੀ ਧੁਰਾ ਪਰਮਾਤਮਾ ਹੈ ਅਤੇ ਜਿਨੀ ਦੇਰ ਪਰਮਾਤਮਾ ਦਾ ਸਰੂਪ ਅਤੇ ਪਰਮਾਤਮਾ ਦੇ ਗੁਣ ਹੀ ਸਪੱਸ਼ਟ ਨਾ ਹੋਣ ਉਨੀਂ ਦੇਰ ਧਰਮ ਦਾ ਗਿਆਨ ਜਾਤ-ਪਾਤ, ਵਰਨ-ਵੰਡ ਦਾ ਕਾਰਨ ਬਣ ਕੇ ਧਾਰਮਿਕ, ਸਮਾਜਿਕ, ਰਾਜਨੀਤਕ ਅਧੋਗਤੀ ਦਾ ਕਾਰਨ ਬਣਿਆ ਰਹਿੰਦਾ ਹੈ। ਇਹੋ ਕਾਰਨ ਸੀ ਕੇ ਸ੍ਰੀ ਗੁਰੂ ਨਾਨਕ ਪਾਤਸ਼ਾਹ ਦੇ ਆਗਮਨ ਤੋਂ ਪਹਿਲਾਂ ਆਪਣੇ ਆਪ ਨੂੰ ਸਰਵ-ਸ੍ਰੇਸ਼ਟ ਪ੍ਰਾਚੀਨ ਸੰਸਕ੍ਰਿਤੀ ਦੱਸਣ ਵਾਲੇ ਧਰਮ ਅਤੇ ਉਨ੍ਹਾਂ ਦੇ ਧਰਮ ਗ੍ਰੰਥ ਵੀ ਮੌਜੂਦ ਸਨ ਪਰ ਖ਼ਲਕਤ ਫਿਰ ਵੀ ਰਸਾਤਲ ਵੱਲ ਵਧਦੀ ਜਾ ਰਹੀ ਸੀ। ਹੁਣ ਇਸ ਗਿਲਾਨੀ ਤੋਂ ਮੁਕਤੀ ਦਾ ਇੱਕੋ ਇਕ ਸਾਧਨ ਰਹਿ ਗਿਆ ਸੀ:*

***ਸਤਿਗੁਰ ਬਾਝੁ ਨ ਬੁਝੀਐ ਜਿਚਰੁ ਧਰੇ ਨ ਪ੍ਰਭੁ ਅਵਤਾਰਾ। (ਵਾਰ ੧:੧੭)***

*ਇਸ ਲਈ ਅਕਾਲ ਪੁਰਖ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਜਗਤ ਵਿਚ ਭੇਜਿਆ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਖ਼ਲਕਤ ਦੀ ਹਾਹਾਕਾਰ ਸੁਣੀ ਅਤੇ ਧਰਤ ਲੁਕਾਈ ਨੂੰ ਸੋਧਣ ਲਈ ਆਪਣੇ ਮਿਸ਼ਨ ਵਿਚ ਭਾਈ ਮਰਦਾਨਾ ਜੀ ਨੂੰ ਆਪਣੇ ਨਾਲ ਲਿਆ। ਗੁਰੂ ਜੀ ਜਦ ਮਨੁੱਖੀ ਅਨੇਕਤਾ ਵਿਚ ਪ੍ਰਭੂ ਦੀ ਏਕਤਾ ਦਾ ਪ੍ਰਚਾਰ ਕਰਦੇ, ਪਰਸਪਰ ਮਨੁੱਖੀ ਪ੍ਰੇਮ ਦਾ ਸੰਦੇਸ਼ ਦਿੰਦੇ ਹੋਏ ਨਾਮ ਜਪੋ, ਕਿਰਤ ਕਰੋ, ਵੰਡ ਛਕੋ ਦਾ ਉਪਦੇਸ਼ ਕਰਦੇ ਹੋਏ, ਬਾਣੀ ਉਚਾਰਨ ਕਰਦੇ ਤਦ ਉਨ੍ਹਾਂ ਨਾਲ ਭਾਈ ਮਰਦਾਨਾ ਜੀ ਰਬਾਬ ਵਜਾਉਂਦੇ।*

*ਜਗਤ ਜਲੰਦੇ ਦੇ ਉੱਧਾਰ ਲਈ ਗੁਰੂ ਨਾਨਕ ਪਾਤਸ਼ਾਹ ਦੁਆਰਾ ਅਰੰਭੇ ਇਸ ਮਿਸ਼ਨ ਨੂੰ ਭਾਈ ਗੁਰਦਾਸ ਜੀ ਨੇ* ***ਨਾਨਕ ਨਿਰਮਲ ਪੰਥੁ*** *ਅਤੇ ਵੱਡੇ ਪਰਤਾਪ ਵਾਲਾ* ***ਗੁਰਮੁਖਿ ਪੰਥ ਵਡਾ ਪਰਤਾਪੈ*** *ਕਿਹਾ ਹੈ। ਗੁਰੂ ਨਾਨਕ ਪਾਤਸ਼ਾਹ ਨੇ ਨਿਰਮਲ ਪੰਥ ਦੀ ਨੀਂਹ ਦੋ ਥੰਮ੍ਹਾਂ 'ਗੁਰੂ ਸੰਗਤ' ਅਤੇ 'ਬਾਣੀ' ਦੇ ਆਸਰੇ 'ਤੇ ਟਿਕਾਈ। ਭਾਈ ਗੁਰਦਾਸ ਜੀ ਨਾਨਕ ਨਿਰਮਲ ਪੰਥ ਜਾਂ ਗੁਰਮੁਖ ਪੰਥ ਦੀ ਵਿਲੱਖਣਤਾ ਦਰਸਾਉਂਦੇ ਹੋਏ ਲਿਖਦੇ ਹਨ ਕਿ ਗੁਰੂ ਜੀ ਨੇ ਚਾਰ ਵਰਨਾਂ ਵਿਚ ਵੰਡੀ ਹੋਈ ਮਨੁੱਖਤਾ ਨੂੰ ਇਕ ਵਰਨ ਭਾਵ ਸਾਧ-ਸੰਗਤ ਦਾ ਰੂਪ ਦਿੱਤਾ, ਜਿਸ ਨਾਲ ਸਦੀਆਂ ਬਾਅਦ ਭਾਰਤ-ਵਾਸੀਆਂ ਨੂੰ ਇਕੱਠਿਆਂ ਬੈਠਣ ਦੀ ਜਾਚ ਆਈ। ਛੇ ਭਾਰਤੀ ਦਰਸ਼ਨਾਂ (ਨਿਆਇ, ਸਾਂਖ, ਵੇਦਾਂਤ, ਯੋਗ, ਵੈਸ਼ੇਸ਼ਿਕ, ਮੀਮਾਂਸਾ) ਦੇ ਮੁਕਾਬਲੇ ਗੁਰਮਤਿ*

*ਦਰਸ਼ਨ (ਗੁਰੂ ਸਾਹਿਬ ਦੀ ਵਿਚਾਰਧਾਰਾ) ਸੂਰਜ ਦੇ ਵਾਂਗ ਸਥਾਪਿਤ ਹੋਈ। ਕਿਉਂਕਿ ਭਾਰਤੀ ਮਨੁੱਖਤਾ ਦੇ ਅੰਦਰੋਂ ਜਿਹੜਾ ਅਗਿਆਨਤਾ ਦਾ ਹਨੇਰਾ ਗੁਰਮਤਿ ਦਰਸ਼ਨ ਨੇ ਦੂਰ ਕਰ ਵਿਖਾਇਆ। ਇਹ ਨਾਨਕ ਨਿਰਮਲ ਪੰਥ (ਸਿੱਖ ਧਰਮ) ਵੇਦਾਂ-ਕਤੇਬਾਂ ਤੋਂ ਵੱਖਰਾ ਤੇ ਨਿਆਰਾ ਧਰਮ ਹੈ। ਇਹ ਕਰਮ-ਕਾਂਡਾਂ ਦਾ ਖੰਡਨ ਕਰ ਕੇ ਸ਼ਬਦ ਦੁਆਰਾ ਅਕਾਲ ਪੁਰਖ ਦੀ ਬੰਦਗੀ ਦਾ ਮਾਰਗ ਦੱਸਦਾ ਹੈ:*

***ਚਾਰਿ ਵਰਨਿ ਇਕ ਵਰਨਿ ਕਰਿ ਵਰਨ ਅਵਰਨ ਸਾਧਸੰਗੁ ਜਾਪੈ।***
***ਛਿਅ ਰੁਤੀ ਛਿਅ ਦਰਸਨਾ ਗੁਰਮੁਖਿ ਦਰਸਨੁ ਸੂਰਜੁ ਥਾਪੈ।***
***ਬਾਰਹ ਪੰਥ ਮਿਟਾਇ ਕੈ ਗੁਰਮੁਖਿ ਪੰਥ ਵਡਾ ਪਰਤਾਪੈ।***
***ਵੇਦ ਕਤੇਬਹੁ ਬਾਹਰਾ ਅਨਹਦ ਸਬਦੁ ਅਗੰਮ ਅਲਾਪੈ। . . .*** *(ਵਾਰ ੨੩:੧੯)*

*ਇਸ਼ਟ ਦੀ ਸਪੱਸ਼ਟਤਾ ਤੋਂ ਬਗੈਰ ਭਗਤੀ ਸਾਰਥਕ ਨਹੀਂ ਹੋ ਸਕਦੀ। ਮਨੁੱਖਤਾ ਦੇ ਸਾਹਮਣੇ ਕਿਸੇ ਨੇ ਪਰਮਾਤਮਾ ਦਾ ਸਹੀ ਸਰੂਪ ਪ੍ਰਗਟ ਹੀ ਨਹੀਂ ਸੀ ਕੀਤਾ। ਸ੍ਰੀ ਗੁਰੂ ਨਾਨਕ ਪਾਤਸ਼ਾਹ ਨੇ ਮੂਲ ਮੰਤਰ ਰਾਹੀਂ ਪਰਮਾਤਮਾ ਦੇ ਗੁਣਾਂ ਬਾਰੇ ਦੱਸਦਿਆਂ ਕਿਹਾ ਕਿ ਇਨ੍ਹਾਂ ਗੁਣਾਂ ਨੂੰ ਯਾਦ ਕਰ ਕੇ ਹਿਰਦੇ ਵਿਚ ਧਾਰਨ ਕਰਨ ਨਾਲ, ਸ਼ੁਭ ਗੁਣਾਂ ਦੇ ਧਾਰਨੀ ਹੋ ਜਾਈਦਾ ਹੈ।* ***ਏਕ ਮਹਿ ਸਰਬ ਸਰਬ ਮਹਿ ਏਕਾ*** *ਰਾਹੀਂ ਦੱਸਿਆ ਕਿ ਸਮੱਸਤ ਕਾਇਨਾਤ ਇਕ ਨਿਰੰਕਾਰ ਦੇ ਅੰਦਰ ਸਮਾਈ ਹੋਈ ਹੈ ਅਤੇ ਉਹ ਇਕ ਨਿਰੰਕਾਰ ਸਭ ਦੇ ਅੰਦਰ ਸਮਾਇਆ ਹੋਇਆ ਹੈ।*

*ਨਾਨਕ ਨਿਰੰਕਾਰੀ ਜੋਤ ਦੇ ਦਸਾਂ ਜਾਮਿਆਂ ਰਾਹੀਂ ਨਾਨਕ ਨਿਰਮਲ ਪੰਥ ਦੇ ਵਿਕਾਸ ਸਮੇਂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਬਾਣੀ ਨੂੰ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰੂਪ ਵਿਚ ਸਥਾਪਿਤ ਕੀਤਾ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਗੁਰ-ਸੰਗਤ ਨੇ ਖਾਲਸਾ ਪੰਥ ਦਾ ਰੂਪ ਧਾਰਿਆ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਸੰਸਾਰਿਕ ਯਾਤਰਾ ਦੇ ਅੰਤਿਮ ਸਮੇਂ ਸ੍ਰੀ ਗੁਰੂ ਨਾਨਕ ਪਾਤਸ਼ਾਹ ਦੁਆਰਾ ਬਖਸ਼ਿਸ਼ 'ਗੁਰ ਸੰਗਤ' ਅਤੇ 'ਬਾਣੀ' ਦੀ ਓਟ ਨੂੰ ਗੁਰੂ-ਗ੍ਰੰਥ ਅਤੇ ਗੁਰੂ-ਪੰਥ ਰੂਪ ਵਿਚ ਗੁਰਿਆਈ ਬਖਸ਼ਿਸ਼ ਕਰ ਕੇ ਸਿੱਖਾਂ ਨੂੰ ਇਸ ਦੇ ਤਾਬਿਆ ਕੀਤਾ। ਸਮੇਂ ਦੇ ਬੀਤਣ ਨਾਲ ਜਦੋਂ ਸਿੱਖਾਂ ਵਿਚ ਸਿੱਖੀ ਜੀਵਨ-ਜਾਚ ਪ੍ਰਤੀ ਕੁਝ ਆਵੇਸਲਾਪਨ ਆਇਆ ਤਾਂ ਗੁਰੂ-ਪੰਥ ਨੇ ਗੁਰਿਆਈ ਦੀ ਜੁਗਤ ਦਾ ਅਧਿਕਾਰ ਵਰਤਦਿਆਂ ਗੁਰਬਾਣੀ, ਗੁਰਮਤਿ ਸਿਧਾਂਤਾਂ ਅਤੇ ਗੁਰ-ਇਤਿਹਾਸ ਦਾ ਗਹਿਨ ਅਧਿਐਨ ਕਰ ਕੇ ਸਿੱਖ ਰਹਿਤ ਮਰਯਾਦਾ ਨੂੰ ਨਿਰਧਾਰਤ ਕੀਤਾ। ਸਿੱਖ ਰਹਿਤ ਮਰਯਾਦਾ ਸਾਡੇ ਉੱਪਰ ਗੁਰੂ-ਪੰਥ ਦਾ ਬਹੁਤ ਵੱਡਾ ਉਪਕਾਰ ਹੈ। ਇਹ* ***ਸੋਈ ਕਰੇ ਜੋਈ ਮਨਿ ਭਾਵੈ*** *ਵਾਲੀ ਮਨਮੁਖ ਬਿਰਤੀ ਨੂੰ ਤਿਆਗ ਕੇ* ***ਪਾਹਣ ਮਾਣਕ ਕਰੈ ਗਿਆਨੁ ਗੁਰ ਕਹਿਅਉ ਬੀਚਾਰੈ*** *ਵਾਲੀ ਨਿਰੋਈ ਗੁਰਮਤਿ ਜੀਵਨ-ਜਾਚ ਵੱਲ ਪ੍ਰੇਰਦੀ ਹੈ। ਜਿਸ ਤਰ੍ਹਾਂ ਗੁਰੂ ਨਾਨਕ ਪਾਤਸ਼ਾਹ ਨੇ ਆਪਣੇ ਸਮੇਂ ਸਮਾਜ ਵਿਚ ਆ ਚੁੱਕੀ ਗਿਰਾਵਟ ਨੂੰ ਗੁਰਬਾਣੀ ਦੇ ਕ੍ਰਾਂਤੀਕਾਰੀ ਸੰਦੇਸ਼ ਰਾਹੀਂ ਦੂਰ ਕੀਤਾ ਸੀ। ਉਸੇ ਤਰ੍ਹਾਂ ਅਸੀਂ ਅੱਜ ਵੀ ਆਪਣੀਆਂ ਕਮਜ਼ੋਰੀਆਂ ਨੂੰ ਖ਼ੁਦ ਦੇਖ ਕੇ ਗੁਰਬਾਣੀ ਦੀ ਨਿਰੋਈ ਜੀਵਨ ਨੂੰ ਅਪਣਾਉਂਦਿਆਂ ਸ਼ੁਭ ਅਮਲਾਂ ਦੇ ਧਾਰਨੀ ਹੋਣਾ ਹੈ।* ■

# ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ-ਦਰਸ਼ਨ ਦੀ ਸਮਾਜਿਕਤਾ ਸਰੂਪ ਤੇ ਸੰਦਰਭ

*-ਡਾ. ਜਸਬੀਰ ਸਿੰਘ ਸਾਬਰ**

ਸ੍ਰੀ ਗੁਰੂ ਨਾਨਕ ਜੀਵਨ ਦਰਸ਼ਨ ਦੀ ਵੱਡੀ ਵਡਿਆਈ ਤੇ ਅਚਰਜ ਸੋਭਾ ਇਸ ਤੱਥ ਉੱਤੇ ਵਧੇਰੇ ਆਧਾਰਿਤ ਹੈ। ਇਸ ਵਿਚ ਸਿਰਜੇ ਸਿਧਾਂਤਾਂ ਦੀ ਪ੍ਰਧਾਨ ਸੁਰ ਲੋਕਮੁਖੀ ਤੇ ਯੋਗਤਾ-ਮੁਖੀ ਭਾਵਨਾ ਵਾਲੀ ਹੈ। ਨਿਰਸੰਦੇਹ ਇਨ੍ਹਾਂ ਦੇ ਸਿਧਾਂਤ ਦਾ ਮੁੱਖ ਮੰਤਵ ਮਾਨਵ-ਜੀਵਨ ਨੂੰ ਪ੍ਰਭੂ ਨਾਲ ਇਕਸੁਰ ਕਰਨਾ ਹੈ। ਪਰ ਪਰਾਲੌਕਿਕਤਾ ਦੇ ਇਸ ਪੰਧ ਨੂੰ ਤੈਅ ਕਰਨ ਲਈ ਤਤਕਾਲੀ ਮਾਨਵ-ਸਮਾਜ ਵਿਚ ਵਿਆਪਕ ਰੂਪ ਵਿਚ ਪਨਪੀਆਂ ਕੁਰੀਤੀਆਂ ਵਿਰੁੱਧ ਲਾਮਬੰਦ ਹੋਣ ਲਈ ਉਨ੍ਹਾਂ ਵੱਲੋਂ ਜਗਾਈ ਜਨ-ਚੇਤਨਾ ਵੀ ਬੇਤੋੜ ਹੈ। ਜਿਸ ਜੁਗਤ-ਅਧੀਨ ਤਤਕਾਲੀ ਮਾਨਵ-ਸਮਾਜ ਦੇ ਭੁੱਲੇ-ਭਟਕੇ, ਨਿਮਾਣੇ, ਨਿਤਾਣੇ, ਨਿਆਸਰੇ ਅਤੇ ਭਾਵੀ ਦੇ ਗ਼ੁਲਾਮ ਬਣ ਚੁੱਕੇ ਲੋਕਾਂ ਨੂੰ ਦੁਰਲੱਭ ਮਨੁੱਖਾ ਜੀਵਨ ਯਥਾਰਥਕ ਰੂਪ ਵਿਚ ਮਾਣ-ਸਨਮਾਨ ਨਾਲ ਜਿਊਣ ਦੀ ਜੋ ਪ੍ਰੇਰਨਾ ਉਸ ਸਮੇਂ ਦਿੱਤੀ ਉਹ ਅੱਜ ਵੀ ਸਾਰਥਿਕਤਾ ਰੱਖਦੀ ਹੈ।

ਸਿਧਾਂਤਕ ਰੂਪ ਵਿਚ ਸਚੇ ਕੀ ਇਸ ਕੋਠੜੀ ਵਿਚ ਪੈਦਾ ਹੋਣ ਵਾਲੇ ਹਰੇਕ ਪ੍ਰਾਣੀ ਦੇ ਕੁਝ ਅਜਿਹੇ ਧਰਮ-ਕਰਮ ਹੁੰਦੇ ਹਨ ਜਿਨ੍ਹਾਂ ਦੀ ਪਾਲਣਾ ਕਰਨੀ ਅਤਿ ਜ਼ਰੂਰੀ ਹੁੰਦੀ ਹੈ। ਅਜਿਹੀ ਮਾਨਵ-ਰੁਚੀ ਹੀ ਮਾਨਵ-ਸਮਾਜ ਨੂੰ ਸੰਤੁਲਤ ਕਰਦਿਆਂ ਇਸ ਦਾ ਵਿਕਾਸ ਤੇ ਸਦ-ਵਿਗਾਸ ਕਰ ਸਕਦੀ ਹੈ। ਪ੍ਰਸਿੱਧ ਸਮਾਜ ਵਿਗਿਆਨੀ ਇਮਾਈਲ ਦਰਖਾਈਮ ਵੀ ਏਹੋ ਆਖਦਾ ਹੈ ਕਿ ਜਿਸ ਤਰ੍ਹਾਂ ਵਿਗਿਆਨ ਮਨੁੱਖ ਨੂੰ ਵਧੇਰੇ ਗਿਆਨ-ਭਰਪੂਰ ਬਣਾਉਣ ਹਿੱਤ ਉਸ ਦੀ ਸੋਚਣ ਸ਼ਕਤੀ ਨੂੰ ਗਤੀਸ਼ੀਲ ਕਰਦਾ ਹੈ ਠੀਕ ਇਸੇ ਤਰ੍ਹਾਂ ਧਰਮ ਕਰਮ ਮਨੁੱਖ ਨੂੰ ਸਮਾਜਿਕ ਦ੍ਰਿਸ਼ਟੀ ਤੋਂ ਕਰਮਸ਼ੀਲ ਬਣਾ ਕੇ ਉਸ ਨੂੰ ਸੁਚੱਜੀ ਜੀਵਨ-ਜਾਚ ਸਿਖਾਉਂਦੇ ਹਨ। ਪਰ ਇਹ ਜੀਵਨ ਗਿਆਨ ਸ੍ਰੀ ਗੁਰੂ ਨਾਨਕ ਸਾਹਿਬ ਦੇ ਸਮਕਾਲੀ ਸਮਾਜ ਵਿੱਚੋਂ ਗਾਇਬ ਸੀ। ਗੁਰੂ ਸਾਹਿਬ ਖੁਦ ਆਪਣੇ ਤਤਕਾਲੀ ਸਮਾਜ ਦੀ ਧਾਰਮਿਕ, ਸਮਾਜਿਕ, ਰਾਜਨੀਤਿਕ ਅਤੇ ਆਰਥਿਕ ਦਸ਼ਾ ਬਿਆਨ ਕਰਦਿਆਂ ਫ਼ੁਰਮਾਉਂਦੇ ਹਨ ਕਿ:

*ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ॥*
*ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੫)*

ਇੱਥੋਂ ਤਕ ਕਿ ਉਸ ਸਮੇਂ ਦੇ ਰਾਜੇ ਸ਼ੇਰਾਂ ਵਾਂਗ ਲੋਕਾਂ ਦੇ ਮਾਸ ਦੀਆਂ ਬੋਟੀਆਂ ਖਾਂਦੇ ਸਨ ਅਤੇ ਉਨ੍ਹਾਂ ਦੇ ਚਾਕਰ ਕੁੱਤਿਆਂ ਵਾਂਗ ਗ਼ਰੀਬਾਂ ਦੀ ਮਿੱਝ ਤੇ ਰਤ ਚਟਣੋਂ ਵੀ

**#੧੩, ਗੁਰੂ ਤੇਗ ਬਹਾਦਰ ਨਗਰ, ਡਾਕ: ਖਾਲਸਾ ਕਾਲਜ, ਸ੍ਰੀ ਅੰਮ੍ਰਿਤਸਰ-੧੪੩੦੦੨; ਮੋ. +੯੧੯੮੮੪੬੦੧੯੦*

ਨਹੀਂ ਸਨ ਝਿਜਕਦੇ :

*ਰਾਜੇ ਸੀਹ ਮੁਕਦਮ ਕੁਤੇ॥ ਜਾਇ ਜਗਾਇਨਿ੍ ਬੈਠੇ ਸੁਤੇ॥*
*ਚਾਕਰ ਨਹਦਾ ਪਾਇਨਿ੍ ਘਾਉ॥ ਰਤੁ ਪਿਤੁ ਕੁਤਿਹੋ ਚਟਿ ਜਾਹੁ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੨੮੮)*

ਅਜੋਕੇ ਸਮੇਂ ਵਾਂਗ ਰਿਸ਼ਵਤ ਦਿੱਤੇ ਬਗੈਰ ਕੋਈ ਕੰਮ ਉਸ ਸਮੇਂ ਵੀ ਨਹੀਂ ਸਨ ਹੁੰਦੇ। ਅਜੋਕੇ ਲੀਡਰਾਂ ਵਾਂਗ ਬਿਆਨਬਾਜ਼ੀ ਤੇ ਲਾਰੇ-ਲੱਪੇ ਉਸ ਸਮੇਂ ਵੀ ਪ੍ਰਚਲਤ ਸਨ ਅਤੇ ਲੋਕ ਸੇਵਾ ਦੀ ਥਾਂ ਨਿਰੋਲ ਐਸ਼-ਓ-ਇਸ਼ਰਤ ਹੀ ਵੱਡੀ ਲੋਕ ਸੇਵਾ ਸਮਝੀ ਜਾਂਦੀ ਸੀ:

*ਸਾਹਾਂ ਸੁਰਤਿ ਗਵਾਈਆ ਰੰਗਿ ਤਮਾਸੈ ਚਾਇ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੪੧੭)*

ਕੂੜ ਦੀ ਪ੍ਰਧਾਨਤਾ ਵਾਲੇ ਕਾਲੇ ਬੱਦਲਾਂ ਦੀ ਮਾਰ ਹੇਠ ਆਏ ਮਾਨਵ ਸਮਾਜ ਦੀ ਕਲਿਆਣਤਾ ਦਾ ਬੀੜਾ ਚੁੱਕਿਆ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਮਾਨਵ ਸਮਾਜ ਲਈ ਅਜਿਹੇ ਸਿਧਾਂਤ ਸਿਰਜੇ ਜੋ ਮਾਨਵ ਸਮਾਜ ਦਾ ਸਦ ਵਿਗਾਸ ਕਰਨ ਹਿੱਤ ਸਹਾਈ ਸਿੱਧ ਹੋਏ।

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਗਮਨ ਤੋਂ ਪਹਿਲਾਂ ਨਿਜਲਾਭ ਤੇ ਨਿਜਵਾਦ ਦੀ ਲਾਲਸਾ ਵਿਚ ਡੁੱਬੇ ਪੁਜਾਰੀ ਵਰਗ ਨੇ ਜਿਸ ਪ੍ਰਕਾਰ ਦਾ ਸਰੂਪ ਤੇ ਸੰਦਰਭ ਧਾਰਮਿਕ ਗ੍ਰੰਥਾਂ ਦੇ ਗਿਆਨ ਦਾ ਬਣਾਇਆ ਹੋਇਆ ਸੀ ਅਥਵਾ ਬਣਾ ਦਿੱਤਾ ਸੀ ਉਹ ਮਾਨਵ ਜੀਵਨ ਦਾ ਵਿਕਾਸ ਕਰਨ ਨਾਲੋਂ ਵਿਨਾਸ਼ ਵਧੇਰੇ ਕਰ ਰਿਹਾ ਸੀ। ਧਰਮ-ਵੰਡ, ਵਰਣ-ਵੰਡ, ਜਾਤ-ਪਾਤ, ਊਚ-ਨੀਚ ਅਤੇ ਲਿੰਗ ਭੇਦ ਵੰਡ ਇਸੇ ਭਾਵਨਾ ਦੇ ਪ੍ਰਤੀਫਲ ਸਨ। ਵਾਰ ਆਸਾ ਵਿਚ ਸ੍ਰੀ ਗੁਰੂ ਨਾਨਕ ਸਾਹਿਬ ਨੇ ਇਸ ਵਰਤਾਰੇ ਦਾ ਵਿਸਥਾਰ ਪੂਰਵਕ ਨਕਸ਼ਾ ਪੇਸ਼ ਕੀਤਾ ਹੈ। *ਅੰਧੀ ਰਯਤਿ ਗਿਆਨ ਵਿਹੂਣੀ ਭਾਹਿ ਭਰੇ ਮੁਰਦਾਰੁ* ਇਸੇ ਲਈ ਗੁਰੂ ਨਾਨਕ ਸਾਹਿਬ ਨੇ ਸਪੱਸ਼ਟ ਫ਼ਰਮਾਨ ਕੀਤਾ ਕਿ *ਬੇਦ ਕਤੇਬ ਕਰਹਿ ਕਹ ਬਪੁਰੇ ਨਹ ਬੂਝਹਿ ਇਕ ਏਕਾ* ਵੈਸੇ ਵੀ ਇਹ ਗਿਆਨ ਅਜਿਹੀ ਭਾਸ਼ਾ ਵਿਚ ਸੀ ਜੋ ਲੋਕ ਮਾਨਸਾ ਦੀ ਚੇਤਨਾ ਤੋਂ ਹਟਵੀਂ ਅਤੇ ਕੁਝ ਇਕ ਵਿਸ਼ੇਸ਼ ਵਰਗ ਦੀ ਪਕੜ ਵਿਚ ਸੀ। ਇਨ੍ਹਾਂ ਵਿੱਚੋਂ ਦੋ ਵਰਗ ਸਨ ਕਾਜੀਆਂ ਤੇ ਬ੍ਰਾਹਮਣ ਪੁਜਾਰੀਆਂ ਦੇ, ਜੋ ਬ੍ਰਹਮ-ਗਿਆਨ ਦੀ ਅਸਲ ਭਾਵਨਾ ਤੋਂ ਸੱਖਣੇ ਸਨ ਅਤੇ ਤੀਜਾ ਵਰਗ ਸੀ ਸਮਾਜਿਕ ਫ਼ਰਜ਼ਾਂ ਨਾਲੋਂ ਟੁੱਟੇ ਤੇ ਤੋੜਨ ਵਾਲੇ ਜੋਗੀਆਂ ਸੰਨਿਆਸੀਆਂ ਦਾ ਜਿਨ੍ਹਾਂ ਦੀ ਜੀਵਨ-ਸ਼ੈਲੀ ਗ੍ਰੰਥਾਂ ਦੀ ਭਾਸ਼ਾ ਅਤੇ ਸੰਚਾਰ-ਸਾਧਨ ਲੋਕ-ਜੀਵਨ ਨਾਲੋਂ ਟੁੱਟੇ ਹੋਣ ਕਾਰਨ ਸਾਰਥਿਕ ਭੂਮਿਕਾ ਨਹੀਂ ਸਨ ਨਿਭਾ ਰਹੇ। ਇਨ੍ਹਾਂ ਵਰਗਾਂ ਬਾਰੇ ਹੀ ਗੁਰੂ ਨਾਨਕ ਸਾਹਿਬ ਨੇ ਫ਼ੁਰਮਾਨ ਕੀਤਾ ਸੀ ਕਿ:

*ਕਾਦੀ ਕੂੜੁ ਬੋਲਿ ਮਲੁ ਖਾਇ॥ ਬ੍ਰਾਹਮਣੁ ਨਾਵੈ ਜੀਆ ਘਾਇ॥*
*ਜੋਗੀ ਜੁਗਤਿ ਨ ਜਾਣੈ ਅੰਧੁ॥ ਤੀਨੇ ਓਜਾੜੇ ਕਾ ਬੰਧੁ॥੨॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੬੬੨)*

ਸ੍ਰੀ ਗੁਰੂ ਨਾਨਕ ਸਾਹਿਬ ਦੀ ਰਚਨਾ ਵਾਰ ਮਾਝ ਕੀ ਅਤੇ ਵਾਰ ਮਲਾਰ ਕੀ ਵਿਚ ਅਜਿਹੇ ਭੇਖੀ ਕਰਮ-ਕਾਂਡੀਆਂ ਦੀ ਅਸਲ ਤਸਵੀਰ ਪੇਸ਼ ਕੀਤੀ ਗਈ ਹੈ।

ਇਹ ਇਕ ਅਟੱਲ ਸਚਾਈ ਹੈ ਕਿ ਸੰਸਾਰ ਵਿਚ ਉਹ ਕੌਮ ਸਦੀਵ ਕਾਲ ਚਿਰਜੀਵ ਰਹਿ ਸਕਦੀ ਹੈ ਜਿਸ ਦਾ ਸਾਹਿਤ ਆਪਣੀ ਮਾਤ ਬੋਲੀ ਵਿਚ ਸਿਰਜਿਆ ਗਿਆ ਹੋਵੇ ਅਤੇ ਉਸ ਦੇ ਪਾਸਾਰ ਲਈ ਅਜਿਹੀ ਸੰਚਾਰ ਜੁਗਤ ਅਪਣਾਈ ਜਾਵੇ ਜੋ ਲੋਕ ਮਾਨਸਿਕਤਾ ਨੂੰ ਇਸ ਤਰ੍ਹਾਂ ਟੁੰਬੇ ਕਿ ਉਸ ਦਾ ਇਕ-ਇਕ ਸ਼ਬਦ ਲੋਕ ਦਿਲਾਂ ਵਿਚ ਮੂਰਤ ਬਣ ਕੇ ਟਿਕ ਜਾਏ। ਇਸੇ ਲਈ ਗੁਰੂ ਨਾਨਕ ਸਾਹਿਬ ਦੀ ਬਾਣੀ ਵਿਚ ਪੰਜਾਬੀ ਬੋਲੀ ਦੀ ਪ੍ਰਧਾਨਤਾ ਹੋਣ ਦੇ ਬਾਵਜੂਦ ਹਰੇਕ ਉਸ ਭਾਸ਼ਾ ਦੀ ਨਿਰਸੰਕੋਚ ਵਰਤੋਂ ਹੋਈ ਹੈ ਜੋ ਲੋਕ ਜੀਵਨ ਵਿਚ ਰਚੀ ਹੋਈ ਸੀ। ਭਾਵੇਂ ਇਹ ਸੰਸਕ੍ਰਿਤ ਸੀ, ਅਰਬੀ ਸੀ ਜਾਂ ਕੋਈ ਹੋਰ।

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ-ਦਰਸ਼ਨ ਦੇ ਸਮਾਜਿਕ ਸੰਦਰਭ ਦੀ ਖੂਬਸੂਰਤੀ ਇਹ ਹੈ ਕਿ ਇਹ ਲੋਕ-ਮੁਖੀ ਬਣ ਕੇ ਪ੍ਰਲੋਕ ਨਾਲ ਜੁੜਦਾ ਹੈ। ਦਰਅਸਲ ਸੁਜਾਨ ਪੁਰਖਾਂ ਦੀ ਵਿਸ਼ੇਸ਼ਤਾ ਹੀ ਇਹ ਹੁੰਦੀ ਹੈ ਕਿ ਉਹ ਭੂਤਕਾਲ ਦੀਆਂ ਪ੍ਰਸਥਿਤੀਆਂ ਦਾ ਪਹਿਲੋਂ ਮੁਲੰਕਣ ਕਰਦੇ ਹਨ ਅਤੇ ਫਿਰ ਵਰਤਮਾਨ ਦੀਆਂ ਲੋੜਾਂ ਨੂੰ ਸਨਮੁਖ ਰੱਖ ਕੇ ਆਪਣਾ ਭਵਿੱਖ ਸੰਵਾਰਨ ਦੀ ਯੋਜਨਾ ਉਲੀਕਿਆ ਕਰਦੇ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ-ਦਰਸ਼ਨ ਦੀ ਉਸਾਰੀ ਵੀ ਇਸੇ ਜੁਗਤ-ਅਧੀਨ ਹੋਈ ਲੱਗਦੀ ਹੈ। ਇੰਝ ਲਗਦਾ ਕਿ ਉਨ੍ਹਾਂ ਨੇ ਵੀ ਪਹਿਲੋਂ ਮਾਨਵ-ਜੀਵਨ ਦੇ ਭੂਤਕਾਲ ਨੂੰ ਵੇਖਿਆ, ਪਰਖਿਆ, ਵਰਤਮਾਨ ਨੂੰ ਸਮਝਿਆ ਅਤੇ ਅਜਿਹਾ ਕਰਨ ਉਪਰੰਤ ਹੀ ਭਵਿੱਖ ਨੂੰ ਸੁਧਾਰਨ ਲਈ ਅਜਿਹੇ ਸਿਧਾਂਤ ਸਿਰਜੇ ਤੇ ਵਿਚਾਰ ਸੰਚਾਰੇ ਜੋ ਸਮੇਂ ਦੇ ਹਾਣੀ ਬਣ ਕੇ ਮਾਨਵ-ਸਮਾਜ ਦੇ ਕਲਿਆਣ ਹਿੱਤ ਸਦੀਵ-ਕਾਲ ਸਾਰਥਿਕ ਭੂਮਿਕਾ ਨਿਭਾਉਣ ਦੇ ਸਮਰੱਥ ਹੋਣ ਦੇ ਨਾਲ-ਨਾਲ ਅਮਲ ਕਰਨ ਹਿੱਤ ਕੋਈ ਔਖ ਮਹਿਸੂਸ ਨਹੀਂ ਹੋਣ ਦਿੰਦੇ। ਇਹੋ ਕਾਰਨ ਹੈ ਕਿ ਇਹ ਸਿਧਾਂਤ ਅਜੋਕੇ ਮਾਨਵ-ਜੀਵਨ ਨਾਲ ਵੀ ਉਸੇ ਤਰ੍ਹਾਂ ਜੁੜੇ ਲੱਗਦੇ ਹਨ ਜਿਸ ਤਰ੍ਹਾਂ ਕਿ ਮੱਧਕਾਲ ਵਿਚ ਸਨ। ਧਰਮ ਖੇਤਰ ਵਿਚ ਜੇਕਰ ਮੱਧ ਕਾਲੀਨ ਮਾਨਵ ਜੀਵਨ ਦੀ ਚਾਦਰ ਲੀਰੋ-ਲੀਰ ਸੀ ਤਾਂ ਅੱਜ ਲਹੂ-ਲੁਹਾਨ ਹੋਈ ਪਈ ਹੈ। ਜੇਕਰ ਉਸ ਸਮੇਂ ਕਾਜ਼ੀਆਂ, ਬ੍ਰਾਹਮਣਾਂ ਦੀ ਥਾਂ ਅਗਦੁ ਸ਼ੈਤਾਨ ਪੜ੍ਹਦੇ ਸਨ ਤਾਂ ਅੱਜ ਵੀ ਅਖੌਤੀ ਸਾਧਾਂ-ਸੰਤਾਂ ਦੇ ਡੇਰਿਆਂ ਦੀ ਦੁਕਾਨਦਾਰੀ ਖੂਬ ਚਮਕ ਰਹੀ ਹੈ। ਇਹ ਠੀਕ ਹੈ ਕਿ ਬਾਣੀ ਤੇ ਬਾਣਾ ਇਕ ਦੂਜੇ ਦੇ ਪੂਰਕ ਹਨ। ਪਰ ਬਾਣੀ ਵਿਹੂਣਾ ਬਾਣਾ ਤਾਂ ਭਗਤ ਫਰੀਦ ਜੀ ਦੇ ਬੋਲਾਂ ਅਨੁਸਾਰ— *ਫਰੀਦਾ ਕਾਲੇ ਮੈਡੇ ਕਪੜੇ ਕਾਲਾ ਮੈਡਾ ਵੇਸੁ ॥ ਗੁਨਹੀ ਭਰਿਆ ਮੈ ਫਿਰਾ ਲੋਕੁ ਕਹੈ ਦਰਵੇਸੁ ॥* ਨਿਰਾ ਭੇਖ ਹੈ। ਅਜਿਹਾ ਭੇਖ ਜਨ-ਕਲਿਆਣ ਦਾ ਕਾਰਜ ਕਰਨ ਦੇ ਸਮਰੱਥ ਨਹੀਂ ਹੋ ਸਕਦਾ ਕਿਉਂਕਿ ਉਸ ਵਿੱਚੋਂ ਰੂਹਾਨੀਅਤ ਦਾ ਉਹ ਅੰਸ਼ ਮਨਫ਼ੀ ਹੁੰਦਾ ਹੈ ਜੋ ਮਾਨਵ-ਪ੍ਰੇਮ ਤੇ ਪ੍ਰਭੂ-ਪ੍ਰੇਮ ਦਾ ਸੰਦੇਸ਼ ਸੰਚਾਰਦਾ ਹੈ। ਇਹ ਉਹ ਵਰਗ ਹੈ ਜੋ— ਗਲੀ ਅਸੀ ਚੰਗੀਆ ਆਚਾਰੀ ਬੁਰੀਆਹ ॥ ਮਨਹੁ ਕੁਸੁਧਾ ਕਾਲੀਆ ਬਾਹਰਿ ਚਿਟਵੀਆਹ॥ ਦੀ ਪ੍ਰਤੀਨਿਧਤਾ ਕਰਦਾ ਹੈ। ਜੇਕਰ ਮੱਧਕਾਲ ਵਿਚ ਧਰਮ ਦਾ ਸਰੂਪ ਬਿਖਰਿਆ ਹੋਇਆ ਸੀ ਤਾਂ ਅੱਜ ਵੀ ਮਾਨਵ-ਸੰਸਾਰ ਵਿਚ ਧਰਮ ਦੀ ਆੜ ਹੇਠ ਕੱਟੜਵਾਦ ਦੀ

ਪ੍ਰਚੰਡ ਹੋ ਰਹੀ ਸੁਰ ਸੁਖਾਵੀਂ ਸਥਿਤੀ ਦੀ ਸੂਚਕ ਨਹੀਂ ਮੰਨੀ ਜਾ ਸਕਦੀ। ਗੁਰੂ ਨਾਨਕ ਸਾਹਿਬ ਦੇ ਸਿਧਾਂਤ ਅਨੁਸਾਰ ਤਾਂ ਧਰਮ ਹੁੰਦਾ ਹੀ ਉਹ ਹੈ ਜੋ ਦਇਆ ਤੇ ਸੰਤੋਖ ਦੀ ਭਾਵਨਾ ਨਾਲ ਭਰਪੂਰ ਹੋਵੇ:

*ਧੌਲੁ ਧਰਮੁ ਦਇਆ ਕਾ ਪੂਤੁ ॥ ਸੰਤੋਖੁ ਥਾਪਿ ਰਖਿਆ ਜਿਨਿ ਸੂਤਿ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੩)*

ਧਰਮ ਦੇ ਪ੍ਰਸੰਗ ਵਿਚ ਸੱਚੀ ਗੱਲ ਹੈ ਵੀ ਇਹੋ ਕਿ ਧਰਮ ਤਾਂ ਇਕ ਹੀ ਹੁੰਦਾ ਹੈ ਜਿਸ ਨੂੰ ਵੰਡਿਆ ਨਹੀਂ ਜਾ ਸਕਦਾ ਅਤੇ ਇਸ ਦੀ ਆਧਾਰਸ਼ਿਲ੍ਹਾ ਰੱਖੀ ਹੁੰਦੀ ਹੈ ਸੱਚ ਆਧਾਰਿਤ ਨੈਤਿਕਤਾ 'ਤੇ। ਫੁਰਮਾਨ ਹੈ :

*ਏਕੋ ਧਰਮੁ ਦ੍ਰਿੜੈ ਸਚੁ ਕੋਈ॥ ਗੁਰਮਤਿ ਪੂਰਾ ਜੁਗਿ ਜੁਗਿ ਸੋਈ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੮੮)*

ਇਸੇ ਲਈ ਉਨ੍ਹਾਂ ਨੇ ਧਰਮ ਨੂੰ ਸਮਾਜ-ਮੁਕਤ ਜੋਗੀਆਂ ਸੰਨਿਆਸੀਆਂ ਦੀ ਪਕੜ ਵਿੱਚੋਂ ਕੱਢ ਕੇ ਇਸ ਨੂੰ ਸਮਾਜ-ਯੁਕਤ ਗ੍ਰਿਹਸਥੀਆਂ ਦੀ ਝੋਲੀ ਵੀ ਪਾ ਦਿੱਤਾ ਜਿਸ ਨੂੰ ਭਾਈ ਸਤਾ ਤੇ ਬਲਵੰਡ ਜੀ ਨੇ ਰਾਮਕਲੀ ਕੀ ਵਾਰ ਵਿਚ ਇੰਝ ਬਿਆਨ ਕੀਤਾ ਹੈ:

*ਹੋਰਿੰਓ ਗੰਗ ਵਹਾਈਐ ਦੁਨਿਆਈ ਆਖੈ ਕਿ ਕਿਓਨੁ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੯੬੭)*

ਕਮਾਲ ਦੀ ਗੱਲ ਇਹ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ-ਦਰਸ਼ਨ ਵਿਚ ਤਿਆਗਵਾਦ ਤਾਂ ਹੈ ਪਰ ਭਾਂਜਵਾਦ ਨਹੀਂ। ਸੰਸਾਰ ਵਿਚ ਮਰਯਾਦਾ-ਯੁਕਤ ਵਸਣ ਦਾ ਮੰਡਨ ਹੈ (ਜੈਸੇ ਜਲ ਮਹਿ ਕਮਲੁ ਨਿਰਾਲਮੁ) ਪਰ ਮਰਯਾਦਾਹੀਣ ਫਸਣ (ਸੰਸਾਰਕ ਪਦਾਰਥਾਂ ਵਿਚ ਗਲਤਾਨ ਹੋਣ) ਦਾ ਖੰਡਨ ਕੀਤਾ ਗਿਆ ਹੈ। ਨਵਿਰਤੀ ਨਾਲੋਂ ਪਰਵਿਰਤੀ ਮਾਰਗ ਨੂੰ ਪ੍ਰਥਮਤਾ ਦਿੱਤੀ ਗਈ ਹੈ ਜੋ ਜਨ-ਸਾਧਾਰਨ ਲਈ ਧਾਰਨ ਕਰਨਾ ਸੌਖਾ ਹੈ।

ਸਮਾਜ ਸੇਵਾ ਦਾ ਦਮ ਭਰਨ ਵਾਲੇ ਆਗੂ, ਆਰਥਿਕਤਾ 'ਤੇ ਕਾਬਜ਼ ਪੂੰਜੀਪਤੀ, ਰਾਜਸੀ ਖੇਤਰ ਦੀ ਹਾਕਮ ਸ਼੍ਰੇਣੀ, ਮੱਧਕਾਲ ਵਿਚ ਵੀ ਬਿਮਾਰ-ਸੋਚ ਦਾ ਸ਼ਿਕਾਰ ਸੀ। ਨਿੱਜਲਾਭ, ਨਿੱਜਵਾਦ, ਕਾਣੀ-ਵੰਡ, ਹਉਮੈਂਗ੍ਰਸਤ, ਹਕੂਮਤ ਦਾ ਨਸ਼ਾ ਮਾਨਵ-ਸਮਾਜ ਦੇ ਹਰ ਖੇਤਰ ਵਿਚ ਭਾਰੂ ਸੀ। ਅਜਿਹੀ ਵਿਸਫੋਟਕ ਸਥਿਤੀ ਨੂੰ ਠੀਕ ਕਰਨਾ ਕਠਿਨ ਜ਼ਰੂਰ ਸੀ ਪਰ ਅਸੰਭਵ ਨਹੀਂ ਸੀ। ਲੋੜ ਸੀ 'ਨੀਅਤ ਰਾਸ ਕਰੇ' ਦੀ ਭਾਵਨਾ ਦੇ ਅੰਤਰਗਤ ਅੱਗੇ ਲੱਗਣ ਦੀ। ਇਸੇ ਜੁਗਤ ਦੇ ਅੰਤਰਗਤ ਗ਼ਰੀਬਾਂ ਤੇ ਲੋੜਵੰਦਾਂ ਦੀ ਸਾਰ ਲੈਣ ਦੀ ਪਹਿਲ ਕਦਮੀ ਕੀਤੀ ਤਾਂ ਖ਼ੁਦ ਗੁਰੂ ਨਾਨਕ ਸਾਹਿਬ ਨੇ ਭਾਈ ਮਰਦਾਨਾ ਜੀ ਨੂੰ ਆਪਣਾ ਸਾਥੀ ਚੁਣ ਕੇ ਮਾਨਵ-ਸਮਾਜ ਨੂੰ ਅਜਿਹਾ ਸਿਧਾਂਤ ਦਿੱਤਾ ਜਿਸ ਦਾ ਗੁਰਬਾਣੀ ਅੰਦਰ ਜਿਕਰ ਆਉਂਦਾ ਹੈ:

*ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ॥*

*ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੫)*

ਤਾਂ ਪਹਿਲੋਂ ਖੁਦ ਇਸ 'ਤੇ ਅਮਲ ਕੀਤਾ। ਜੇਕਰ ਸਿਧਾਂਤ ਸਿਰਜਿਆ:

*ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੧)*

ਤਾਂ ਕੁਰੱਪਸ਼ਨ ਦੇ ਖ਼ਿਲਾਫ਼ ਅਮਲੀ ਕਾਰਜ ਕੀਤਾ ਸੁਲਤਾਨਪੁਰ ਲੋਧੀ ਵਿਚ ਮੋਦੀਖਾਨੇ ਦੀ ਕਾਰ ਕਰਦਿਆਂ ਤੇਰਾ-ਤੇਰਾ ਆਖ ਕੇ। ਜੇ ਸਿਧਾਂਤ ਦਿੱਤਾ *ਜੇ ਜੀਵੈ ਪਤਿ ਲਥੀ ਜਾਇ॥ ਸਭੁ ਹਰਾਮੁ ਜੇਤਾ ਕਿਛੁ ਖਾਇ॥* ਤਾਂ ਇਸ ਨੂੰ ਸੱਚ ਕਰ ਵਿਖਾਇਆ। ਨਵਾਬ ਨੂੰ ਨਮਾਜ਼ ਸਮੇਂ ਟੋਕ ਕੇ, ਮਲਕ ਭਾਗੋ ਦੇ ਲੁੱਟ ਦੇ ਮਾਲ ਨਾਲ ਬਣਾਏ ਪਕਵਾਨ ਖਾਣ ਤੋਂ ਇਨਕਾਰ ਕਰ ਕੇ ਕੁਰੂਕਸ਼ੇਤਰ, ਹਰਿਦੁਆਰ, ਜਗਨਨਾਥਪੁਰੀ ਆਦਿ ਵਿਚ ਪੰਡਿਆਂ ਨਾਲ, ਪਰਬਤਾਂ ਤੇ ਜੋਗੀਆਂ ਨਾਲ ਵਿਚਾਰ ਚਰਚਾ ਕਰਨ ਸਮੇਂ ਨਿਰਭਉ ਤੇ ਨਿਰਵੈਰੁ ਭਾਵਨਾ ਦਾ ਪ੍ਰਗਟਾਉ ਕਰ ਕੇ। ਆਪ ਜੀ ਨੇ ਸਪੱਸ਼ਟ ਕੀਤਾ ਕਿ ਪ੍ਰੇਮ-ਪਿਆਰ ਦੀਆਂ ਗੱਲਾਂ ਕੇਵਲ ਸਿਧਾਂਤਕ ਪੱਧਰ ਤਕ ਕਰਨ ਨਾਲ ਪ੍ਰੇਮ ਭਾਵਨਾ ਪੈਦਾ ਨਹੀਂ ਹੋ ਸਕਦੀ ਇਸ ਕਾਰਜ ਲਈ ਤਾਂ ਲੋੜ ਪੈਣ 'ਤੇ ਸਿਰ ਤਲੀ 'ਤੇ ਰੱਖਣ ਦੀ ਜ਼ੁਰਅਤ ਕਰਨੀ ਪੈਂਦੀ ਹੈ:

*ਜਉ ਤਉ ਪ੍ਰੇਮ ਖੇਲਣ ਕਾ ਚਾਉ॥ ਸਿਰੁ ਧਰਿ ਤਲੀ ਗਲੀ ਮੇਰੀ ਆਉ॥*
*ਇਤੁ ਮਾਰਗਿ ਪੈਰੁ ਧਰੀਜੈ॥ ਸਿਰੁ ਦੀਜੈ ਕਾਣਿ ਨ ਕੀਜੈ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੧੨)*

ਮਾਨਵ ਸਮਾਜ ਵਿਚ ਨਾਸੂਰ ਬਣ ਚੁੱਕੀਆਂ ਕੁਰੀਤੀਆਂ ਦੇ ਨਿਵਾਰਣ ਲਈ ਗੁਰੂ ਨਾਨਕ ਸਾਹਿਬ ਦੇ ਸਿਰਜੇ ਸਿਧਾਂਤਾਂ 'ਤੇ ਦਰਸਾਏ ਜੀਵਨ ਮਾਰਗ ਵਿੱਚੋਂ ਇਕ ਅਜਿਹਾ ੧੦ ਨੁਕਾਤੀ ਪਉੜੀ ਵਿਧੀਨ ਪ੍ਰਦਰਸ਼ਤ ਹੁੰਦਾ ਹੈ ਜੋ ਅਜੋਕੇ ਜੀਵਨ ਨੂੰ ਅਰੋਗ ਕਰਨ ਹਿੱਤ ਭਰਪੂਰ ਸਹਾਇਤਾ ਕਰ ਸਕਦਾ ਹੈ। ਜੇਕਰ ਠੀਕ ਪ੍ਰਸੰਗ ਵਿਚ ਇਸ ਨੂੰ ਮਾਨਵ-ਸਮਾਜ ਦਾ ਅੰਗ ਬਣਾ ਲਿਆ ਜਾਵੇ:

**੧. ਸਾਂਝੀਵਾਲਤਾ :**

*ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗਣ ਚਲੀਐ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੭੬੬)*

**੨. ਕੁਰੱਪਸ਼ਨ ਦੇ ਖਾਤਮੇ ਲਈ:**

*-ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੧)*

*-ਵਢੀ ਲੈ ਕੈ ਹਕੁ ਗਵਾਏ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੯੫੧)*

**੩. ਚੰਗੇ ਮੰਦੇ ਕਾਰਜ :**

*ਐਸਾ ਕੰਮੁ ਮੂਲੇ ਨ ਕੀਚੈ ਜਿਤੁ ਅੰਤਿ ਪਛੋਤਾਈਐ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੯੧੮)*

**੪. ਕਿਰਤ ਕਮਾਈ :**

*ਘਾਲਿ ਖਾਇ ਕਿਛੁ ਹਥਹੁ ਦੇਇ॥ ਨਾਨਕ ਰਾਹੁ ਪਛਾਣਹਿ ਸੇਇ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੨੪੫)*

**੫. ਸ੍ਵੈਮਾਣ :**

*ਜੇ ਜੀਵੈ ਪਤਿ ਲਥੀ ਜਾਇ॥ ਸਭੁ ਹਰਾਮੁ ਜੇਤਾ ਕਿਛੁ ਖਾਇ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੨)*

**੬. ਇਸਤਰੀ ਦਾ ਸਨਮਾਨ:**

*ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੪੭੩)*

**੭. ਕਥਨੀ ਤੇ ਕਰਨੀ:**

*ਕਥਨੀ ਝੂਠੀ ਜਗੁ ਭਵੈ ਰਹਣੀ ਸਬਦੁ ਸੁ ਸਾਰੁ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੫੬)*

**੮. ਗ੍ਰਿਹਸਥ:**

*ਸਤਿਗੁਰ ਕੀ ਐਸੀ ਵਡਿਆਈ॥ ਪੁਤ੍ਰ ਕਲਤ੍ਰ ਵਿਚੇ ਗਤਿ ਪਾਈ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੬੬੧)*

**੯. ਨਸ਼ਿਆਂ ਦਾ ਵਿਰੋਧ:**

*ਇਤੁ ਮਦਿ ਪੀਤੈ ਨਾਨਕਾ ਬਹੁਤੇ ਖਟੀਅਹਿ ਬਿਕਾਰ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੫੫੩)*

**੧੦. ਨਿਮਰਤਾ:**

*ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੪੭੦)*

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ-ਦਰਸ਼ਨ ਦੀ ਸਮਾਜਿਕਤਾ ਦੇ ਸਰੂਪ ਤੇ ਸੰਦਰਭ ਦਾ ਮਹੱਤਵ ਹੀ ਇਹ ਬਣਦਾ ਹੈ ਕਿ ਉਨ੍ਹਾਂ ਨੇ ਮਾਨਵ-ਜੀਵਨ ਲਈ ਅਤਿ ਲੋੜੀਂਦੇ ਅਜਿਹੇ ਨੈਤਿਕ ਵਿਚਾਰ ਤੇ ਆਦਰਸ਼ ਪ੍ਰਚਲਿਤ ਕੀਤੇ ਜੋ ਮਾਨਵ-ਸਮਾਜ ਦੇ ਵਿਕਾਸ ਦਾ ਸਦੀਵਕਾਲ ਆਧਾਰ ਬਣੇ। ਸੰਸਾਰੀ-ਕਾਰਜਾਂ ਵੱਲੋਂ ਪਿੱਠ ਕਰਨ ਵਾਲੇ ਨਿਰਵਰਤੀ ਮਾਰਗ ਦੇ ਉਲਟ ਪਰਵਿਰਤੀ ਮਾਰਗ ਨੂੰ ਅਪਨਾਉਣ ਦੀ ਪ੍ਰੇਰਨਾ ਕੀਤੀ ਤਾਂ ਜੋ ਮਨੁੱਖ, ਸੰਸਾਰੀ ਕਾਰ-ਵਿਹਾਰ ਕਰਦਿਆਂ ਆਪਣਾ ਧਰਮ-ਕਰਮ ਵੀ ਕਰੇ ਜਿਸ ਨਾਲ ਉਸ ਦਾ ਆਤਮਿਕ ਵਿਕਾਸ ਵੀ ਹੁੰਦਾ ਰਹੇ। ਧਰਮ-ਵੰਡ, ਵਰਣ-ਵੰਡ, ਸ਼੍ਰੇਣੀ-ਵੰਡ ਆਦਿ ਨੂੰ ਉਨ੍ਹਾਂ ਪ੍ਰਚੰਡ ਰੂਪ ਵਿਚ ਨਕਾਰਦਿਆਂ ਮਾਨਵ-ਸਾਂਝ ਦੀ ਵਕਾਲਤ ਕੀਤੀ। ਮਾਨਵ-ਜੀਵਨ ਦੇ ਸਦ-ਵਿਗਾਸ ਲਈ ਉਨ੍ਹਾਂ ਦਾ ਨਿਰਧਾਰਤ ੧੦ ਨੁਕਾਤੀ ਪਉੜੀ-ਵਿਧਾਨ ਸਮੁੱਚੀ ਮਾਨਵਤਾ ਨੂੰ ਘਟੀਆ ਸੋਚ ਨੂੰ ਤਿਆਗਣ ਅਤੇ ਉੱਚੇ ਮਨੋਰਥਾਂ ਨੂੰ ਅਪਨਾਉਣ ਹਿਤ ਪ੍ਰੇਰਨਾ ਦਿੰਦਾ ਹੈ। ਜੀਵਨ ਦੀ ਇਹੋ ਘਾੜਤ ਮਨੁੱਖ ਨੂੰ ਪਰਮਅਨੰਦ ਦਿੰਦਿਆਂ ਲੋਕ ਸੁਖੀ ਪ੍ਰਲੋਕ ਸੁਹੇਲਾ ਬਣਾ ਸਕਦੀ ਹੈ। ■

# ਵਿਸ਼ਵਾਸ ਦੀ ਅਜ਼ਾਦੀ ਦੇ ਰੱਖਿਅਕ : ਸ੍ਰੀ ਗੁਰੂ ਤੇਗ ਬਹਾਦਰ ਜੀ

*-ਸ. ਸੁਖਦੇਵ ਸਿੰਘ ਸ਼ਾਂਤ**

ਲੰਮਾਂ ਸਮਾਂ ਦੁਨੀਆ ਵਿਚ ਬਾਦਸ਼ਾਹਾਂ ਦਾ ਪੁਸ਼ਤ-ਦਰ-ਪੁਸ਼ਤ ਰਾਜ ਰਿਹਾ ਹੈ। "ਜੈਸਾ ਰਾਜਾ ਤੈਸੀ ਪਰਜਾ" ਦਾ ਅਖਾਣ ਸ਼ਾਇਦ ਇਸ ਲੰਮੇ ਸਮੇਂ ਦੇ ਬਾਦਸ਼ਾਹੀ ਰਾਜ ਕਰਕੇ ਹੀ ਪ੍ਰਚਲਿਤ ਹੋਇਆ ਹੈ। ਰਾਜੇ ਦਾ ਧਰਮ ਜਨਤਾ ਦਾ ਧਰਮ, ਰਾਜੇ ਦੀ ਬੋਲੀ ਜਨਤਾ ਦੀ ਬੋਲੀ ਅਤੇ ਰਾਜੇ ਦਾ ਸੱਭਿਆਚਾਰ ਜਨਤਾ ਦਾ ਸੱਭਿਆਚਾਰ ਵਰਗੀਆਂ ਗੱਲਾਂ ਪਿੱਛੇ ਰਾਜੇ ਦਾ ਡਰ, ਰਾਜੇ ਤੋਂ ਬਖ਼ਸ਼ੀਸ਼ਾਂ ਦਾ ਲਾਲਚ ਅਤੇ ਰਾਜੇ ਨੂੰ ਖੁਸ਼ ਰੱਖਣ ਦਾ ਮੋਹ ਮਨੁੱਖੀ ਮਨਾਂ ਦੀ ਹੋਣੀ ਬਣ ਚੁੱਕਿਆ ਸੀ। ਇਹ ਇਕ ਗ਼ੁਲਾਮ ਜ਼ਹਿਨੀਅਤ ਸੀ ਜਿਸ ਕਰਕੇ ਇਸ ਕਿਸਮ ਦਾ ਇਕ ਮਜ਼੍ਹਬੀ (Theocratic) ਰਾਜ ਚੱਲਦਾ ਸੀ।

ਬਾਦਸ਼ਾਹਾਂ ਵਿੱਚੋਂ ਵੀ ਕੁਝ ਅਜਿਹੇ ਬਾਦਸ਼ਾਹ ਹੋਏ ਜਿਨ੍ਹਾਂ ਨੇ ਜਨਤਾ ਨੂੰ ਧਰਮ, ਵਿਸ਼ਵਾਸ, ਬੋਲੀ, ਸੱਭਿਆਚਾਰ ਆਦਿ ਦੀ ਕਾਫੀ ਹੱਦ ਤਕ ਸੁਤੰਤਰਤਾ ਦਿੱਤੀ। ਇਸ ਪੱਖੋਂ ਸਮਰਾਟ ਅਸ਼ੋਕ, ਅਕਬਰ ਅਤੇ ਮਹਾਰਾਜਾ ਰਣਜੀਤ ਸਿੰਘ ਵਰਗੇ ਬਾਦਸ਼ਾਹ ਲੋਕਤੰਤਰੀ ਕਦਰਾਂ-ਕੀਮਤਾਂ ਵਿਚ ਵਿਸ਼ਵਾਸ ਰੱਖਦੇ ਸਨ ਅਤੇ ਸਮਝਦੇ ਸਨ ਕਿ ਜਨਤਾ ਦੀਆਂ ਭਾਵਨਾਵਾਂ ਨਾਲ ਧੱਕਾ ਨਹੀਂ ਕਰਨਾ ਚਾਹੀਦਾ। ਇਨ੍ਹਾਂ ਬਾਦਸ਼ਾਹਾਂ ਨੇ ਆਪਣੇ ਤੌਰ 'ਤੇ ਗ਼ੈਰ-ਮਜ਼੍ਹਬੀ (Secular) ਰਾਜ-ਪ੍ਰਬੰਧ ਦੇਣ ਦੀ ਕੋਸ਼ਿਸ਼ ਕੀਤੀ।

ਬਾਦਸ਼ਾਹ ਅਕਬਰ ਨੇ ਸ੍ਰੀ ਗੁਰੂ ਅਮਰਦਾਸ ਜੀ ਦੇ ਦਰਬਾਰ ਦੀ ਹਾਜ਼ਰੀ ਭਰੀ, ਗੁਰੂ-ਘਰ ਵਿਚ ਆ ਕੇ ਪੰਗਤ ਵਿਚ ਬੈਠ ਕੇ ਲੰਗਰ ਛਕਿਆ ਅਤੇ ਲੰਗਰ ਵਾਸਤੇ ਸੇਵਾ ਦੀ ਪੇਸ਼ਕਸ਼ ਵੀ ਕੀਤੀ। ਇਹ ਉਸ ਦੀ ਧਾਰਮਿਕ-ਸਹਿਣਸ਼ੀਲਤਾ ਦੀ ਨੀਤੀ ਸੀ। ਪਰ ਜਹਾਂਗੀਰ ਬਾਦਸ਼ਾਹ ਪਹਿਲੀ ਤਰ੍ਹਾਂ ਦੇ ਬਾਦਸ਼ਾਹਾਂ ਵਿੱਚੋਂ ਸੀ ਜਿਹੜਾ ਚਾਹੁੰਦਾ ਸੀ ਕਿ ਲੋਕ ਉਸ ਦੇ ਮਜ਼੍ਹਬ, ਉਸ ਦੀ ਬੋਲੀ ਅਤੇ ਉਸ ਦੇ ਸੱਭਿਆਚਾਰ ਨੂੰ ਅਪਣਾਉਣ। ਉਹ ਇਹ ਬਿਲਕੁਲ ਨਹੀਂ ਚਾਹੁੰਦਾ ਸੀ ਕਿ ਉਸ ਦੇ ਆਪਣੇ ਹੀ ਮਜ਼੍ਹਬ ਦੇ ਲੋਕ ਗੁਰੂ-ਘਰ ਦੇ ਸ਼ਰਧਾਲੂ ਬਣਨ। ਇਹੀ ਮੁੱਖ ਕਾਰਨ ਸੀ ਜਿਸ ਦੇ ਸਿੱਟੇ ਵਜੋਂ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਹੋਈ।

ਬਾਦਸ਼ਾਹ ਔਰੰਗਜ਼ੇਬ ਜਹਾਂਗੀਰ ਤੋਂ ਵੀ ਦੋ ਕਦਮ ਅੱਗੇ ਸੀ। ਉਹ ਉਨ੍ਹਾਂ ਬਾਦਸ਼ਾਹਾਂ ਵਿੱਚੋਂ ਸੀ ਜਿਹੜੇ "ਰਾਜੇ ਦਾ ਧਰਮ ਜਨਤਾ ਦਾ ਧਰਮ" ਵਿਚ ਪੱਕੀ ਤਰ੍ਹਾਂ ਵਿਸ਼ਵਾਸ ਰੱਖਦੇ ਸਨ। ਉਸ ਦਾ ਵਿਸ਼ਵਾਸ ਸੀ ਕਿ ਜੇ ਰਾਜਾ ਮੁਸਲਮਾਨ ਹੈ ਤਾਂ ਜਨਤਾ ਨੂੰ ਚਾਹੀਦਾ ਹੈ ਕਿ ਉਹ ਸਾਰੀ ਮੁਸਲਮਾਨ ਹੋ ਜਾਵੇ। ਇਸੇ ਕੱਟੜ ਨੀਤੀ ਤਹਿਤ ਉਸ ਨੇ ਗ਼ੈਰ-ਮੁਸਲਮਾਨਾਂ 'ਤੇ ਜਬਰ ਢਾਹੁਣੇ ਸ਼ੁਰੂ ਕਰ ਦਿੱਤੇ। ਡਾ. ਗੰਡਾ

**#8562,Charlotte Court, Avon, Indiana-46123 (U.S.A.) Ph. 001-317-406-0002*

ਸਿੰਘ ਦੁਆਰਾ ਸੰਪਾਦਿਤ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਛਿਮਾਹੀ-ਪੱਤਰ— 'ਦੀ ਪੰਜਾਬ, ਪਾਸਟ ਐਂਡ ਪਰੈਜੈਂਟ' ਦੇ ਅਪ੍ਰੈਲ ੧੯੭੫ ਈ. ਦੇ ਅੰਕ ਵਿਚ ਪ੍ਰੋ. ਅਬਦੁਲ ਮਜ਼ੀਦ ਖਾਨ ਨੇ ਆਪਣੇ ਇਕ ਲੇਖ— 'ਗੁਰੂ ਤੇਗ ਬਹਾਦਰ ਐਂਡ ਰਿਲੀਜੀਅਸ ਫਰੀਡਮ' ਵਿਚ ਦੱਸਿਆ ਹੈ ਕਿ ਭਾਰਤ ਵਿਚ ਔਰੰਗਜ਼ੇਬ ਵੱਲੋਂ ਅਕਬਰ ਅਤੇ ਕੁਝ ਹੋਰ ਮੁਸਲਿਮ ਬਾਦਸ਼ਾਹਾਂ ਦੁਆਰਾ ਅਪਣਾਈ ਹਿੰਦੂ ਧਰਮ ਪ੍ਰਤੀ ਸਹਿਣਸ਼ੀਲਤਾ ਦੀ ਨੀਤੀ ਨੂੰ ਤਿਆਗਣ ਕਰਕੇ ਮੁਗ਼ਲ-ਰਾਜ ਦਾ ਤਖ਼ਤ ਹਿੱਲ ਗਿਆ। ਆਪ ਲਿਖਦੇ ਹਨ : 'At the instance of Aurangzeb, Sher Afgan Khan, The Viceroy of Kashmir started wholesale conversion to Islam of the Pundits living in the beautiful valley of Kashmir, Thousands of the Hindus were compelled to go over to the Muslim faith.' ਧੱਕੇ ਨਾਲ ਧਰਮ-ਬਦਲੀ ਕਰਨ ਦੇ ਇਸ ਜਬਰ ਤੋਂ ਤੰਗ ਆ ਕੇ ਕਸ਼ਮੀਰੀ ਪੰਡਤਾਂ ਦਾ ਇਕ ਵਫ਼ਦ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਪਾਸ ਸਹਾਇਤਾ ਅਤੇ ਅਗਵਾਈ ਲਈ ਪਹੁੰਚਿਆ। ਇਸ ਵਫ਼ਦ ਨੂੰ ਇਸ ਇਤਿਹਾਸਿਕ ਸੱਚਾਈ ਦਾ ਅਹਿਸਾਸ ਸੀ ਕਿ ਗੁਰੂ ਜੀ ਦੇ ਦਾਦਾ ਜੀ ਸ੍ਰੀ ਗੁਰੂ ਅਰਜਨ ਦੇਵ ਜੀ ਜਬਰ ਦਾ ਸ਼ਾਂਤਮਈ ਢੰਗ ਨਾਲ ਟਾਕਰਾ ਕਰਦੇ ਹੋਏ ਮਹਾਨ ਸ਼ਹੀਦੀ ਪਾ ਗਏ ਸਨ ਅਤੇ ਉਨ੍ਹਾਂ ਦੇ ਪਿਤਾ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਮੁਗ਼ਲਾਂ ਦੇ ਜਬਰ ਵਿਰੁੱਧ ਲੜਦਿਆਂ ਲੜਾਈਆਂ ਲੜੀਆਂ ਸਨ। ਜਬਰ ਦਾ ਵਿਰੋਧ ਤਾਂ ਸ੍ਰੀ ਗੁਰੂ ਨਾਨਕ ਦੇਵ ਜੀ ਵੱਲੋਂ ਬਾਬਰ ਅਤੇ ਉਸ ਦੀ ਫੌਜ ਨੂੰ 'ਪਾਪ ਕੀ ਜੰਞ' ਕਹਿਣ ਨਾਲ ਜੀ ਸ਼ੁਰੂ ਹੋ ਚੁੱਕਾ ਸੀ। ਇਸ ਤਰ੍ਹਾਂ ਇਸ ਇਤਿਹਾਸਿਕ ਅਮੀਰ ਪਰੰਪਰਾ ਦੀ ਉਸੇ ਲੜੀ ਵਿਚ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਧਰਮ ਅਤੇ ਵਿਸ਼ਵਾਸ ਦੀ ਅਜ਼ਾਦੀ ਦੀ ਰੱਖਿਆ ਲਈ ਕੁਰਬਾਨੀ ਦੇਣ ਲਈ ਤਿਆਰ ਹੋ ਗਏ। ਗੁਰੂ ਜੀ ਦੀ ਰਚੀ ਬਾਣੀ ਵਿੱਚੋਂ ਵੀ ਉਨ੍ਹਾਂ ਦੀ ਨਿਰਭੈਤਾ ਦੇ ਦਰਸ਼ਨ ਹੁੰਦੇ ਹਨ। ਉਹ ਨਾ ਕਿਸੇ ਨੂੰ ਡਰਾਉਣ ਅਤੇ ਨਾ ਹੀ ਕਿਸੇ ਤੋਂ ਡਰਨ ਦੇ ਸਿਧਾਂਤ ਵਿਚ ਵਿਸ਼ਵਾਸ ਰੱਖਣ ਵਾਲੇ ਸਨ। ਆਪ ਜੀ ਦਾ ਪਵਿੱਤਰ ਫੁਰਮਾਨ ਹੈ:

*ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥*
*ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੨੭)*

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਪਿਤਾ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਮਹਾਨ ਸ਼ਹੀਦੀ ਦਾ ਬਿਆਨ ਕਰਦਿਆਂ ਇਸ ਤਰ੍ਹਾਂ ਫੁਰਮਾਇਆ ਹੈ:

*- ਤਿਲਕ ਜੰਞੂ ਰਾਖਾ ਪ੍ਰਭ ਤਾ ਕਾ ॥ ਕੀਨੋ ਬਡੋ ਕਲੂ ਮਹਿ ਸਾਕਾ ॥*
*ਸਾਧਨ ਹੇਤਿ ਇਤੀ ਜਿਨਿ ਕਰੀ ॥ ਸੀਸੁ ਦੀਆ ਪਰ ਸੀ ਨ ਉਚਰੀ ॥੧੩॥*
*ਧਰਮ ਹੇਤ ਸਾਕਾ ਜਿਨਿ ਕੀਆ ॥ ਸੀਸੁ ਦੀਆ ਪਰ ਸਿਰਰੁ ਨ ਦੀਆ ॥...*

*ਠੀਕਰਿ ਫੋਰਿ ਦਿਲੀਸਿ ਸਿਰਿ ਪ੍ਰਭ ਪੁਰ ਕੀਯਾ ਪਯਾਨ ॥*
*ਤੇਗ ਬਹਾਦਰ ਸੀ ਕ੍ਰਿਆ ਕਰੀ ਨ ਕਿਨਹੂੰ ਆਨਿ ॥੧੫॥*
*ਤੇਗ ਬਹਾਦਰ ਕੇ ਚਲਤ ਭਯੋ ਜਗਤ ਕੋ ਸੋਕ ॥*
*ਹੈ ਹੈ ਹੈ ਸਭ ਜਗ ਭਯੋ ਜੈ ਜੈ ਜੈ ਸੁਰ ਲੋਕ ॥੧੬॥* *(ਬਚਿੱਤ੍ਰ ਨਾਟਕ)*

ਤਿਲਕ ਅਤੇ ਜਨੇਊ ਦੇ ਰਾਖੇ ਤੋਂ ਭਾਵ ਧਰਮ ਅਤੇ ਵਿਸ਼ਵਾਸ ਦੇ ਰੱਖਿਅਕ ਤੋਂ ਹੈ ਕਿਉਂਕਿ ਉਸ ਸਮੇਂ ਇਹ ਚੀਜ਼ਾਂ ਲੁਹਾਈਆਂ ਜਾ ਰਹੀਆਂ ਸਨ, ਇਸ ਕਰਕੇ ਇਨ੍ਹਾਂ ਦਾ ਜ਼ਿਕਰ ਹੋਇਆ ਹੈ। ਜੇਕਰ ਕੋਈ ਹੋਰ ਧਾਰਮਿਕ ਚਿੰਨ੍ਹ ਜਾਂ ਵਿਸ਼ਵਾਸ ਦੇ ਚਿੰਨ੍ਹ ਕਿਤੇ ਜਬਰੀ ਲੁਹਾਏ ਜਾਂਦੇ ਤਾਂ ਧਰਮ ਦੇ ਰੱਖਿਅਕ ਉਨ੍ਹਾਂ ਦੀ ਵੀ ਰੱਖਿਆ ਕਰਦੇ। 'ਧਰਮ' ਸ਼ਬਦ ਬਹੁਤ ਹੀ ਵਿਸ਼ਾਲਤਾ ਵਾਲਾ ਸ਼ਬਦ ਹੈ। ਇਹ ਸ਼ਬਦ ਆਪਣੇ-ਆਪ ਵਿਚ ਹੀ ਸੱਚ, ਨਿਆਂ, ਅਜ਼ਾਦੀ, ਬਰਾਬਰੀ, ਮਾਨਵਵਾਦ, ਇਨਸਾਨੀਅਤ ਜਿਹੇ ਮਹਾਨ ਗੁਣਾਂ ਨੂੰ ਸਮੋਈ ਬੈਠਾ ਹੈ। ਜਿੱਥੇ ਧਰਮ ਹੈ, ਉੱਥੇ ਜਬਰ ਹੋ ਹੀ ਨਹੀਂ ਸਕਦਾ। ਜੇਕਰ ਔਰੰਗਜ਼ੇਬ ਬਾਦਸ਼ਾਹ ਸਹੀ ਅਰਥਾਂ ਵਿਚ ਇਸਲਾਮ ਨੂੰ ਸਮਝਦਾ ਹੁੰਦਾ ਤਾਂ ਉਹ ਕਦੇ ਵੀ ਅਜਿਹੇ ਜ਼ੁਲਮ ਨਹੀਂ ਕਰ ਸਕਦਾ ਸੀ। ਦੁਨੀਆ ਦੇ ਸਾਰੇ ਧਰਮ ਗ੍ਰੰਥ ਸੱਚ ਅਤੇ ਮਾਨਵਤਾ ਦਾ ਪਾਠ ਪੜ੍ਹਾਉਂਦੇ ਹਨ। ਧਰਮ ਤਾਂ ਪ੍ਰੇਮ ਨਾਲ ਭਰਪੂਰ ਹੁੰਦਾ ਹੈ। ਧਰਮ ਦਾ ਨਫ਼ਰਤ ਨਾਲ ਕੋਈ ਦੂਰ ਦਾ ਵੀ ਸੰਬੰਧ ਨਹੀਂ ਹੁੰਦਾ। ਔਰੰਗਜ਼ੇਬ ਨੂੰ ਲਿਖੇ ਪੱਤਰ 'ਜ਼ਫ਼ਰਨਾਮਾ' ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਨੇ ਬੜਾ ਸਪੱਸ਼ਟ ਲਿਖਿਆ ਹੈ:

*ਨਾ ਈਮਾਂ ਪਰਸਤੀ ਨ ਅਉਜ਼ਾੱਇ ਦੀਂ।*
*ਨ ਸਾਹਿਬ ਸ਼ਨਾਸੀ ਨ ਮੁਹੱਮਦ ਯਕੀਂ॥੪੬॥*

'ਔਰੰਗਜ਼ੇਬ! ਨਾ ਤੂੰ ਦੀਨ ਈਮਾਨ ਉੱਤੇ ਕਾਇਮ ਹੈਂ ਤੇ ਨਾ ਹੀ ਤੂੰ ਸ਼ਰ੍ਹਾ-ਸ਼ਰ੍ਹੀਅਤ ਦਾ ਪਾਬੰਦ ਹੈਂ। ਨਾ ਤੈਨੂੰ ਪਰਮਾਤਮਾ ਦੀ ਪਛਾਣ ਹੈ ਅਤੇ ਨਾ ਹੀ ਤੇਰਾ ਹਜ਼ਰਤ ਮੁਹੰਮਦ ਸਾਹਿਬ ਉੱਤੇ ਹੀ ਭਰੋਸਾ ਹੈ।' ਇਸ ਪੱਤਰ ਵਿਚ ਥਾਂ-ਥਾਂ ਗੁਰੂ ਸਾਹਿਬ ਜੀ ਨੇ ਔਰੰਗਜ਼ੇਬ ਨੂੰ ਪਵਿੱਤਰ ਕੁਰਾਨ ਦੀਆਂ ਕਸਮਾਂ ਤੋੜਨ ਵਾਲਾ ਅਤੇ ਧੋਖੇਬਾਜ਼ ਲਿਖਿਆ ਹੈ। ਉਸ ਨੂੰ ਸੱਚੇ ਧਰਮ ਤੋਂ ਦੂਰ ਦੱਸਿਆ ਹੈ।

ਔਰੰਗਜ਼ੇਬ ਬਾਦਸ਼ਾਹ ਦੀ ਨੀਤੀ ਕੱਟੜਤਾ ਵਾਲੀ ਅਤੇ ਦੂਜਿਆਂ ਨੂੰ ਆਪਣਾ ਗ਼ੁਲਾਮ ਬਣਾ ਕੇ ਰੱਖਣ ਵਾਲੀ ਸੀ। ਇਹ ਨੀਤੀ ਬੁਨਿਆਦੀ ਤੌਰ 'ਤੇ ਹੀ ਧਰਮ ਅਤੇ ਵਿਸ਼ਵਾਸ ਦੀ ਅਜ਼ਾਦੀ ਦੇ ਵਿਰੁੱਧ ਸੀ। ਇਸ ਲਈ ਸ੍ਰੀ ਗੁਰੂ ਤੇਗ ਬਹਾਦਰ ਜੀ ਵੱਲੋਂ ਇਸ ਨੀਤੀ ਦਾ ਵਿਰੋਧ ਸੁਭਾਵਿਕ ਹੀ ਸੀ ਅਤੇ ਆਪ ਜੀ ਨੇ ਇਸ ਜਬਰ ਭਰੀ ਨੀਤੀ ਦਾ ਵਿਰੋਧ ਕਰਦੇ ਹੋਏ ਦ੍ਰਿੜ੍ਹਤਾ ਅਤੇ ਸਿਰੜ ਨੂੰ ਕਾਇਮ ਰੱਖਦੇ ਹੋਏ ਧਰਮ ਦੀ ਰੱਖਿਆ ਲਈ ਆਪਣਾ ਸੀਸ ਦੇ ਦਿੱਤਾ। ਔਰੰਗਜ਼ੇਬ ਦੀ ਕਠੋਰ ਨੀਤੀ ਅੱਗੇ ਉਹ ਬਿਲਕੁਲ ਨਹੀਂ ਝੁਕੇ।

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਸ਼ਹੀਦ ਕਰਨ ਤੋਂ ਪਹਿਲਾਂ ਉਨ੍ਹਾਂ ਦੇ ਨਾਲ

ਗਏ ਗੁਰਸਿੱਖਾਂ ਨੂੰ ਉਨ੍ਹਾਂ ਦੇ ਸਾਹਮਣੇ ਬੇਦਰਦੀ ਨਾਲ ਸ਼ਹੀਦ ਕੀਤਾ ਗਿਆ। ਜਿੰਨੀ ਬੇਦਰਦੀ ਨਾਲ ਇਨ੍ਹਾਂ ਗੁਰਸਿੱਖਾਂ ਨੂੰ ਇਹ ਸਜ਼ਾਵਾਂ ਦਿੱਤੀਆਂ ਗਈਆਂ, ਓਨੀ ਬੇਦਰਦੀ ਤਾਂ ਸ਼ਾਇਦ ਸ਼ੈਤਾਨ ਵੀ ਨਾ ਕਰ ਸਕਦਾ। ਏਨੇ ਤਸੀਹੇ ਦੇਣ ਦੇ ਹੁਕਮ ਕਰਨ ਵਾਲਾ ਬਾਦਸ਼ਾਹ ਔਰੰਗਜ਼ੇਬ ਖੁਦ ਕਿਵੇਂ ਧਰਮ ਦਾ ਪੱਕਾ ਕਹਾ ਸਕਦਾ ਹੈ? ਕਿਵੇਂ ਉਸ ਨੂੰ ਪਵਿੱਤਰ ਕੁਰਾਨ ਦੀ ਸਿੱਖਿਆ 'ਤੇ ਚੱਲਣ ਵਾਲਾ ਮੰਨਿਆ ਜਾ ਸਕਦਾ ਹੈ? ਧੰਨ ਹਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਜਿਹੜੇ ਫਿਰ ਵੀ ਔਰੰਗਜ਼ੇਬ ਨੂੰ 'ਜ਼ਫ਼ਰਨਾਮਾ' ਵਿਚ ਸਹੀ ਰਸਤੇ 'ਤੇ ਆਉਣ ਦਾ ਸੰਦੇਸ਼ ਦਿੰਦੇ ਹਨ। ਉਸ ਨੂੰ ਸੱਚ, ਨਿਆਂ, ਈਮਾਨ ਅਤੇ ਧਰਮ 'ਤੇ ਚੱਲਣ ਲਈ ਕਹਿੰਦੇ ਹਨ। ਉਸ ਨੂੰ ਇਸਲਾਮ ਦੇ ਸਹੀ ਨਿਯਮ ਸਮਝਾਉਂਦੇ ਹਨ। ਉਸ ਨੂੰ ਅੱਲ੍ਹਾ ਦੇ ਰਹਿਮ ਦੇ ਗੁਣ ਦੱਸਦੇ ਹਨ।

ਸੱਚ ਅਤੇ ਧਰਮ ਲਈ ਸਿਰ ਦੇਣ ਦੀ ਗੱਲ ਤਾਂ ਸ੍ਰੀ ਗੁਰੂ ਨਾਨਕ ਦੇਵ ਜੀ ਖੁਦ ਹੀ ਲਿਖ ਗਏ ਸਨ। ਸੱਚ ਅਤੇ ਧਰਮ ਦੀ ਅਜ਼ਾਦੀ ਲਈ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਆਪਣਾ ਸੀਸ ਦੇ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਵਿੱਤਰ ਸ਼ਬਦਾਂ ਨੂੰ ਅਮਲੀ ਰੂਪ ਦੇ ਦਿੱਤਾ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪਵਿੱਤਰ ਫੁਰਮਾਨ ਹੈ:

*ਜਉ ਤਉ ਪ੍ਰੇਮ ਖੇਲਣ ਕਾ ਚਾਉ॥ ਸਿਰੁ ਧਰਿ ਤਲੀ ਗਲੀ ਮੇਰੀ ਆਉ॥*
*ਇਤੁ ਮਾਰਗਿ ਪੈਰੁ ਧਰੀਜੈ॥ ਸਿਰੁ ਦੀਜੈ ਕਾਣਿ ਨ ਕੀਜੈ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੧੨)*

ਪ੍ਰੋ. ਅਬਦੁਲ ਮਜੀਦ ਖਾਨ ਨੇ ਬੜੇ ਹੀ ਸੁੰਦਰ ਸ਼ਬਦਾਂ ਵਿਚ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹੀਦੀ ਨੂੰ ਲੋਕਤੰਤਰੀ ਕਦਰਾਂ-ਕੀਮਤਾਂ ਅਤੇ ਧਾਰਮਿਕ ਅਜ਼ਾਦੀ ਦੀ ਰੱਖਿਆ ਲਈ ਮਹਾਨ ਸ਼ਹਾਦਤ ਦੱਸਦੇ ਹਨ।

ਸੱਚਮੁਚ ਹੀ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਧਰਮ ਦੀ ਅਜ਼ਾਦੀ, ਵਿਸ਼ਵਾਸ ਦੀ ਅਜ਼ਾਦੀ, ਜੀਣ ਦੀ ਅਜ਼ਾਦੀ, ਸੱਭਿਆਚਾਰ ਦੀ ਅਜ਼ਾਦੀ, ਭਾਸ਼ਾ ਅਤੇ ਵਿਚਾਰਾਂ ਦੀ ਅਜ਼ਾਦੀ ਅਤੇ ਰਹਿਣ-ਸਹਿਣ ਦੀ ਅਜ਼ਾਦੀ ਦੀ ਰੱਖਿਆ ਖ਼ਾਤਰ ਮਹਾਨ ਕੁਰਬਾਨੀ ਦਿੱਤੀ। ਅਜ਼ਾਦੀ ਦੀਆਂ ਇਨ੍ਹਾਂ ਮਹਾਨ ਕਦਰਾਂ-ਕੀਮਤਾਂ ਦੀਆਂ ਨੀਹਾਂ ਨੂੰ ਪੱਕਾ ਕਰਨ ਵਿਚ ਗੁਰੂ ਜੀ ਅਤੇ ਉਨ੍ਹਾਂ ਦੇ ਮਹਾਨ ਗੁਰਸਿੱਖਾਂ ਨੇ ਸ਼ਹਾਦਤ ਦੇ ਕੇ ਮਹਾਨ ਯੋਗਦਾਨ ਪਾਇਆ। ਆਧੁਨਿਕ ਯੁੱਗ ਵਿਚ ਅਜ਼ਾਦੀ ਦੀਆਂ ਇਨ੍ਹਾਂ ਭਾਵਨਾਵਾਂ ਦੀ ਕੀਮਤ ਹੋਰ ਵੀ ਵਧ ਚੁੱਕੀ ਹੈ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਮਹਾਨ ਸ਼ਹਾਦਤ ਲਈ ਮਨੁੱਖਤਾ ਉਨ੍ਹਾਂ ਦੀ ਸਦਾ ਲਈ ਰਿਣੀ ਰਹੇਗੀ। ■

*ਅਗਸਤ ੨੦੨੨ ਦਾ ਬਾਕੀ*

# ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਚਰਨ-ਛੋਹ ਪ੍ਰਾਪਤ ਅਸਥਾਨ

*-ਡਾ. ਪਰਮਵੀਰ ਸਿੰਘ**

## ਨਵਾਂ ਸ਼ਹਿਰ

**੧. ਗੁਰਦੁਆਰਾ ਮੰਜੀ ਸਾਹਿਬ ਜੀ ਪਾਤਸ਼ਾਹੀ ਨੌਵੀਂ:** ਨਵਾਂ ਸ਼ਹਿਰ ਦੇ ਬੱਸ ਸਟੈਂਡ ਤੋਂ ਲਗ-ਪਗ ਇਕ ਕਿਲੋਮੀਟਰ ਦੀ ਦੂਰੀ 'ਤੇ ਸਥਿਤ ਇਸ ਅਸਥਾਨ 'ਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਚਰਨ ਪਾਏ ਸਨ। ਗੁਰੂ ਜੀ ਨੇ ਇਸ ਅਸਥਾਨ 'ਤੇ ਪਰਵਾਰ ਸਮੇਤ ਕੁਝ ਦਿਨ ਨਿਵਾਸ ਕੀਤਾ ਸੀ। ਇੱਥੇ ਨਿਵਾਸ ਦੌਰਾਨ ਗੁਰੂ ਜੀ ਨੇ ਇਕ ਖੂਹ ਲਵਾਇਆ ਸੀ ਜਿਹੜਾ ਕਿ ਹੁਣ ਤਕ ਮੌਜੂਦ ਹੈ। ਗੁਰੂ ਸਾਹਿਬ ਦੀ ਯਾਦ ਵਿਚ ਇੱਥੇ ਗੁਰਦੁਆਰਾ ਮੰਜੀ ਸਾਹਿਬ ਜੀ ਪਾਤਸ਼ਾਹੀ ਨੌਵੀਂ ਸੁਸ਼ੋਭਿਤ ਹੈ। ਮਿਸਲ ਸ਼ਹੀਦਾਂ ਤਰਨਾ ਦਲ ਹਰੀਆਂ ਬੇਲਾਂ ਦੇ ਮੁਖੀ ਬਾਬਾ ਨਿਹਾਲ ਸਿੰਘ ਦੀ ਅਗਵਾਈ ਵਿਚ ਨਿਹੰਗ ਸਿੰਘਾਂ ਵੱਲੋਂ ਇਸ ਗੁਰਧਾਮ ਦੀ ਬਾਖੂਬੀ ਸੇਵਾ-ਸੰਭਾਲ ਕੀਤੀ ਜਾ ਰਹੀ ਹੈ। ਸੰਨ ੨੦੧੫ ਤੋਂ ਇਸ ਅਸਥਾਨ ਦੇ ਮੁੱਖ ਸੇਵਾਦਾਰ ਵਜੋਂ ਸੇਵਾ ਨਿਭਾ ਰਹੇ ਬਾਬਾ ਨਾਰੰਗ ਸਿੰਘ ਜੀ ਨੇ ਦੱਸਿਆ ਕਿ ਵੈਦ ਗੁਰਚਰਨ ਸਿੰਘ ਰੁੜਕੀ ਨੇ ਬਾਬਾ ਭਗਤ ਸਿੰਘ ਜੀ, ਗਲਾਸ ਵਾਲੇ ਨਿਹੰਗ ਸਿੰਘ ਵਜੋਂ ਪ੍ਰਸਿੱਧ, ਨੂੰ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਇਸ ਅਸਥਾਨ 'ਤੇ ਚਰਨ ਪਾਉਣ ਦੀ ਜਾਣਕਾਰੀ ਦਿੱਤੀ ਸੀ। ਬਾਬਾ ਭਗਤ ਸਿੰਘ ਜੀ ਨੇ ਪਹਿਲਾਂ ਇੱਥੇ ਇਕ ਕਮਰਾ ਅਤੇ ਛੰਨ ਬਣਵਾਈ ਸੀ। ੧੯੭੧ ਈ. ਵਿਚ ੭੫ ਸਾਲ ਦੀ ਉਮਰ ਵਿਚ ਅਕਾਲ ਚਲਾਣਾ ਕਰ ਜਾਣ ਤੋਂ ਪਹਿਲਾਂ ਇਨ੍ਹਾਂ ਨੇ ਇਹ ਅਸਥਾਨ ਤਰਨਾ ਦਲ ਹਰੀਆਂ ਬੇਲਾਂ ਦੀ ਸੇਵਾ ਦੇ ਸਪੁਰਦ ਕਰ ਦਿੱਤਾ ਸੀ। ਉਸ ਸਮੇਂ ਤੋਂ ਹੀ ਇਹ ਅਸਥਾਨ ਇਸ ਜਥੇਬੰਦੀ ਦੇ ਪ੍ਰਬੰਧ ਅਧੀਨ ਹੈ। ਬਾਬਾ ਟਹਿਲ ਸਿੰਘ ਜੀ ਤੋਂ ਬਾਅਦ ਬਾਬਾ ਖੜਕ ਸਿੰਘ ਜੀ, ਬਾਬਾ ਹਰਭਜਨ ਸਿੰਘ ਜੀ ਅਤੇ ਬਾਬਾ ਗੁਰਮੀਤ ਸਿੰਘ ਜੀ ਇੱਥੇ ਸੇਵਾ ਕਰਦੇ ਰਹੇ ਹਨ।

੧੯੮੦ ਈ. ਵਿਚ ਬਾਬਾ ਨਿਹਾਲ ਸਿੰਘ ਜੀ ਨੇ ਇਸ ਅਸਥਾਨ 'ਤੇ ਮੌਜੂਦਾ ਇਮਾਰਤ ਦੀ ਉਸਾਰੀ ਕਰਵਾਈ ਸੀ। ਇਸ ਅਸਥਾਨ 'ਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਗੁਰਪੁਰਬ ਅਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਸ਼ਹੀਦੀ ਗੁਰਪੁਰਬ ਮਨਾਇਆ ਜਾਂਦਾ ਹੈ। ਬਾਬਾ ਭਗਤ ਸਿੰਘ ਜੀ ਅਤੇ ਬਾਬਾ ਟਹਿਲ ਸਿੰਘ ਜੀ ਦੀ ਬਰਸੀ ਵੀ ਮਨਾਈ ਜਾਂਦੀ ਹੈ। ਲਗ-ਪਗ ਢਾਈ ਏਕੜ ਜ਼ਮੀਨ ਵਿੱਚੋਂ ਛੇ ਕਨਾਲ 'ਤੇ ਦਰਬਾਰ ਹਾਲ, ਲੰਗਰ ਹਾਲ, ੧੫ ਕਮਰੇ ਅਤੇ ਇਤਿਹਾਸਿਕ ਖੂਹ ਮੌਜੂਦ ਹਨ ਅਤੇ ਬਾਕੀ ਜ਼ਮੀਨ 'ਤੇ ਖੇਤੀ ਕੀਤੀ ਜਾਂਦੀ ਹੈ। ਨਵੇਂ ਲੰਗਰ ਹਾਲ

**ਮੁਖੀ, ਸਿੱਖ ਵਿਸ਼ਵਕੋਸ਼ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ- ੧੪੭੦੦੨; ਮੋ: +੯੧੯੮੭੨੦-੭੪੩੨੨*

ਦੀ ਕਾਰ ਸੇਵਾ ਚੱਲ ਰਹੀ ਹੈ ਜਿਸ ਦੀ ਬੇਸਮੈਂਟ ਤਿਆਰ ਹੋ ਗਈ ਹੈ।

**੨. ਦੁਰਗਾਪੁਰ :** ਨਵਾਂ ਸ਼ਹਿਰ ਦੇ ਵਿਚ ਹੀ ਮੌਜੂਦ ਇਹ ਅਸਥਾਨ ਗੁਰਦੁਆਰਾ ਮੰਜੀ ਸਾਹਿਬ ਤੋਂ ਲਗ-ਪਗ ੨ ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੀ ਯਾਦ ਵਿਚ ਇੱਥੇ ਗੁਰਦੁਆਰਾ ਪਾਤਸ਼ਾਹੀ ਛੇਵੀਂ ਸੁਸ਼ੋਭਿਤ ਹੈ। ਸਥਾਨਿਕ ਪਰੰਪਰਾ ਦੱਸਦੀ ਹੈ ਕਿ ਕਰਤਾਰਪੁਰ ਦੀ ਜੰਗ ਫਤਿਹ ਕਰ ਕੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਇਸ ਅਸਥਾਨ 'ਤੇ ਆਏ ਤਾਂ ਮਾਤਾ ਨਾਨਕੀ ਜੀ, ਬਾਬਾ ਗੁਰਦਿੱਤਾ ਜੀ, ਸ੍ਰੀ ਹਰਿਰਾਇ ਜੀ ਅਤੇ ਸ੍ਰੀ ਤੇਗ ਬਹਾਦਰ ਜੀ ਵੀ ਉਨ੍ਹਾਂ ਦੇ ਨਾਲ ਸਨ। ਗੁਰਿਆਈ ਧਾਰਨ ਕਰਨ ਤੋਂ ਬਾਅਦ ਦੂਜੀ ਵਾਰੀ ਸ੍ਰੀ ਗੁਰੂ ਤੇਗ ਬਹਾਦਰ ਜੀ ਮੰਜੀ ਸਾਹਿਬ ਤੋਂ ਇੱਥੇ ਆਏ ਸਨ। ਮੌਜੂਦਾ ਇਮਾਰਤ ਦੀ ਕਾਰ-ਸੇਵਾ ਇਕ ਸਾਲ ਪਹਿਲਾਂ ਸੰਤ ਬਾਬਾ ਸੁੱਚਾ ਸਿੰਘ ਕਿਲ੍ਹਾ ਅਨੰਦਗੜ੍ਹ ਸਾਹਿਬ, ਸ੍ਰੀ ਅਨੰਦਪੁਰ ਸਾਹਿਬ ਵਾਲਿਆਂ ਨੇ ਅਰੰਭ ਕੀਤੀ ਸੀ ਅਤੇ ਪੁਰਾਣੇ ਲੰਗਰ ਹਾਲ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਹੋਇਆ ਹੈ। ਲਗ-ਪਗ ਦੋ ਏਕੜ ਜ਼ਮੀਨ 'ਤੇ ਉਸਾਰੀ ਅਧੀਨ ਨਵਾਂ ਦਰਬਾਰ ਹਾਲ, ਪੁਰਾਣਾ ਲੰਗਰ ਹਾਲ ਅਤੇ ਇਕ ਪਾਰਕ ਆਦਿ ਮੌਜੂਦ ਹਨ। ਇਸ ਤੋਂ ਇਲਾਵਾ ੬ ਏਕੜ ਵਾਹੀ ਯੋਗ ਜ਼ਮੀਨ ਠੇਕੇ 'ਤੇ ਦਿੱਤੀ ਜਾਂਦੀ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਇਸ ਦੀ ਸੇਵਾ-ਸੰਭਾਲ ਕੀਤੀ ਜਾਂਦੀ ਹੈ ਅਤੇ ਇਹ ਗੁਰਧਾਮ ਗੁਰਦੁਆਰਾ ਚਰਨ ਕਮਲ ਸਾਹਿਬ ਜੀਂਦੋਵਾਲ ਨਾਲ ਅਟੈਚ ਹੈ। ੨੨-੨੩ ਹਾੜ੍ਹ ਨੂੰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਇਸ ਨਗਰ ਵਿਖੇ ਆਗਮਨ ਦਿਵਸ ਮਨਾਇਆ ਜਾਂਦਾ ਹੈ।

### ਜ਼ਿਲ੍ਹਾ ਜਲੰਧਰ

ਜਲੰਧਰ ਪੰਜਾਬ ਦਾ ਇਕ ਪੁਰਾਤਨ ਨਗਰ ਹੈ। ਸਤਲੁਜ ਅਤੇ ਬਿਆਸ ਦਰਿਆਵਾਂ ਦੇ ਵਿਚਕਾਰ ਹੋਣ ਕਰਕੇ ਇਸ ਨੂੰ ਜਲੰਧਰ-ਦੁਆਬ ਵੀ ਕਿਹਾ ਜਾਂਦਾ ਹੈ। ਮੁਗ਼ਲਾਂ, ਅਫ਼ਗਾਨਾਂ ਅਤੇ ਸਿੱਖ ਸਰਦਾਰਾਂ ਅਧੀਨ ਰਹਿਣ ਉਪਰੰਤ ਇਹ ਅੰਗਰੇਜ਼ਾਂ ਕੋਲ ਆਇਆ। ਭਾਰਤ-ਪਾਕਿ ਵੰਡ ਤੋਂ ਬਾਅਦ ਪੰਜਾਬ ਦਾ ਇਹ ਪ੍ਰਸਿੱਧ ਨਗਰ ਦਿੱਲੀ-ਅੰਮ੍ਰਿਤਸਰ ਮਾਰਗ 'ਤੇ ਰੇਲ ਅਤੇ ਸੜਕੀ ਆਵਾਜਾਈ ਨਾਲ ਜੁੜਿਆ ਹੋਇਆ ਹੈ। ਇਸ ਜ਼ਿਲ੍ਹੇ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਅਰਜਨ ਦੇਵ ਜੀ, ਸ੍ਰੀ ਗੁਰੂ ਹਰਿਗੋਬਿੰਦ ਜੀ, ਸ੍ਰੀ ਗੁਰੂ ਹਰਿਰਾਇ ਜੀ ਅਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਚਰਨ-ਛੋਹ ਪ੍ਰਾਪਤ ਅਸਥਾਨ ਮੌਜੂਦ ਹਨ। ਸ੍ਰੀ ਗੁਰੂ ਤੇਗ ਬਹਾਦਰ ਜੀ ਨਾਲ ਸੰਬੰਧਿਤ ਇਹ ਗੁਰਧਾਮ ਇਸ ਜ਼ਿਲ੍ਹੇ ਵਿਚ ਮਿਲਦੇ ਹਨ:

**ਹਜਾਰਾ:** ਜਲੰਧਰ-ਹੁਸ਼ਿਆਰਪੁਰ ਸੜਕ 'ਤੇ ਜਲੰਧਰ ਤੋਂ ੬ ਕਿਲੋਮੀਟਰ ਦੀ ਦੂਰੀ 'ਤੇ ਇਹ ਅਸਥਾਨ ਮੌਜੂਦ ਹੈ ਜਿਹੜਾ ਕਿ ਜਲੰਧਰ ਵਿਚ ਹੀ ਸ਼ਾਮਲ ਹੋ ਗਿਆ ਹੈ। ਇੱਥੇ ਸੁਸ਼ੋਭਿਤ ਗੁਰਦੁਆਰਾ ਥੜ੍ਹਾ ਸਾਹਿਬ ਪਾਤਸ਼ਾਹੀ ਨੌਵੀਂ ਸ੍ਰੀ ਗੁਰੂ ਤੇਗ ਬਹਾਦਰ

ਜੀ ਦੀ ਯਾਦ ਦਿਵਾਉਂਦਾ ਹੈ। ਬਾਬਾ ਬਕਾਲਾ ਤੋਂ ਗੁਰੂ ਜੀ ਨੇ ਇਸ ਅਸਥਾਨ 'ਤੇ ਆ ਕੇ ਇੱਟਾਂ ਦੇ ਬਣੇ ਹੋਏ ਥੜ੍ਹੇ 'ਤੇ ਆਸਣ ਲਾਇਆ ਤਾਂ ਨੇੜੇ ਹੀ ਪਸ਼ੂ ਚਰਾ ਰਹੇ ਬਾਬਾ ਰਣ ਜੀ ਨੇ ਇਨ੍ਹਾਂ ਦੇ ਦਰਸ਼ਨ ਕੀਤੇ ਸਨ। ਗੁਰੂ ਜੀ ਇੱਥੇ ਸੰਘਣੀ ਵੱਸੋਂ ਦਾ ਬਚਨ ਕਰ ਕੇ ਅੱਗੇ ਚਲੇ ਗਏ ਸਨ। ਗੁਰੂ ਜੀ ਦੇ ਜਾਣ ਤੋਂ ਬਾਅਦ ਬਾਬਾ ਰਣ ਜੀ ਉਸੇ ਥੜ੍ਹੇ ਕੋਲ ਬੈਠ ਕੇ ਬੰਦਗੀ ਕਰਨ ਲੱਗੇ ਸਨ। ਥੜ੍ਹਾ ਸਾਹਿਬ ਦੇ ਰੂਪ ਵਿਚ ਇਹ ਅਸਥਾਨ ਮੌਜੂਦ ਸੀ। ਅਠਾਰ੍ਹਵੀਂ ਸਦੀ ਵਿਚ ਸਿੱਖ ਸੰਕਟ ਦੇ ਦੌਰ ਵਿੱਚੋਂ ਬਾਹਰ ਨਿਕਲੇ ਤਾਂ ਗੁਰਧਾਮਾਂ ਦੀ ਸੇਵਾ-ਸੰਭਾਲ ਦਾ ਕਾਰਜ ਅਰੰਭ ਹੋਇਆ। ਗੁਰਦੁਆਰਾ ਸਾਹਿਬ ਦੇ ਮੈਨੇਜਰ ਸ. ਅਵਤਾਰ ਸਿੰਘ ਨੇ ਦੱਸਿਆ ਕਿ ਇੱਥੇ ਮੌਜੂਦ ਪੁਰਾਤਨ ਥੜ੍ਹਾ ਸਾਹਿਬ ਦੇ ਨਾਲ ਹੀ ਬਣੇ ਹੋਏ ਨਵੇਂ ਦਰਬਾਰ ਹਾਲ ਦੀ ਉਸਾਰੀ ਲਗ-ਪਗ ੬੦ ਸਾਲ ਪਹਿਲਾਂ ਹੋ ਗਈ ਸੀ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਐਕਟ ੧੯੨੫ ਦੀ ਧਾਰਾ ੮੭ ਅਧੀਨ ਸਥਾਨਿਕ ਕਮੇਟੀ ਇਸ ਦਾ ਪ੍ਰਬੰਧ ਚਲਾ ਰਹੀ ਹੈ। ਪਹਿਲਾਂ ਇੱਥੇ ਭਾਈ ਦਲ ਸਿੰਘ, ਭਾਈ ਮੱਲ ਸਿੰਘ ਆਦਿ ਮਹੰਤ ਸੇਵਾ ਕਰਦੇ ਰਹੇ ਹਨ ਅਤੇ ੧੯੨੮ ਵਿਚ ਇਨ੍ਹਾਂ ਤੋਂ ਇਸ ਗੁਰਧਾਮ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਧੀਨ ਚਲਾ ਗਿਆ ਸੀ। ਲਗ-ਪਗ ਢਾਈ ਏਕੜ ਜ਼ਮੀਨ 'ਤੇ ਦਰਬਾਰ ਹਾਲ, ਲੰਗਰ ਹਾਲ, ਸਰੋਵਰ ਅਤੇ ਬਾਬਾ ਰਣ ਸਿੰਘ ਜੀ ਦਾ ਅਸਥਾਨ ਬਣਿਆ ਹੋਇਆ ਹੈ। ੩੫ ਏਕੜ ਵਾਹੀ ਯੋਗ ਜ਼ਮੀਨ ਠੇਕੇ 'ਤੇ ਦਿੱਤੀ ਜਾਂਦੀ ਹੈ। ਇਸ ਤੋਂ ਇਲਾਵਾ ਜਲੰਧਰ ਦੇ ਦੇਵੀ ਤਲਾਬ ਮੰਦਰ ਕੋਲ ਗੁਰਦੁਆਰਾ ਸਾਹਿਬ ਦੀਆਂ ੨੨ ਦੁਕਾਨਾਂ ਹਨ।

**ਕਰਤਾਰਪੁਰ:** ਕਰਤਾਰਪੁਰ ਨਾਂ ਦੇ ਦੋ ਨਗਰ ਸਿੱਖ ਇਤਿਹਾਸ ਵਿਚ ਪ੍ਰਸਿੱਧ ਹਨ। ਪਹਿਲਾ ਨਗਰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਰਾਵੀ ਦਰਿਆ ਦੇ ਕੰਢੇ ਵਸਾਇਆ ਸੀ ਅਤੇ ਦੂਜਾ ਨਗਰ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਜਲੰਧਰ ਨੇੜੇ ਸਥਾਪਿਤ ਕੀਤਾ ਸੀ। ਜਲੰਧਰ ਨੇੜਲੇ ਕਰਤਾਰਪੁਰ ਵਿਖੇ ਸ੍ਰੀ ਗੁਰੂ ਅਰਜਨ ਦੇਵ ਜੀ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਅਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਨਾਲ ਸੰਬੰਧਿਤ ਗੁਰਧਾਮ ਪ੍ਰਮੁੱਖ ਤੌਰ 'ਤੇ ਸੁਸ਼ੋਭਿਤ ਹਨ। ਇਸੇ ਨਗਰ ਵਿਖੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਜਲੰਧਰ ਦੇ ਫ਼ੌਜਦਾਰ ਅਤੇ ਪੈਂਦੇ ਖ਼ਾਨ ਨਾਲ ਯੁੱਧ ਹੋਇਆ ਜਿਸ ਵਿਚ ਸ੍ਰੀ (ਗੁਰੂ) ਤੇਗ ਬਹਾਦਰ ਜੀ ਨੇ ਹਿੱਸਾ ਲੈ ਕੇ ਬਹਾਦਰੀ ਦੇ ਜੌਹਰ ਦਿਖਾਏ ਸਨ। ਮਾਤਾ ਗੁਜਰੀ ਜੀ ਨਾਲ ਸ੍ਰੀ (ਗੁਰੂ) ਤੇਗ ਬਹਾਦਰ ਜੀ ਦੇ ਵਿਆਹ ਦੀ ਯਾਦ ਵਿਚ ਇੱਥੇ ਗੁਰਦੁਆਰਾ ਵਿਆਹ ਅਸਥਾਨ ਸ੍ਰੀ ਗੁਰੂ ਤੇਗ ਬਹਾਦਰ ਜੀ ਅਤੇ ਮਾਤਾ ਗੁਜਰੀ ਜੀ ਸੁਸ਼ੋਭਿਤ ਹੈ। ੧੯੭੭ ਵਿਚ ਬਾਬਾ ਉੱਤਮ ਸਿੰਘ ਜੀ ਖਡੂਰ ਸਾਹਿਬ ਵਾਲਿਆਂ ਨੇ ਇਸ ਗੁਰਧਾਮ ਦੀ ਸੇਵਾ-ਸੰਭਾਲ ਅਰੰਭ ਕੀਤੀ ਸੀ। ਪੁਰਾਣੇ ਮੁਹੱਲੇ ਦੀਆਂ ਤੰਗ ਗਲੀਆਂ ਵਿੱਚੋਂ ਨਾਲ ਲੱਗਦੇ ਮਕਾਨ ਖਰੀਦ ਕੇ ਖੁੱਲ੍ਹੇ-ਡੁੱਲ੍ਹੇ ਬਹੁ-ਮੰਜ਼ਲਾਂ ਗੁਰਧਾਮ ਦੀ ਉਸਾਰੀ ਕੀਤੀ ਗਈ ਹੈ ਜਿਸ ਦੀ ਦੂਜੀ ਮੰਜ਼ਲ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੈ। ਮੌਜੂਦਾ ਸਮੇਂ

ਵਿਚ ਬਾਬਾ ਸੇਵਾ ਸਿੰਘ ਜੀ ਇਸ ਗੁਰਧਾਮ ਦੀ ਸੇਵਾ-ਸੰਭਾਲ ਕਰ ਰਹੇ ਹਨ। ੨੯ ਸਤੰਬਰ ਨੂੰ ਸ੍ਰੀ ਗੁਰੂ ਤੇਗ ਬਹਾਦਰ ਜੀ ਅਤੇ ਮਾਤਾ ਗੁਜਰੀ ਜੀ ਦੀ ਯਾਦ ਵਿਚ ਵਿਆਹ ਪੁਰਬ ਮਨਾਇਆ ਜਾਂਦਾ ਹੈ।

## ਜ਼ਿਲ੍ਹਾ ਤਰਨਤਾਰਨ ਸਾਹਿਬ

ਸ੍ਰੀ ਗੁਰੂ ਅਰਜਨ ਦੇਵ ਜੀ ਨੇ ੧੫੯੬ ਵਿਚ ਇਹ ਨਗਰ ਵਸਾਇਆ ਸੀ। ਉਸ ਸਮੇਂ ਤੋਂ ਹੀ ਇਹ ਨਗਰ ਸਿੱਖਾਂ ਵਿਚ ਵਿਸ਼ੇਸ਼ ਸਥਾਨ ਰੱਖਦਾ ਹੈ। ਪਹਿਲਾਂ ਇਹ ਨਗਰ ਅੰਮ੍ਰਿਤਸਰ ਜ਼ਿਲ੍ਹੇ ਵਿਚ ਮੌਜੂਦ ਸੀ ਪਰ ੨੦੦੬ ਵਿਚ ਇਹ ਜ਼ਿਲ੍ਹੇ ਦਾ ਰੂਪ ਧਾਰਨ ਕਰ ਗਿਆ। ਇਸ ਜ਼ਿਲ੍ਹੇ ਵਿਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਚਰਨ-ਛੋਹ ਪ੍ਰਾਪਤ ਅਸਥਾਨ ਖੇਮਕਰਨ ਵਿਖੇ ਸਥਿਤ ਹੈ।

**ਖੇਮਕਰਨ:** ਭਾਰਤ-ਪਾਕਿਸਤਾਨ ਸਰਹੱਦ 'ਤੇ ਤਰਨਤਾਰਨ ਜ਼ਿਲ੍ਹੇ ਵਿਚ ਸਥਿਤ ਇਹ ਇਕ ਪੁਰਾਤਨ ਨਗਰ ਹੈ ਜਿੱਥੇ ਸ੍ਰੀ ਗੁਰੂ ਅਮਰਦਾਸ ਜੀ ਨੇ ਇਕ ਮੰਜੀ ਦੀ ਸਥਾਪਨਾ ਕਰ ਕੇ ਭਾਈ ਖੇਡਾ ਨੂੰ ਉੱਥੋਂ ਦਾ ਮੰਜੀਦਾਰ ਨਿਯੁਕਤ ਕੀਤਾ ਸੀ। ਪਹਿਲਾਂ ਇਹ ਬ੍ਰਾਹਮਣ ਸਨ ਅਤੇ ਫਿਰ ਸਿੱਖੀ ਪ੍ਰਾਪਤ ਕਰਨ ਉਪਰੰਤ ਗੁਰੂ-ਘਰ ਦੇ ਪ੍ਰਚਾਰਕ ਬਣੇ। ਗੁਰੂ ਜੀ ਨੇ ਇਨ੍ਹਾਂ ਨੂੰ ਲੱਕੜ ਦਾ ਇਕ ਥੰਮ ਦਿੱਤਾ ਸੀ ਜਿਸ ਤੋਂ ਇਸ ਗੁਰਧਾਮ ਦਾ ਨਾਂ ਗੁਰਦੁਆਰਾ ਬਾਬਾ ਥੰਮ ਸਾਹਿਬ ਜੀ ਪ੍ਰਸਿੱਧ ਹੋ ਗਿਆ। ਸਥਾਨਕ ਜਾਣਕਾਰੀ ਦੱਸਦੀ ਹੈ ਕਿ ੧੯੬੫ ਦੀ ਜੰਗ ਦੌਰਾਨ ਸ੍ਰੀ ਗੁਰੂ ਅਮਰਦਾਸ ਜੀ ਵੱਲੋਂ ਭਾਈ ਖੇਡਾ ਜੀ ਨੂੰ ਬਖ਼ਸ਼ਿਸ਼ ਕੀਤਾ ਗਿਆ ਥੰਮ ਸਾਹਿਬ ਪਾਕਿਸਤਾਨ ਦੀ ਫ਼ੌਜ ਆਪਣੇ ਨਾਲ ਲੈ ਗਈ ਸੀ ਅਤੇ ਹੁਣ ਇਕ ਹੋਰ ਥੰਮ ਉਸ ਦੀ ਯਾਦ ਵਜੋਂ ਰੱਖਿਆ ਹੋਇਆ ਹੈ।

ਗੁਰਿਆਈ ਧਾਰਨ ਕਰਨ ਤੋਂ ਬਾਅਦ ੧੬੬੪ ਈ. ਵਿਚ ਸ੍ਰੀ ਗੁਰੂ ਤੇਗ ਬਹਾਦਰ ਜੀ ਵੀ ਇਸ ਅਸਥਾਨ 'ਤੇ ਆਏ ਸਨ ਅਤੇ ਇਨ੍ਹਾਂ ਦੀ ਯਾਦ ਵਿਚ ਇੱਥੇ ਗੁਰਦੁਆਰਾ ਗੁਰੂਸਰ ਸਾਹਿਬ ਸੁਸ਼ੋਭਿਤ ਹੈ। 'ਗੁਰੂ ਕੀਆਂ ਸਾਖੀਆਂ' ਤੋਂ ਜਾਣਕਾਰੀ ਮਿਲਦੀ ਹੈ ਕਿ ਗੁਰੂ ਜੀ ਸ੍ਰੀ ਅੰਮ੍ਰਿਤਸਰ ਤੋਂ ਹੋ ਕੇ ਗੋਇੰਦਵਾਲ ਸਾਹਿਬ ਪੁੱਜੇ ਸਨ, ਖੇਮਕਰਨ ਦਾ ਚੌਧਰੀ ਭਾਈ ਰਘੁਪਤ ਰਾਇ ਆਪਣੇ ਬੇਟੇ ਮੂਲ ਚੰਦ ਨਾਲ ਇੱਥੇ ਆਇਆ ਹੋਇਆ ਸੀ। ਗੁਰੂ ਜੀ ਨੂੰ ਬੇਨਤੀ ਕਰ ਕੇ ਇਹ ਖੇਮਕਰਨ ਲੈ ਗਿਆ। ਇਸ ਨਗਰ ਵਿਖੇ ਪੁੱਜਣ 'ਤੇ "ਸੰਗਤ ਨੇ ਗੁਰੂ ਜੀ ਕੀ ਬੜੀ ਟਹਿਲ ਕੀ, ਪੰਦਰਾਂ ਦਿਵਸ ਸਤਿਗੁਰੂ ਜੀ ਏਸ ਨਗਰੀ ਮੇਂ ਰਹੇ। ਭਾਈ ਰਘੁਪਤ ਰਾਇ ਨੇ ਏਕ ਸੁੰਦਰ ਘੋੜੀ ਗੁਰੂ ਜੀ ਕੀ ਅਸਵਾਰੀ ਕੇ ਲੀਏ ਭੇਟਾ ਕੀ।"[੨੩] ੧੯੦੩ ਵਿਚ ਫ਼ਿਰੋਜ਼ਪੁਰ ਦੇ ਇਕ ਅਮੀਰ ਸਮਾਜ-ਸੇਵੀ ਲਾਲਾ ਕਾਂਸ਼ੀ ਰਾਮ ਨੇ ਇਸ ਨਗਰ ਵਿਖੇ ਇਕ ਗੁਰਧਾਮ ਦੀ ਉਸਾਰੀ ਕਰਵਾਈ। ੧੯੬੫ ਦੀ ਭਾਰਤ-ਪਾਕਿਸਤਾਨ ਜੰਗ ਦੌਰਾਨ ਇਹ ਇਮਾਰਤ ਮਲਬੇ ਦਾ ਰੂਪ ਧਾਰਨ ਕਰ ਗਈ ਅਤੇ ਅਗਲੇ ਸਾਲ ਇਕ ਨਵੇਂ ਗੁਰਧਾਮ ਦੀ ਉਸਾਰੀ ਇਸ ਅਸਥਾਨ 'ਤੇ ਕਰਵਾਈ ਗਈ।[੨੪] ਜਦੋਂ ਗੁਰੂ ਜੀ ਇਸ ਅਸਥਾਨ 'ਤੇ ਆਏ ਤਾਂ ਦੋ ਗੁਰਸਿੱਖਾਂ ਭਾਈ

ਚੈਨ ਜੀ ਅਤੇ ਭਾਈ ਧਿੰਗਾਣਾ ਜੀ ਨੇ ਉਨ੍ਹਾਂ ਦੀ ਬਹੁਤ ਸੇਵਾ ਕੀਤੀ। ਇਨ੍ਹਾਂ ਦੀ ਯਾਦ ਵਿਚ ਇੱਥੇ ਦੋ ਗੁਰਧਾਮ ਮੌਜੂਦ ਹਨ। ਗੁਰਦੁਆਰਾ ਬਾਬਾ ਚੈਨ ਸਾਹਿਬ ਖੇਮਕਰਨ ਵਿਚ ਅਤੇ ਗੁਰਦੁਆਰਾ ਭਾਈ ਧਿੰਗਾਣਾ ਜੀ ਗੁਰਦੁਆਰਾ ਗੁਰੂਸਰ ਤੋਂ ਲਗ-ਪਗ ੪ ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਸਥਾਨਿਕ ਪਰੰਪਰਾ ਦੱਸਦੀ ਹੈ ਕਿ ੧੬੭੫ ਈ. ਵਿਚ ਜਦੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਸ਼ਹੀਦ ਕੀਤਾ ਗਿਆ ਤਾਂ ਉਸੇ ਦਿਨ ਭਾਈ ਧਿੰਗਾਣਾ ਜੀ ਵੀ ਸਰੀਰ ਛੱਡ ਗਏ ਸਨ।

ਗੁਰਦੁਆਰਾ ਗੁਰੂਸਰ ਸਾਹਿਬ ਦੀ ਮੌਜੂਦਾ ਇਮਾਰਤ ਬਾਬਾ ਅਵਤਾਰ ਸਿੰਘ ਕਾਰ-ਸੇਵਾ ਸਰਹਾਲੀ ਸਾਹਿਬ ਵਾਲਿਆਂ ਨੇ ਤਿਆਰ ਕਰਵਾਈ। ੧੯੯੯ ਈ. ਵਿਚ ਅਰੰਭ ਹੋ ਕੇ ੨੦੦੫ ਈ. ਵਿਚ ਦਰਬਾਰ ਹਾਲ ਦੀ ਤਿਆਰੀ ਸੰਪੂਰਨ ਹੋ ਜਾਣ ਉਪਰੰਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਗਿਆ। ਗੁਰਦੁਆਰਾ ਸਾਹਿਬ ਦੀ ਲਗ-ਪਗ ਤਿੰਨ ਏਕੜ ਜ਼ਮੀਨ 'ਤੇ ਦਰਬਾਰ ਹਾਲ, ਦੀਵਾਨ ਹਾਲ, ਲੰਗਰ ਹਾਲ, ੭ ਰਿਹਾਇਸ਼ੀ ਕਮਰੇ ਅਤੇ ਪਸ਼ੂਆਂ ਦਾ ਵਾੜਾ ਬਣਿਆ ਹੋਇਆ ਹੈ। ਬਾਬਾ ਅਵਤਾਰ ਸਿੰਘ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਵੀ ਹਨ ਅਤੇ ਇਹੀ ਇਸ ਗੁਰਧਾਮ ਦਾ ਪ੍ਰਬੰਧ ਕਰਦੇ ਹਨ। ੫ ਪੋਹ ਨੂੰ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਸ਼ਹੀਦੀ ਦਿਹਾੜਾ ਮਨਾਇਆ ਜਾਂਦਾ ਹੈ।

## ਜ਼ਿਲ੍ਹਾ ਪਟਿਆਲਾ

ਫੂਲਕੀਆ ਰਿਆਸਤ ਦੇ ਬਾਬਾ ਆਲਾ ਸਿੰਘ ਨੇ ੧੭੬੩ ਈ. ਵਿਚ ਇਸ ਨਗਰ ਦਾ ਮੁੱਢ ਬੰਨਿਆ। ਬਾਬਾ ਆਲਾ ਸਿੰਘ ਤੋਂ ਬਾਅਦ ਇਸ ਰਿਆਸਤ ਦੇ ਉੱਤਰਾਧਿਕਾਰੀਆਂ ਨੇ ਇਸ ਨਗਰ ਨੂੰ ਪ੍ਰਫੁਲਿਤ ਕਰਨ ਵਿਚ ਵਡਮੁੱਲਾ ਯੋਗਦਾਨ ਪਾਇਆ। ਮਰਾਠਿਆਂ ਅਤੇ ਅਫ਼ਗ਼ਾਨਾਂ ਦੇ ਹਮਲਿਆਂ ਦਾ ਮੁਕਾਬਲਾ ਕਰਦੇ ਹੋਏ ਪਟਿਆਲਾ ਰਿਆਸਤ ਦੇ ਰਾਜਿਆਂ ਨੇ ਇਸ ਦੀਆਂ ਹੱਦਾਂ ਨੂੰ ਬਚਾਉਣ ਅਤੇ ਵਧਾਉਣ ਵਿਚ ਮਹੱਤਵਪੂਰਨ ਭੂਮਿਕਾ ਨਿਭਾਈ। ਅੰਗਰੇਜ਼ਾਂ ਨਾਲ ਸੰਧੀ ਹੋਣ 'ਤੇ ਪਟਿਆਲਾ ਰਿਆਸਤ ਦੇ ਹਾਕਮ ਬਾਹਰੀ ਹਮਲਿਆਂ ਤੋਂ ਸੁਰੱਖਿਅਤ ਹੋ ਗਏ ਤਾਂ ਇਨ੍ਹਾਂ ਨੇ ਆਪਣੇ ਰਾਜ ਵਿਚ ਪੈਂਦੇ ਵਿਭਿੰਨ ਧਰਮਾਂ ਦੇ ਅਸਥਾਨਾਂ ਲਈ ਖੁੱਲ੍ਹਾ ਦਾਨ ਦਿੱਤਾ। ਸਿੱਖ ਧਰਮ ਨਾਲ ਸੰਬੰਧਿਤ ਹੋਣ ਕਰ ਕੇ ਪਟਿਆਲਾ ਰਿਆਸਤ ਦੇ ਹਾਕਮਾਂ ਨੇ ਗੁਰੂ ਸਾਹਿਬਾਨ ਨਾਲ ਸੰਬੰਧਿਤ ਗੁਰਧਾਮਾਂ ਦੀ ਸੇਵਾ-ਸੰਭਾਲ ਅਤੇ ਧੂਪ-ਦੀਪ ਕਰਨ ਵਾਲਿਆਂ ਲਈ ਰੁਜ਼ੀਨੇ ਨਿਰਧਾਰਿਤ ਕੀਤੇ, ਲੰਗਰ ਦੇ ਨਾਂ ਜ਼ਮੀਨਾਂ ਲਵਾਈਆਂ ਅਤੇ ਕਈ ਗੁਰਧਾਮਾਂ ਦੀਆਂ ਇਮਾਰਤਾਂ ਦੀ ਉਸਾਰੀ ਕਰਵਾਉਣ ਵਿਚ ਮਹੱਤਵਪੂਰਨ ਯੋਗਦਾਨ ਪਾਇਆ। ਅਜ਼ਾਦੀ ਉਪਰੰਤ ਪਟਿਆਲਾ ਰਿਆਸਤ ਭਾਰਤ ਵਿਚ ਸ਼ਾਮਲ ਹੋ ਗਈ। ਪਹਿਲਾਂ ਇਹ ਨਗਰ ਪਟਿਆਲਾ ਰਿਆਸਤ ਦੀ ਰਾਜਧਾਨੀ ਸੀ ਅਤੇ ਫਿਰ ਇਕ ਜ਼ਿਲ੍ਹੇ ਦੇ ਰੂਪ ਵਿਚ ਸਾਹਮਣੇ ਆਇਆ। ਇਸ ਜ਼ਿਲ੍ਹੇ ਵਿਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ੩੦ ਤੋਂ

ਵਧੇਰੇ ਚਰਨ-ਛੋਹ ਪ੍ਰਾਪਤ ਅਸਥਾਨਾਂ ਦੇ ਦਰਸ਼ਨ ਹੁੰਦੇ ਹਨ।

**ਉਗਾਣੀ:** ਪਟਿਆਲਾ ਤੋਂ ਲਗ-ਪਗ ੩੦ ਕਿਲੋਮੀਟਰ ਦੀ ਦੂਰੀ 'ਤੇ ਸਥਿਤ ਇਹ ਪਿੰਡ ਸ੍ਰੀ ਗੁਰੂ ਤੇਗ ਬਹਾਦਰ ਜੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਯਾਦ ਦਿਵਾਉਂਦਾ ਹੈ। ਪਟਿਆਲਾ ਤੋਂ ਇਸ ਪਿੰਡ ਵਿਖੇ ਜਾਣ ਲਈ ਦੋ ਰਸਤੇ ਹਨ। ਇਕ ਪਟਿਆਲਾ ਤੋਂ ਬਾਰਨ, ਜਖਵਾਲੀ, ਮੂਲੇਪੁਰ, ਬਸੰਤਪੁਰਾ, ਸਰਾਏ ਬਨਜਾਰਾ ਰਾਹੀਂ ਜਾਂਦਾ ਹੈ ਅਤੇ ਦੂਜਾ ਰਾਜਪੁਰਾ ਵਲੋਂ ਵੀ ਇਸ ਪਿੰਡ ਵਿਖੇ ਪਹੁੰਚਿਆ ਜਾ ਸਕਦਾ ਹੈ। ਗੁਰੂ ਸਾਹਿਬਾਨ ਦੀ ਯਾਦ ਵਿਚ ਇੱਥੇ ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ ਅਤੇ ਦਸਵੀਂ ਸੁਸ਼ੋਭਿਤ ਹੈ। ਦੋਵੇਂ ਗੁਰੂ ਸਾਹਿਬਾਨ ਦੀ ਯਾਦ ਵਿਚ ਇੱਕੋ ਇਮਾਰਤ ਵਿਚ ਦੋ ਦਰਬਾਰ ਹਾਲ ਬਣਾਏ ਗਏ ਹਨ। ਇਸ ਗੁਰਧਾਮ ਸੰਬੰਧੀ ਜਾਣਕਾਰੀ ਦਿੰਦੇ ਹੋਏ ਭਾਈ ਕਾਨ੍ਹ ਸਿੰਘ ਦੱਸਦੇ ਹਨ, "ਰਿਆਸਤ ਪਟਿਆਲਾ, ਤਸੀਲ ਥਾਣਾ ਰਾਜਪੁਰਾ ਵਿਚ ਇਕ ਪਿੰਡ ਹੈ। ਇੱਥੇ ਸ੍ਰੀ ਗੁਰੂ ਤੇਗ ਬਹਾਦਰ ਜੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਗੁਰਦੁਆਰਾ ਹੈ। ਇੱਕੋ ਵਲਗਣ ਅੰਦਰ ਦੋ ਦਰਬਾਰ ਬਣੇ ਹੋਏ ਹਨ, ਸੱਜੇ ਪਾਸੇ ਨੌਵੇਂ ਗੁਰੂ ਜੀ ਦਾ ਅਤੇ ਖੱਬੇ ਪਾਸੇ ਦਸਮ ਗੁਰੂ ਜੀ ਦਾ। ਇਨ੍ਹਾਂ ਦੀ ਸੇਵਾ ਮਹਾਰਾਜਾ ਕਰਮ ਸਿੰਘ ਜੀ ਪਟਿਆਲਾਪਤਿ ਨੇ ਕਰਾਈ ਸੀ। ਗੁਰਦੁਆਰੇ ਨਾਲ ੨੦ ਬਿੱਘੇ ਜ਼ਮੀਨ ਪਿੰਡ ਵੱਲੋਂ ਹੈ, ਪੁਜਾਰੀ ਸਿੰਘ ਹੈ। ਰੇਲਵੇ ਸਟੇਸ਼ਨ ਸਰਾਇ ਬਣਜਾਰਾ ਤੋਂ ਪੂਰਵ ਇਕ ਮੀਲ ਕੱਚਾ ਰਸਤਾ ਹੈ।"[੨੫] ਸਥਾਨਿਕ ਪਰੰਪਰਾ ਦੱਸਦੀ ਹੈ ਕਿ ਪਹਿਲਾਂ ਇਹ ਗੁਰਦੁਆਰਾ ਕੱਚੇ ਕੋਠੇ ਦੇ ਰੂਪ ਵਿਚ ਮੌਜੂਦ ਸੀ ਫਿਰ ਪਿੰਡ ਵਾਲਿਆਂ ਦੀ ਬੇਨਤੀ 'ਤੇ ਮਹਾਰਾਜਾ ਕਰਮ ਸਿੰਘ (੧੭੯੮-੧੮੪੫) ਨੇ ਇੱਥੇ ਪੱਕੇ ਗੁਰਧਾਮ ਦੀ ਉਸਾਰੀ ਕਰਵਾਈ। ਮੌਜੂਦਾ ਇਮਾਰਤ ਬਾਬਾ ਅਮਰੀਕ ਸਿੰਘ ਕਾਰ-ਸੇਵਾ ਵਾਲਿਆਂ ਨੇ ੧੧.੧੦.੧੯੯੦ ਨੂੰ ਅਰੰਭ ਕੀਤੀ ਸੀ ਜਿਸ ਦੇ ਸੰਪੂਰਨ ਹੋਣ 'ਤੇ ਇੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਗਿਆ। ੮ ਏਕੜ ਜ਼ਮੀਨ ਗੁਰਦੁਆਰਾ ਸਾਹਿਬ ਦੇ ਨਾਂ ਹੈ ਅਤੇ ਇਸ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਇਕ ਸਥਾਨਕ ਕਮੇਟੀ ਰਾਹੀਂ ਕੀਤਾ ਜਾਂਦਾ ਹੈ।

**ਅਗੌਲ:** ਪਟਿਆਲਾ ਜ਼ਿਲ੍ਹੇ ਵਿਚ ਨਾਭਾ-ਅਮਲੋਹ ਸੜਕ 'ਤੇ ਸਹੌਲੀ ਪਿੰਡ ਦੇ ਬੱਸ ਅੱਡੇ ਤੋਂ ਢਾਈ ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਨਾਭਾ ਤੋਂ ਲਗ-ਪਗ ੧੫ ਕਿਲੋਮੀਟਰ ਦੀ ਦੂਰੀ 'ਤੇ ਸਥਿਤ ਇਸ ਗੁਰਧਾਮ ਦੀ ਸਥਾਨਿਕ ਪਰੰਪਰਾ ਦੱਸਦੀ ਹੈ ਕਿ ਜਦੋਂ ਗੁਰੂ ਜੀ ਇਸ ਪਿੰਡ ਵਿਖੇ ਆਏ ਤਾਂ ਇਕ ਪਿੱਪਲ ਦੇ ਰੁੱਖ ਹੇਠਾਂ ਬੈਠੇ ਸਨ। ਪਿੱਪਲ ਦੇ ਸਾਹਮਣੇ ਹੀ ਰਾਮ ਤਲਾਈ ਨਾਂ ਦਾ ਇਕ ਛੱਪੜ ਸੀ ਜਿਸ ਨੂੰ ਸਰੋਵਰ ਵਿਚ ਤਬਦੀਲ ਕਰ ਦਿੱਤਾ ਗਿਆ ਹੈ। ਗੁਰਦੁਆਰਾ ਸਾਹਿਬ ਅਗੌਲ ਪਾਤਸ਼ਾਹੀ ਨੌਵੀਂ ਵਜੋਂ ਇਲਾਕੇ ਵਿਚ ਪ੍ਰਸਿੱਧ ਇਸ ਗੁਰਧਾਮ ਦੇ ਨਾਂ ੨੨ ਵਿੱਘੇ ਜ਼ਮੀਨ ਹੈ ਜਿਸ ਵਿੱਚੋਂ ੧੦ ਵਿੱਘੇ ਜ਼ਮੀਨ ਭਾਈ ਨੱਥਾ ਸਿੰਘ ਦੁਆਰਾ ਭੇਟ ਕੀਤੀ ਹੋਈ ਹੈ। ਗੁਰਦੁਆਰਾ ਸਾਹਿਬ ਦੀ ਮੌਜੂਦਾ ਇਮਾਰਤ ਸੰਤ ਨਿੱਕਾ ਸਿੰਘ ਰਿਸ਼ੀਕੇਸ਼ ਵਾਲਿਆਂ ਨੇ ਤਿਆਰ ਕਰਵਾਈ

ਸੀ ਅਤੇ ਹੋਰਨਾਂ ਇਮਾਰਤਾਂ ਦੀ ਕਾਰ-ਸੇਵਾ ਬਾਬਾ ਹਰਬੰਸ ਸਿੰਘ ਦਿੱਲੀ ਵਾਲਿਆਂ ਵੱਲੋਂ ਚੱਲ ਰਹੀ ਹੈ। ਪਿੰਡ ਦੀ ਇਕ ਕਮੇਟੀ ਇਸ ਗੁਰਧਾਮ ਦਾ ਪ੍ਰਬੰਧ ਕਰਦੀ ਹੈ।

**ਆਕੜ:** ਪਟਿਆਲਾ-ਰਾਜਪੁਰਾ ਜਾਂ ਪਟਿਆਲਾ-ਸਰਹਿੰਦ ਸੜਕ ਤੋਂ ਹੋ ਕੇ ਇਸ ਪਿੰਡ ਵਿਖੇ ਪੁੱਜਿਆ ਜਾ ਸਕਦਾ ਹੈ। ਸ੍ਰੀ ਗੁਰੂ ਤੇਗ ਬਹਾਦਰ ਜੀ ਨੌਲੱਖਾ, ਜਖਵਾਲੀ, ਟਹਿਲਪੁਰਾ ਤੋਂ ਹੁੰਦੇ ਹੋਏ ਇਸ ਪਿੰਡ ਵਿਖੇ ਪੁੱਜੇ ਸਨ। ਟਹਿਲਪੁਰੇ ਤੋਂ ੩ ਕਿਲੋਮੀਟਰ ਦੀ ਦੂਰੀ 'ਤੇ ਸਥਿਤ ਇਸ ਪਿੰਡ ਦੇ ਬਾਹਰ ਨਿੰਮ ਦੇ ਇਕ ਰੁੱਖ ਹੇਠਾਂ ਗੁਰੂ ਜੀ ਨੇ ਡੇਰਾ ਕੀਤਾ ਸੀ ਜਿੱਥੇ ਹੁਣ ਗੁਰਦੁਆਰਾ ਨਿੰਮ ਸਾਹਿਬ ਪਾਤਸ਼ਾਹੀ ਨੌਵੀਂ ਸੁਸ਼ੋਭਿਤ ਹੈ। ਭਾਵੇਂ ਕਿ ਗੁਰਦੁਆਰਾ ਸਾਹਿਬ ਅਤੇ ਇਸੇ ਦੇ ਆਲੇ-ਦੁਆਲੇ ਸੰਗਮਰਮਰ ਲੱਗਿਆ ਹੋਇਆ ਹੈ ਪਰ ਇਹ ਰੁੱਖ ਹਾਲੇ ਵੀ ਇੱਥੇ ਮੌਜੂਦ ਹੈ। ਇਹ ਰੁੱਖ ਸੁੱਕ ਗਿਆ ਹੈ ਅਤੇ ਇਸ ਤੋਂ ਨਵੀਂਆਂ ਕਲਮਾਂ ਤਿਆਰ ਕੀਤੀਆਂ ਜਾ ਰਹੀਆਂ ਹਨ ਤਾਂ ਕਿ ਗੁਰੂ ਸਾਹਿਬ ਨਾਲ ਸੰਬੰਧਿਤ ਇਸ ਨਿਸ਼ਾਨੀ ਨੂੰ ਕਾਇਮ ਰੱਖਿਆ ਜਾ ਸਕੇ। ਦਰਬਾਰ ਹਾਲ ਦੇ ਪਿਛਲੇ ਪਾਸੇ ਇਕ ਪੁਰਾਤਨ ਖੂਹ ਮੌਜੂਦ ਸੀ ਜਿਸ ਨੂੰ ਢੱਕ ਦਿੱਤਾ ਗਿਆ ਹੈ। ਮਹੰਤ ਸਾਧੂ ਸਿੰਘ ਜੀ ਨੇ ੧੯੨੪ ਈ. ਵਿਚ ਗੁਰਦੁਆਰਾ ਸਾਹਿਬ ਦੀ ਇਮਾਰਤ ਦੀ ਉਸਾਰੀ ਕਰਵਾਈ ਸੀ, ਪਿੰਡ ਦੀ ਹੀ ਇਕ ਬੀਬੀ ਦਮੋਦਰੀ ਨੇ ਇਸ ਕਾਰਜ ਨੂੰ ਸਿਰੇ ਚਾੜ੍ਹਨ ਵਿਚ ਮਹੱਤਵਪੂਰਨ ਯੋਗਦਾਨ ਪਾਇਆ ਸੀ। ਮੌਜੂਦਾ ਇਮਾਰਤ ਲਗ-ਪਗ ੨੦੦੦ ਈ. ਵਿਚ ਬਾਬਾ ਅਮਰੀਕ ਸਿੰਘ ਕਾਰ-ਸੇਵਾ ਵਾਲਿਆਂ ਨੇ ਤਿਆਰ ਕਰਵਾਈ ਹੈ। ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਤੇਗ ਬਹਾਦਰ ਜੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਸ਼ਹੀਦੀ ਦਿਹਾੜਾ ਸ੍ਰੀ ਗੁਰੂ ਤੇਗ ਬਹਾਦਰ ਜੀ, ਵੈਸਾਖੀ ਅਤੇ ਹਰ ਮਹੀਨੇ ਇੱਥੇ ਮੱਸਿਆ ਮਨਾਈ ਜਾਂਦੀ ਹੈ। ਲਗ-ਪਗ ਢਾਈ ਏਕੜ ਜ਼ਮੀਨ 'ਤੇ ਦਰਬਾਰ ਹਾਲ, ਲੰਗਰ ਹਾਲ, ਦੀਵਾਨ ਹਾਲ, ੪ ਰਿਹਾਇਸ਼ੀ ਕਮਰੇ, ਲਾਇਬ੍ਰੇਰੀ ਆਦਿ ਬਣੇ ਹੋਏ ਹਨ। ਸ੍ਰੀ ਗੁਰੂ ਤੇਗ ਬਹਾਦਰ ਖ਼ਾਲਸਾ ਗਰਲਜ਼ ਕਾਲਜ, ਮੰਡੀ ਅਤੇ ਡੇਰਾ ਕਾਰ-ਸੇਵਾ ਵੀ ਗੁਰਦੁਆਰਾ ਸਾਹਿਬ ਦੀ ਜ਼ਮੀਨ 'ਤੇ ਬਣੇ ਹੋਏ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰਦੁਆਰਾ ਐਕਟ ਦੀ ਧਾਰਾ ੮੭ ਅਧੀਨ ਇਸ ਗੁਰਧਾਮ ਦਾ ਪ੍ਰਬੰਧ ਕੀਤਾ ਜਾਂਦਾ ਹੈ। ਸ. ਭਾਗ ਸਿੰਘ ਸਥਾਨਿਕ ਪੰਜ ਮੈਂਬਰੀ ਕਮੇਟੀ ਦੇ ਪ੍ਰਧਾਨ ਹਨ।

**ਸਮਾਣਾ:** ਪੰਜਾਬ ਦਾ ਇਹ ਪੁਰਾਤਨ ਨਗਰ ਪਟਿਆਲੇ ਤੋਂ ਲਗ-ਪਗ ੩੦ ਕਿਲੋਮੀਟਰ ਦੀ ਦੂਰੀ 'ਤੇ ਪਟਿਆਲਾ ਤੋਂ ਪਾਤੜਾਂ, ਖਨੌਰੀ ਵੱਲ ਜਾਣ ਵਾਲੀ ਸੜਕ 'ਤੇ ਸਥਿਤ ਹੈ। ਮੁਗ਼ਲਾਂ ਦੇ ਸਮੇਂ ਇਹ ਨਗਰ ਵਿਭਿੰਨ ਪਰਗਨਿਆਂ ਦੇ ਫ਼ੌਜਦਾਰਾਂ ਅਤੇ ਸਰਦਾਰਾਂ ਦੀ ਰਿਹਾਇਸ਼ਗਾਹ ਵਜੋਂ ਪ੍ਰਸਿੱਧ ਸੀ। ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਸ਼ਹੀਦ ਕਰਨ ਵਾਲਾ ਸੱਯਦ ਜਲਾਲੂਦੀਨ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਨੂੰ ਸ਼ਹੀਦ ਕਰਨ ਵਾਲੇ ਜੱਲਾਦ ਸ਼ਾਸ਼ਲ ਬੇਗ਼ ਅਤੇ ਬਾਸ਼ਲ ਬੇਗ਼ ਵੀ ਇਸੇ ਨਗਰ ਦੇ ਹੀ ਵਸਨੀਕ ਸਨ। ਬਾਬਾ ਬੰਦਾ ਸਿੰਘ ਬਹਾਦਰ ਨੇ ਇਸ ਨਗਰ ਦੀ ਮੁਗ਼ਲਈ ਸ਼ਾਨ-ਓ-

ਸ਼ੌਕਤ ਅਤੇ ਸ਼ਕਤੀ ਨੂੰ ਖਤਮ ਕਰ ਕੇ ਇਸ ਦਾ ਪ੍ਰਬੰਧ ਆਪਣੇ ਸਰਦਾਰ ਫ਼ਤਹਿ ਸਿੰਘ ਨੂੰ ਸੌਂਪ ਦਿੱਤਾ ਸੀ। ਬਾਬਾ ਆਲਾ ਸਿੰਘ ਨੇ ੧੭੪੨ ਈ. ਵਿਚ ਪਹਿਲੀ ਵਾਰੀ ਇਸ ਨਗਰ 'ਤੇ ਕਬਜ਼ਾ ਕੀਤਾ ਸੀ। ੧੭੬੧ ਈ. ਵਿਚ ਅਹਿਮਦ ਸ਼ਾਹ ਦੁਰਾਨੀ ਨੇ ਭਾਰਤ 'ਤੇ ਹਮਲਾ ਕੀਤਾ ਤਾਂ ਉਸ ਨੇ ਵੀ ਇਸ ਨਗਰ 'ਤੇ ਬਾਬਾ ਆਲਾ ਸਿੰਘ ਦੇ ਅਧਿਕਾਰ ਨੂੰ ਕਾਇਮ ਰੱਖਿਆ ਸੀ। ੧੯੪੭ ਈ. ਵਿਚ ਭਾਰਤ ਦੀ ਅਜ਼ਾਦੀ ਤਕ ਇਹ ਨਗਰ ਪਟਿਆਲਾ ਰਿਆਸਤ ਦੇ ਅਧੀਨ ਰਿਹਾ।

ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਯਾਦ ਵਿਚ ਇੱਥੇ ਗੁਰਦੁਆਰਾ ਥੜ੍ਹਾ ਸਾਹਿਬ ਪਾਤਸ਼ਾਹੀ ਨੌਵੀਂ ਸਸ਼ੋਭਿਤ ਹੈ। ਗੁਰੂ ਜੀ ਸੈਫ਼ਾਬਾਦ (ਮੌਜੂਦਾ ਬਹਾਦਰਗੜ੍ਹ) ਤੋਂ ਚੱਲ ਕੇ ਮੋਤੀ ਬਾਗ਼, ਬਿਲਾਸਪੁਰ ਆਦਿ ਪਿੰਡਾਂ ਵਿਚੋਂ ਹੁੰਦੇ ਹੋਏ ਸਮਾਣੇ ਪਹੁੰਚੇ ਸਨ। ਮੁਹੰਮਦ ਬਖ਼ਸ਼ ਇੱਥੋਂ ਤਿੰਨ ਕਿਲੋਮੀਟਰ ਦੀ ਦੂਰੀ 'ਤੇ ਸਥਿਤ ਆਪਣੀ ਗੜ੍ਹੀ ਵਿਖੇ ਨਿਵਾਸ ਕਰਦਾ ਸੀ। ਇਸ ਨੇ ਸੈਫ਼ਾਬਾਦ ਵਿਖੇ ਗੁਰੂ ਜੀ ਦੇ ਦਰਸ਼ਨ ਕੀਤੇ ਸਨ ਅਤੇ ਇਹ ਉਨ੍ਹਾਂ ਦੀ ਧਾਰਮਿਕ ਸ਼ਖ਼ਸੀਅਤ ਤੋਂ ਬਹੁਤ ਪ੍ਰਭਾਵਿਤ ਸੀ। ਸਮਾਣੇ ਨੇੜੇ ਗੜ੍ਹੀ ਨਜ਼ੀਰ ਦੇ ਇਸ ਵਸਨੀਕ ਨੂੰ ਜਦੋਂ ਗੁਰੂ ਜੀ ਦੇ ਸਮਾਣੇ ਪਹੁੰਚਣ ਦਾ ਪਤਾ ਲੱਗਿਆ ਤਾਂ ਇਹ ਉਨ੍ਹਾਂ ਦੇ ਦਰਸ਼ਨ ਕਰਨ ਲਈ ਗਿਆ ਅਤੇ ਬੇਨਤੀ ਕਰ ਕੇ ਆਪਣੀ ਗੜ੍ਹੀ ਵਿਖੇ ਲੈ ਗਿਆ ਸੀ। ਗੁਰੂ ਜੀ ਦੀ ਚਰਨ-ਛੋਹ ਪ੍ਰਾਪਤ ਇਸ ਅਸਥਾਨ ਦੀ ਸੇਵਾ-ਸੰਭਾਲ ਬੁੱਢਾ ਦਲ ਦੇ ਨਿਹੰਗ ਸਿੰਘਾਂ ਕੋਲ ਹੈ। ਬਿਸ਼ਨ ਦਾਸ ਤੋਂ ਇਨ੍ਹਾਂ ਨੇ 'ਗੁਰੂ ਕੀ ਖੂਹੀ' ਅਤੇ ਇਸ ਦੇ ਨਾਂ ਬੋਲਦੀ ਪੰਜ ਏਕੜ ਜ਼ਮੀਨ ਦਾ ਕਬਜ਼ਾ ਛੁਡਵਾਇਆ ਸੀ। ਮੌਜੂਦਾ ਸਮੇਂ ਵਿਚ ਇਸ ਜ਼ਮੀਨ 'ਤੇ ਦਰਬਾਰ ਹਾਲ, ਲੰਗਰ ਹਾਲ, ਸਰੋਵਰ, ਬਾਉਲੀ, ਦਫ਼ਤਰ, ੨੫ ਰਿਹਾਇਸ਼ੀ ਕਮਰੇ ਅਤੇ ਡਿਉੜ੍ਹੀ ਆਦਿ ਬਣੇ ਹੋਏ ਹਨ ਅਤੇ ੩ ਏਕੜ ਜ਼ਮੀਨ 'ਤੇ ਖੇਤੀ ਕੀਤੀ ਜਾਂਦੀ ਹੈ। ਮੌਜੂਦ ਸਮੇਂ ਵਿਚ ਬਾਬਾ ਬਲਬੀਰ ਸਿੰਘ ਦੇ ਜਥੇ ਵੱਲੋਂ ਇਸ ਦੀ ਸੇਵਾ-ਸੰਭਾਲ ਕੀਤੀ ਜਾ ਰਹੀ ਹੈ।

**ਸਿੰਭੜੋ:** ਪਟਿਆਲਾ ਜ਼ਿਲ੍ਹੇ ਵਿਚ ਪਟਿਆਲਾ ਤੋਂ ੧੫ ਕਿਲੋਮੀਟਰ ਦੀ ਦੂਰੀ 'ਤੇ ਸਥਿਤ ਇਸ ਪਿੰਡ ਨੂੰ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਚਰਨ-ਛੋਹ ਪ੍ਰਾਪਤ ਹੈ। ਮਾਲਵੇ ਦੀ ਪ੍ਰਚਾਰ-ਯਾਤਰਾ ਦੌਰਾਨ ਗੁਰੂ ਜੀ ਇਸ ਪਿੰਡ ਵਿਖੇ ਆਏ ਤਾਂ ਇਕ ਬੋਹੜ ਦੇ ਰੁੱਖ ਹੇਠਾਂ ਡੇਰਾ ਕੀਤਾ। ਗੁਰੂ ਜੀ ਦੀ ਯਾਦ ਵਿਚ ਗੁਰਦੁਆਰਾ ਸ੍ਰੀ ਡੇਰਾ ਸਾਹਿਬ ਪਾਤਸ਼ਾਹੀ ਨੌਵੀਂ ਸਥਿਤ ਹੈ। ਬੋਹੜ ਦਾ ਰੁੱਖ ਹੁਣ ਮੌਜੂਦ ਨਹੀਂ ਪਰ ਇਕ ਪੁਰਾਤਨ ਖੂਹੀ ਹਾਲੇ ਵੀ ਸੰਭਾਲ ਕੇ ਰੱਖੀ ਹੋਈ ਹੈ। ਇਸ ਖੂਹੀ ਦੇ ਨੇੜੇ ਹੀ ਗੁਰੂ ਸਾਹਿਬ ਦੀ ਯਾਦ ਵਿਚ ਇਕ ਮੰਜੀ ਸਾਹਿਬ ਸਥਿਤ ਸੀ ਜਿੱਥੇ ਹੁਣ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੈ। ਸੰਗਤ ਵੱਲੋਂ ਦਾਨ ਕੀਤੀ ਲਗ-ਪਗ ੧੫ ਵਿੱਘੇ ਜ਼ਮੀਨ ਮੌਜੂਦ ਹੈ। ਇਸ ਵਿਚ ਉਹ ਜ਼ਮੀਨ ਵੀ ਸ਼ਾਮਲ ਹੈ ਜਿਸ 'ਤੇ ਮਹਾਰਾਜਾ ਕਰਮ ਸਿੰਘ ਨੇ ਗੁਰਧਾਮ ਦੀ ਉਸਾਰੀ ਕਰਵਾਈ ਸੀ। ੧੯੬੫ ਈ. ਵਿਚ ਇੱਥੇ ਇਕ ਨਵੇਂ ਦਰਬਾਰ ਹਾਲ ਦੀ ਉਸਾਰੀ

ਕਰਵਾਈ ਗਈ ਜਿਹੜਾ ਕਿ ਹਾਲੇ ਵੀ ਮੌਜੂਦ ਹੈ। ਪਿੰਡ ਵਾਸੀਆਂ ਦੇ ਸਹਿਯੋਗ ਨਾਲ ਸੰਤ ਹਜ਼ੂਰਾ ਸਿੰਘ ਇਸ ਗੁਰਧਾਮ ਦੀ ਸੇਵਾ ਕਰਵਾ ਰਹੇ ਹਨ। ਸਥਾਨਿਕ ਕਮੇਟੀ ਇਸ ਗੁਰਧਾਮ ਦਾ ਪ੍ਰਬੰਧ ਕਰਦੀ ਹੈ।

**ਸੀਲ:** ਪਟਿਆਲਾ ਜ਼ਿਲ੍ਹੇ ਵਿਚ ਇਹ ਪਿੰਡ ਬਹਾਦਰਗੜ੍ਹ-ਘਨੌਰ ਸੜਕ 'ਤੇ ਬਹਾਦਰਗੜ੍ਹ ਤੋਂ ੪ ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਯਾਦ ਵਿਚ ਇੱਥੇ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਪਾਤਸ਼ਾਹੀ ਨੌਵੀਂ ਸੁਸ਼ੋਭਿਤ ਹੈ। ਸਥਾਨਿਕ ਪਰੰਪਰਾ ਦੱਸਦੀ ਹੈ ਕਿ ਇਸ ਅਸਥਾਨ 'ਤੇ ਪਹਿਲਾਂ ਇਕ ਕੱਚਾ ਕੋਠਾ ਸੀ। ਪਿੰਡ ਵਾਲਿਆਂ ਦੀ ਬੇਨਤੀ 'ਤੇ ਮਹਾਰਾਜਾ ਪਟਿਆਲਾ ਨੇ ਇੱਥੇ ਪੱਕੇ ਗੁਰਧਾਮ ਦੀ ਉਸਾਰੀ ਕਰਵਾ ਦਿੱਤੀ ਸੀ। ੨੨.੧੨.੧੯੯੭ ਨੂੰ ਇੱਥੇ ਇਕ ਨਵੇਂ ਦਰਬਾਰ ਦੀ ਉਸਾਰੀ ਅਰੰਭ ਕੀਤੀ ਗਈ ਅਤੇ ੧੯੯੮ ਈ. ਵਿਚ ਤਿਆਰ ਹੋਣ 'ਤੇ ਇੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਗਿਆ। ਲਗ-ਪਗ ਇਕ ਏਕੜ (੪ ਵਿੱਘੇ ੬ ਬਿਸਵੇ) ਜ਼ਮੀਨ 'ਤੇ ਦਰਬਾਰ ਹਾਲ, ਲੰਗਰ ਹਾਲ, ਗ੍ਰੰਥੀ ਸਿੰਘ ਦੀ ਰਿਹਾਇਸ਼ ਬਣੀ ਹੋਈ ਹੈ। ਇਸ ਤੋਂ ਇਲਾਵਾ ੧੩ ਵਿੱਘੇ ੧੭ ਬਿਸਵੇ ਵਾਹੀ ਯੋਗ ਜ਼ਮੀਨ ਪਿੰਡ ਵਾਸੀਆਂ ਨੇ ਗੁਰਦੁਆਰਾ ਸਾਹਿਬ ਦੇ ਨਾਂ ਲਵਾਈ ਸੀ ਜਿਹੜੀ ਕਿ ਠੇਕੇ 'ਤੇ ਦਿੱਤੀ ਜਾਂਦੀ ਹੈ। ਪਿੰਡ ਦੀ ੧੫ ਮੈਂਬਰੀ ਕਮੇਟੀ ਗੁਰਦੁਆਰਾ ਸਾਹਿਬ ਦੀ ਸੇਵਾ-ਸੰਭਾਲ ਕਰਦੀ ਹੈ।

**ਸ਼ੇਖੂਪੁਰ:** ਪਟਿਆਲਾ ਜ਼ਿਲ੍ਹੇ ਵਿਚ ਇਹ ਪਿੰਡ ਬਹਾਦਰਗੜ੍ਹ-ਘਨੌਰ ਸੜਕ 'ਤੇ ਬਹਾਦਰਗੜ੍ਹ ਤੋਂ ੮ ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਬਹਾਦਰਗੜ੍ਹ ਨਿਵਾਸ ਦੌਰਾਨ ਸ੍ਰੀ ਗੁਰੂ ਤੇਗ ਬਹਾਦਰ ਜੀ ਇੱਥੇ ਆਏ ਸਨ ਅਤੇ ਇਨ੍ਹਾਂ ਦੀ ਯਾਦ ਵਿਚ ਇੱਥੇ ਗੁਰਦੁਆਰਾ ਕੁਸ਼ਟ ਨਿਵਾਰਨਸਰ ਪਾਤਸ਼ਾਹੀ ਨੌਵੀਂ ਸੁਸ਼ੋਭਿਤ ਹੈ। ਭਾਈ ਰਘਬੀਰ ਸਿੰਘ ੧੯੬੫ ਤੋਂ ਇੱਥੇ ਸੇਵਾ ਕਰ ਰਹੇ ਹਨ। ੧੩ ਸਾਲ ਦੀ ਉਮਰ ਵਿਚ ਬਾਬਾ ਪੂਰਨ ਦਾਸ ਜੀ ਉਦਾਸੀ ਦੇ ਸਮੇਂ ਇਹ ਇੱਥੇ ਆਏ ਸਨ ਅਤੇ ਉਨ੍ਹਾਂ ਦੀ ਪ੍ਰੇਰਨਾ ਸਦਕਾ ਇੱਥੇ ਹੀ ਸੇਵਾ ਕਰਨ ਲੱਗੇ। ਗੁਰਦੁਆਰਾ ਸਾਹਿਬ ਬਾਰੇ ਜਾਣਕਾਰੀ ਦਿੰਦੇ ਹੋਏ ਇਨ੍ਹਾਂ ਨੇ ਦੱਸਿਆ ਕਿ ਇਨ੍ਹਾਂ ਤੋਂ ਪਹਿਲਾਂ ਮਾਈ ਰੂੜੀ ਇਸ ਅਸਥਾਨ 'ਤੇ ਦੀਵਾ ਜਗਾਇਆ ਕਰਦੀ ਸੀ ਅਤੇ ਨਾਲ ਹੀ ਇਹ ਕਿਹਾ ਕਰਦੀ ਸੀ ਕਿ ਸਮਾਂ ਆਉਣ 'ਤੇ ਇੱਥੇ ਗੁਰਦੁਆਰਾ ਸਾਹਿਬ ਪ੍ਰਗਟ ਹੋਵੇਗਾ। ਮਾਈ ਰੂੜੀ ਦੇ ਦਰਸ਼ਨ ਤਾਂ ਨਹੀਂ ਕਰ ਸਕਿਆ ਪਰ ਇਸ ਦੀ ਨੂੰਹ ਮਾਤਾ ਕਰਤਾਰ ਕੌਰ ੧੦੫ ਸਾਲ ਦੀ ਹੋ ਕੇ ਅਕਾਲ ਚਲਾਣਾ ਕੀਤੀ। ਜੀਵਨ ਦੇ ਅੰਤਿਮ ਸਮੇਂ ਤੱਕ ਇਹ ਗੁਰਦੁਆਰਾ ਸਾਹਿਬ ਦੀ ਸੇਵਾ ਕਰਦੀ ਰਹੀ ਅਤੇ ਇਹ ਆਪਣੀ ਸੱਸ ਦੇ ਸਮੇਂ ਦੀਆਂ ਬਹੁਤ ਸਾਰੀਆਂ ਗੱਲਾਂ ਸੰਗਤ ਨਾਲ ਸਾਂਝੀਆਂ ਕਰਿਆ ਕਰਦੀ ਸੀ। ਇਸ ਨੇ ਦੱਸਿਆ ਕਿ ਪੁਰਖਿਆਂ ਦੀ ਰਵਾਇਤ ਤੋਂ ਜਾਣਕਾਰੀ ਪ੍ਰਾਪਤ ਹੋਈ ਹੈ ਕਿ ਗੁਰੂ-ਘਰ ਦਾ ਇਕ ਗੁਰਸਿੱਖ ਗੁਰਬਖ਼ਸ਼ ਇੱਥੇ ਨਿਵਾਸ ਕਰਦਾ ਸੀ ਜਿਸ ਨੂੰ ਲੁੱਟ ਦੀ ਨੀਅਤ ਨਾਲ ਚੋਰਾਂ-ਡਾਕੂਆਂ ਨੇ ਬਹੁਤ ਕੁੱਟਿਆ ਅਤੇ ਅਖ਼ੀਰ

ਉਹ ਅਕਾਲ ਚਲਾਣਾ ਕਰ ਗਿਆ। ਇਸ ਸਮੇਂ ਸ੍ਰੀ ਗੁਰੂ ਤੇਗ ਬਹਾਦਰ ਜੀ ਬਹਾਦਰਗੜ੍ਹ ਵਿਖੇ ਨਿਵਾਸ ਕਰ ਰਹੇ ਸਨ। ਜਦੋਂ ਗੁਰੂ ਜੀ ਨੂੰ ਇਸ ਗੱਲ ਦੀ ਜਾਣਕਾਰੀ ਮਿਲੀ ਤਾਂ ਉਹ ਇਸ ਅਸਥਾਨ 'ਤੇ ਆਏ ਸਨ। ਜਿਸ ਅਸਥਾਨ 'ਤੇ ਉਸ ਦਾ ਅੰਤਿਮ ਸਸਕਾਰ ਕੀਤਾ ਗਿਆ ਸੀ ਮੌਜੂਦਾ ਸਮੇਂ ਵਿਚ ਉੱਥੇ ਨਿਸ਼ਾਨ ਸਾਹਿਬ ਲੱਗਿਆ ਹੋਇਆ ਹੈ। ਸਮਾਂ ਪਾ ਕੇ ਇਹ ਅਸਥਾਨ ਸ਼ਮਸ਼ਾਨ ਘਾਟ ਦਾ ਰੂਪ ਧਾਰਨ ਕਰ ਗਿਆ ਸੀ। ਮਾਈ ਰੂੜੀ ਤੋਂ ਇਲਾਵਾ ਇੱਥੇ ਕੋਈ ਨਹੀਂ ਆਉਂਦਾ ਸੀ। ਇਕ ਵਾਰੀ ਸ. ਪ੍ਰੀਤਮ ਸਿੰਘ ਇਸ ਪਿੰਡ ਵਿਚ ਆਏ। ਉਨ੍ਹਾਂ ਦੱਸਿਆ ਕਿ ਉਹ ਦਿੱਲੀ ਤੋਂ ਇੱਥੇ ਆਏ ਹਨ, ਇਸ ਅਸਥਾਨ 'ਤੇ ਗੁਰੂ ਤੇਗ ਬਹਾਦਰ ਜੀ ਦਾ ਗੁਰਧਾਮ ਪ੍ਰਗਟ ਕਰੋ। ਪਿੰਡ ਵਾਲਿਆਂ ਦੀ ਮਾਇਕ ਹਾਲਤ ਚੰਗੀ ਨਹੀਂ ਸੀ ਅਤੇ ਉਹ ਟਾਲ-ਮਟੋਲ ਕਰਨ ਲੱਗੇ ਤਾਂ ਉਸ ਨੇ ਕਿਹਾ ਕਿ ਤੁਸੀਂ ਕਾਰਜ ਅਰੰਭ ਕਰੋ ਕਿਸੇ ਵਸਤੂ ਦੀ ਥੁੜ੍ਹ ਨਹੀਂ ਆਵੇਗੀ। ਇਸ ਪਿੰਡ ਤੋਂ ਕੱਚਾ ਰਸਤਾ ਬਹਾਦਰਗੜ੍ਹ ਨੂੰ ਜਾਂਦਾ ਸੀ। ਜਦੋਂ ਇਸ ਗੁਰਸਿੱਖ ਨੇ ਬਹਾਦਰਗੜ੍ਹ ਜਾਣ ਲਈ ਆਗਿਆ ਮੰਗੀ ਤਾਂ ਪਿੰਡ ਦਾ ਇਕ ਵਿਅਕਤੀ ਸ. ਅਮਰ ਸਿੰਘ ਉਸ ਨੂੰ ਸਾਇਕਲ 'ਤੇ ਬਹਦਾਰਗੜ੍ਹ ਤਕ ਛੱਡਣ ਲਈ ਚਲਾ ਗਿਆ। ਹਾਲੇ ਇਹ ਇਸ ਅਸਥਾਨ ਤੋਂ ਤਿੰਨ ਕਿਲੋਮੀਟਰ ਦੀ ਦੂਰੀ 'ਤੇ ਸਥਿਤ ਸੀਲ ਪਿੰਡ ਹੀ ਪਹੁੰਚੇ ਸਨ ਕਿ ਸ. ਪ੍ਰੀਤਮ ਸਿੰਘ ਕਹਿਣ ਲੱਗਾ ਕਿ ਉਸ ਦਾ ਕੁਝ ਸਾਮਾਨ ਸ਼ੇਖ਼ੂਪੁਰ ਵਿਖੇ ਹੀ ਰਹਿ ਗਿਆ ਹੈ। ਸ. ਅਮਰ ਸਿੰਘ ਉਸ ਦਾ ਸਾਮਾਨ ਲਿਆਉਣ ਲਈ ਪਿੰਡ ਵੱਲ ਮੁੜੇ ਤਾਂ ਪਿੱਛੇ ਦੇਖਿਆ ਕਿ ਸ. ਪ੍ਰੀਤਮ ਸਿੰਘ ਨਜ਼ਰ ਨਹੀਂ ਆਏ। ਸ. ਅਮਰ ਸਿੰਘ ਨੇ ਇਹ ਸਾਰੀ ਗਾਥਾ ਪਿੰਡ ਆ ਕੇ ਸੁਣਾਈ ਤਾਂ ਸਭ ਨੂੰ ਉਸ ਵਿੱਚੋਂ ਕੋਈ ਦਰਵੇਸ਼ ਪੁਰਖ ਨਜ਼ਰ ਆਇਆ। ਇਸ ਤੋਂ ਬਾਅਦ ਬਾਬਾ ਬੀਰਮ ਦਾਸ ਉਦਾਸੀ ਦੇ ਚੇਲੇ ਬਾਬਾ ਪੂਰਨ ਦਾਸ ਜੀ ੧੯੬੦ ਵਿਚ ਇੱਥੇ ਆਏ ਅਤੇ ਉਨ੍ਹਾਂ ਨੇ ਇਕ ਛੋਟੇ ਜਿਹੇ ਕਮਰੇ ਦੀ ਉਸਾਰੀ ਕਰਵਾ ਕੇ ਉਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰ ਦਿੱਤਾ ਸੀ। ਇਸ ਤੋਂ ਬਾਅਦ ਇਨ੍ਹਾਂ ਨੇ ਇਕ ਵੱਡੇ ਦਰਬਾਰ ਹਾਲ ਦੀ ਉਸਾਰੀ ਕਰਵਾ ਕੇ ਉਸ ਵਿਚ ਮਹਾਰਾਜ ਦਾ ਪ੍ਰਕਾਸ਼ ਕੀਤਾ। ੧੯੯੩ ਈ. ਵਿਚ ਬਾਬਾ ਪੂਰਨ ਦਾਸ ਜੀ ਇਸ ਗੁਰਧਾਮ ਦੀ ਸੇਵਾ-ਸੰਭਾਲ ਕਰਦੇ ਹੋਏ ਅਕਾਲ ਚਲਾਣਾ ਕਰ ਗਏ। ਕਵਿਤਾ ਦੇ ਰੂਪ ਵਿਚ ਇਨ੍ਹਾਂ ਦੀ ਜੀਵਨਸਾਖੀ ਗੁਰਦੁਆਰਾ ਸਾਹਿਬ ਵਿਖੇ ਲਿਖੀ ਹੋਈ ਹੈ ਜਿਸ ਵਿੱਚੋਂ ਇਨ੍ਹਾਂ ਦੁਆਰਾ ਗੁਰੂ ਤੇਗ ਬਹਾਦਰ ਜੀ ਦੀ ਚਰਨ ਛੋਹ ਪ੍ਰਾਪਤ ਇਸ ਅਸਥਾਨ ਦੀ ਉਸਾਰੀ ਕਰਨ ਅਤੇ ਵਿਭਿੰਨ ਇਲਾਕਿਆਂ ਦੀ ਸੰਗਤ ਦੇ ਮਨ ਵਿਚ ਇਸ ਅਸਥਾਨ ਪ੍ਰਤੀ ਪੈਦਾ ਹੋਏ ਉਤਸ਼ਾਹ ਅਤੇ ਪ੍ਰੇਰਨਾ ਦਾ ਜ਼ਿਕਰ ਕਰਦੇ ਹੋਏ ਦੱਸਿਆ ਗਿਆ ਹੈ:

*ਬਾਬਾ ਪੂਰਨ ਦਾਸ ਜੀ ਪਿਆਰੇ ਤੇਰੇ ਚਰਨ ਕਮਲ ਬਲਿਹਾਰੇ।*
*ਧੰਨ-ਧੰਨ ਹੈ ਤੁਹਾਡਾ ਨਗਰ ਬਦੋਛੀ ਜਹਾਂ ਤੁਸਾਂ ਨੇ ਜਨਮ ਧਾਰੇ।...*
*ਸੇਖੂਪੁਰ ਮੇ ਆਏ ਸਤਿਗੁਰ ਮੜ੍ਹੀਆਂ ਮੇ ਕਰੇ ਸੀ ਉਤਾਰੇ।*

*ਗੁਰਦੁਆਰਾ ਗੁਰੂ ਤੇਗ ਬਹਾਦਰ ਜੀ ਦਾ ਸੀ ਆਪ ਸਿਵਾਰੇ।*
*ਦਸਵੀਂ ਦਾ ਸੀ ਸਮਾਗਮ ਰਚਿਆ ਚਲਦੇ ਨੇ ਖੀਰ ਭੰਡਾਰੇ।*
*ਗੁਰਬਾਣੀ ਦਾ ਹਰਜਸ ਹੋਵੇ ਸੁਣਦੇ ਨੇ ਨਗਰ ਸਾਰੇ।*

ਇਸ ਗੁਰਧਾਮ ਦੀ ਮੌਜੂਦਾ ਇਮਾਰਤ ਬਾਬਾ ਅਮਰੀਕ ਸਿੰਘ ਕਾਰ-ਸੇਵਾ ਵਾਲਿਆਂ ਨੇ ੧੯੯੦ ਵਿਚ ਤਿਆਰ ਕਰਵਾਈ ਹੈ। ਗੁਰਦੁਆਰਾ ਸਾਹਿਬ ਦੀ ਲਗ-ਪਗ ਢਾਈ-ਤਿੰਨ ਏਕੜ ਜ਼ਮੀਨ 'ਤੇ ਦਰਬਾਰ ਹਾਲ, ਸਰੋਵਰ, ਲੰਗਰ ਹਾਲ ਦੀਵਾਨ ਹਾਲ ਅਤੇ ਗ੍ਰੰਥੀ ਸਿੰਘ ਦੀ ਰਿਹਾਇਸ਼ ਬਣੀ ਹੋਈ ਹੈ। ਇਸ ਗੁਰਧਾਮ ਦਾ ਪੁਰਾਣਾ ਰਸਤਾ ਪਿੰਡ ਵੱਲ ਸੀ ਪਰ ਫੇਰ ਸ. ਹਰਨੈਲ ਸਿੰਘ ਭੱਟਮਾਜਰਾ ਅਤੇ ਸ. ਹਜੂਰਾ ਸਿੰਘ ਨਸੀਰਪੁਰ ਵਾਲਿਆਂ ਨੇ ਡੇਢ ਕੁ ਫਰਲਾਂਗ ਥਾਂ ਸੜਕ ਵਾਲੇ ਪਾਸਿਉਂ ਗੁਰੂ-ਘਰ ਨੂੰ ਭੇਟ ਕਰ ਦਿੱਤੀ ਜਿਸ ਕਰਕੇ ਇਹ ਗੁਰਧਾਮ ਬਹਾਦਰਗੜ੍ਹ-ਘਨੌਰ ਮੁੱਖ ਸੜਕ ਨਾਲ ਜੁੜ ਗਿਆ ਹੈ। ਗੁਰਦੁਆਰਾ ਸਾਹਿਬ ਦੀ ਤਿੰਨ ਏਕੜ ਜ਼ਮੀਨ 'ਤੇ ਖੇਤੀ ਕੀਤੀ ਜਾਂਦੀ ਹੈ। ਪਿੰਡ ਦੀ ੨੧ ਮੈਂਬਰੀ ਕਮੇਟੀ ਇਸ ਗੁਰਧਾਮ ਦੀ ਸੇਵਾ-ਸੰਭਾਲ ਕਰ ਰਹੀ ਹੈ।

**ਹਸਨਪੁਰ-ਕਬੂਲਪੁਰ:** ਪਟਿਆਲਾ ਜ਼ਿਲ੍ਹੇ ਦੀ ਘਨੌਰ ਤਹਿਸੀਲ ਵਿਚ ਦੋ ਪਿੰਡ ਹਸਨਪੁਰ ਅਤੇ ਕਬੂਲਪੁਰ ਨਾਲ-ਨਾਲ ਮੌਜੂਦ ਹਨ ਜਿਹੜੇ ਕਿ ਦੋ ਸ਼ੇਖ਼ ਭਰਾਵਾਂ ਕਬੂਲਾ ਅਤੇ ਹਸਨਾ ਨੇ ਵਸਾਏ ਦੱਸੇ ਜਾਂਦੇ ਹਨ, ਇਨ੍ਹਾਂ ਦੋਵੇਂ ਪਿੰਡਾਂ ਦੀ ਵੱਖੋ-ਵੱਖਰੀ ਪੰਚਾਇਤ ਹੈ। ਗੁਰਦੁਆਰਾ ਪਾਤਸ਼ਾਹੀ ਨੌਵੀਂ ਅਤੇ ਦਸਵੀਂ ਇਨ੍ਹਾਂ ਦੋਵੇਂ ਪਿੰਡਾਂ ਦਾ ਸਾਂਝਾ ਇਤਿਹਾਸਿਕ ਅਸਥਾਨ ਹੈ। ਮਾਲਵੇ ਦੀ ਪ੍ਰਚਾਰ-ਯਾਤਰਾ ਦੌਰਾਨ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਇਸ ਪਿੰਡ ਵਿਖੇ ਨਿਵਾਸ ਕੀਤਾ ਸੀ। ਇਹ ਅਸਥਾਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਵੀ ਚਰਨ-ਛੋਹ ਪ੍ਰਾਪਤ ਹੈ। ਭਾਈ ਕਾਨ੍ਹ ਸਿੰਘ ਨਾਭਾ ਦੱਸਦੇ ਹਨ ਕਿ ਜਦੋਂ "ਗੁਰੂ ਤੇਗ ਬਹਾਦਰ ਜੀ ਇਸ ਅਸਥਾਨ 'ਤੇ ਆਏ ਤਾਂ ਇੱਥੋਂ ਦੇ ਸ਼ੇਖ਼ਾਂ ਨੇ ਗੁਰੂ ਜੀ ਦੀ ਬਹੁਤ ਸੇਵਾ ਕੀਤੀ। ਸ਼ੇਖ਼ ਪ੍ਰਗਟ ਕਰਦੇ ਹਨ ਕਿ ਉਨ੍ਹਾਂ ਪਾਸ ਗੁਰੂ ਸਾਹਿਬ ਦਾ ਹੁਕਮਨਾਮਾ ਹੈ। ਗੁਰਦਵਾਰਾ ਬਣਿਆ ਹੋਇਆ ਹੈ। ਪਾਸ ਰਿਹਾਇਸ਼ੀ ਮਕਾਨ ਹਨ ਜਿਹੜੇ ਕਬੂਲਪੁਰ ਦੀ ਸੰਗਤਿ ਨੇ ਸੰਮਤ ੧੯੭੫ (੧੯੧੮ ਈ.) ਵਿਚ ਬਣਵਾਏ ਸਨ।"[੨੬] ਪਹਿਲਾਂ ਇਹ ਅਸਥਾਨ ਛੱਪੜ ਦੇ ਕੰਢੇ ਹੁੰਦਾ ਸੀ ਪਰ ਹੌਲੀ-ਹੌਲੀ ਇਸ ਨੂੰ ਭਰ ਕੇ ਗੁਰਦੁਆਰਾ ਸਾਹਿਬ ਵਿਚ ਸ਼ਾਮਲ ਕਰ ਲਿਆ ਗਿਆ। ਮਹਾਰਾਜਾ ਪਟਿਆਲਾ ਨੇ ਇਸ ਗੁਰਧਾਮ ਦੀ ਪਹਿਲੀ ਇਮਾਰਤ ਬਣਵਾਈ ਸੀ। ਮੌਜੂਦਾ ਇਮਾਰਤ ਵੀ ਲਗ-ਪਗ ੫੫ ਸਾਲ ਪਹਿਲਾਂ ਦੀ ਬਣੀ ਹੋਈ ਹੈ। ਲਗ-ਪਗ ੨ ਏਕੜ ਜ਼ਮੀਨ 'ਤੇ ਦਰਬਾਰ ਹਾਲ, ਲੰਗਰ ਹਾਲ ਅਤੇ ਗ੍ਰੰਥੀ ਸਿੰਘਾਂ ਦੀ ਰਿਹਾਇਸ਼ ਹੈ। ਇਸ ਤੋਂ ਇਲਾਵਾ ੨੮ ਵਿੱਘੇ ਵਾਹੀ ਯੋਗ ਜ਼ਮੀਨ ਠੇਕੇ 'ਤੇ ਦਿੱਤੀ ਜਾਂਦੀ ਹੈ। ੨੦੧੬ ਈ. ਤੋਂ ਇਸ ਗੁਰਧਾਮ ਦਾ ਪ੍ਰਬੰਧ ਸਿੱਧੇ ਤੌਰ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧੀਨ ਆ ਗਿਆ ਅਤੇ ਪਟਿਆਲਾ ਦੇ ਗੁਰਦੁਆਰਾ ਦੂਖ

ਨਿਵਾਰਨ ਸਾਹਿਬ ਰਾਹੀਂ ਇਸ ਦੀ ਸੇਵਾ-ਸੰਭਾਲ ਕੀਤੀ ਜਾਂਦੀ ਹੈ।

**ਹਰਪਾਲਪੁਰ:** ਪਟਿਆਲਾ ਜ਼ਿਲ੍ਹੇ ਵਿਚ ਪਟਿਆਲਾ ਤੋਂ ਲਗ-ਪਗ ੨੪ ਕਿਲੋਮੀਟਰ ਦੀ ਦੂਰੀ 'ਤੇ ਇਹ ਗੁਰਧਾਮ ਸਥਿਤ ਹੈ। ਜਦੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਇਸ ਪਿੰਡ ਵਿਖੇ ਪੁੱਜੇ ਤਾਂ ਉਨ੍ਹਾਂ ਨੇ ਇਕ ਬਾਗ਼ ਵਿਚ ਡੇਰਾ ਕੀਤਾ ਜਿਹੜਾ ਕਿ ਬੀਬੀ ਸਿਆਮੋ ਦਾ ਦੱਸਿਆ ਜਾਂਦਾ ਹੈ। ਇਸ ਬਾਗ਼ ਵਿਚ ਇਕ ਬਰੋਟੇ ਦਾ ਰੁੱਖ ਸੀ ਜਿਸ ਹੇਠਾਂ ਗੁਰੂ ਜੀ ਆ ਕੇ ਬੈਠੇ ਸਨ। ਜਦੋਂ ਇਸ ਨੇ ਗੁਰੂ ਜੀ ਦੇ ਦਰਸ਼ਨ ਕੀਤੇ ਸਨ ਅਤੇ ਉਨ੍ਹਾਂ ਲਈ ਜਲ ਦੀ ਇਕ ਗਾਗਰ ਲੈ ਕੇ ਆਈ। ਗੁਰੂ ਜੀ ਇਸ ਦੇ ਹੱਥੋਂ ਜਲ ਛਕ ਕੇ ਅੱਗੇ ਚਲੇ ਗਏ ਸਨ। ਮੌਜੂਦਾ ਸਮੇਂ ਵਿਚ ਇਸ ਅਸਥਾਨ 'ਤੇ ਗੁਰਦੁਆਰਾ ਮੰਜੀ ਸਾਹਿਬ ਪਾਤਸ਼ਾਹੀ ਨੌਵੀਂ ਸੁਸ਼ੋਭਿਤ ਹੈ। ੮੦ ਸਾਲ ਦੇ ਬਾਬਾ ਜੈ ਸਿੰਘ ਦੱਸਦੇ ਹਨ ਕਿ ਇਹ ੯ ਸਾਲ ਦੀ ਉਮਰ ਵਿਚ ਇਸ ਅਸਥਾਨ 'ਤੇ ਆਏ ਸਨ ਅਤੇ ੧੯੭੧ ਤੋਂ ਇਸ ਗੁਰਧਾਮ ਦੀ ਸੇਵਾ-ਸੰਭਾਲ ਕਰ ਰਹੇ ਹਨ। ਇਸ ਗੁਰਧਾਮ ਦੇ ਪਿਛੋਕੜ ਦੀ ਜਾਣਕਾਰੀ ਪ੍ਰਦਾਨ ਕਰਦੇ ਹੋਏ ਇਹ ਦੱਸਦੇ ਹਨ ਕਿ ੧੯੩੩ ਈ. ਵਿਚ ਸੰਤ ਸੁੰਦਰ ਸਿੰਘ ਜੀ ਮੰਡੌਲੀ ਤੋਂ ਇੱਥੇ ਆ ਕੇ ਗੁਰਦੁਆਰਾ ਸਾਹਿਬ ਬਣਉਣ ਲਈ ਬਰੋਟੇ ਦਾ ਰੁੱਖ ਵੱਢਣ ਲੱਗੇ ਤਾਂ ਪਟਿਆਲਾ ਰਿਆਸਤ ਨੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ ਕਿਉਂਕਿ ਉਸ ਸਮੇਂ ਨਵੇਂ ਗੁਰਧਾਮ ਦੀ ਉਸਾਰੀ ਲਈ ਰਿਆਸਤ ਤੋਂ ਮਨਜ਼ੂਰੀ ਲੈਣੀ ਪੈਂਦੀ ਸੀ। ਸੰਤ ਸੁੰਦਰ ਸਿੰਘ ਜੀ ਨੂੰ ੨੦ ਦਿਨ ਕੈਦ ਵਿਚ ਰੱਖ ਕੇ ਰਿਹਾਅ ਕਰ ਦਿੱਤਾ ਗਿਆ ਅਤੇ ਪਟਿਆਲਾ ਰਿਆਸਤ ਨੇ ਗੁਰਦੁਆਰਾ ਸਾਹਿਬ ਦੀ ਉਸਾਰੀ ਆਪ ਕਰਵਾ ਦਿੱਤੀ। ੨ ਸਾਲ ਬਾਅਦ ਸੰਤ ਜੀ ਅਕਾਲ ਚਲਾਣਾ ਕਰ ਗਏ ਅਤੇ ਉਨ੍ਹਾਂ ਦੀ ਯਾਦਗਾਰ ਗੁਰਦੁਆਰਾ ਸਾਹਿਬ ਦੇ ਪਿਛਲੇ ਪਾਸੇ ਬਣੀ ਹੋਈ ਹੈ।

ਸੰਤ ਸੁੰਦਰ ਸਿੰਘ ਜੀ ਤੋਂ ਪਿੱਛੋਂ ਹਰਪਾਲਪੁਰ ਦੇ ਸੰਤ ਗੁਰਬਖ਼ਸ਼ ਸਿੰਘ ਇਸ ਅਸਥਾਨ ਦੀ ਸੇਵਾ-ਸੰਭਾਲ ਕਰਦੇ ਰਹੇ। ੧੯੭੧ ਈ. ਵਿਚ ਲਗ-ਪਗ ੨੬ ਸਾਲ ਇਸ ਗੁਰਧਾਮ ਦੀ ਸੇਵਾ ਕਰ ਕੇ ਇਹ ਅਕਾਲ ਚਲਾਣਾ ਕਰ ਗਏ। ੧੯੭੧ ਈ. ਤੋਂ ਬਾਬਾ ਜੈ ਸਿੰਘ ਇਸ ਗੁਰਧਾਮ ਦੀ ਸੇਵਾ-ਸੰਭਾਲ ਕਰ ਰਹੇ ਹਨ। ੧੯੯੭ ਈ. ਵਿਚ ਬਾਬਾ ਅਮਰੀਕ ਸਿੰਘ ਨੇ ਇਸ ਅਸਥਾਨ ਦੀ ਕਾਰ-ਸੇਵਾ ਅਰੰਭ ਕਰਵਾਈ ਸੀ। ਨਵੇਂ ਦਰਬਾਰ ਹਾਲ ਦੀ ਉਸਾਰੀ ਉਪਰੰਤ ਹੋਰ ਇਮਾਰਤਾਂ ਦੀ ਸੇਵਾ ੨੦੦੮ ਈ. ਵਿਚ ਸੰਪੂਰਨ ਹੋਈ। ਇਸ ਗੁਰਧਾਮ ਵਿਖੇ ਸੰਤ ਗੁਰਬਖ਼ਸ਼ ਸਿੰਘ ਹਰਪਾਲਪੁਰ ਗੁਰਮਤਿ ਵਿਦਿਆਲਾ ਚੱਲ ਰਿਹਾ ਹੈ ਜਿੱਥੇ ਵਿਦਿਆਰਥੀਆਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਹੋਰਨਾਂ ਗ੍ਰੰਥਾਂ ਦੀ ਸੰਥਯਾ ਅਤੇ ਸਿੱਖਿਆ ਬਾਬਾ ਜੈ ਸਿੰਘ ਪ੍ਰਦਾਨ ਕਰ ਰਹੇ ਹਨ। ਗੁਰਦੁਆਰਾ ਸਾਹਿਬ ਦੀ ੪੦ ਵਿੱਘੇ ਜ਼ਮੀਨ ਹੈ ਜਿਸ ਵਿੱਚੋਂ ੨੧ ਵਿੱਘੇ 'ਤੇ ਖੇਤੀ ਹੁੰਦੀ ਹੈ ਅਤੇ ਬਾਕੀ ਜ਼ਮੀਨ 'ਤੇ ਗੁਰਦੁਆਰਾ ਸਾਹਿਬ ਅਤੇ ਹੋਰ ਇਮਾਰਤਾਂ ਦੇ ਨਾਲ-ਨਾਲ ਸੜਕ ਬਣੀ ਹੋਈ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ

੧੯੨੫ ਈ. ਦੇ ਗੁਰਦੁਆਰਾ ਐਕਟ ਦੀ ਧਾਰਾ ੮੭ ਅਧੀਨ ਇਕ ਸਥਾਨਿਕ ਕਮੇਟੀ ਰਾਹੀਂ ਇਸ ਦਾ ਪ੍ਰਬੰਧ ਕੀਤਾ ਜਾਂਦਾ ਹੈ।

**ਕਰਹਾਲੀ:** ਪਟਿਆਲਾ ਸ਼ਹਿਰ ਤੋਂ ਇਹ ਨਗਰ ਲਗ-ਪਗ ੨੫ ਕਿਲੋਮੀਟਰ ਦੀ ਦੂਰੀ ’ਤੇ ਸਥਿਤ ਹੈ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਅਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਚਰਨ-ਛੋਹ ਪ੍ਰਾਪਤ ਇਸ ਅਸਥਾਨ ’ਤੇ ਗੁਰਦੁਆਰਾ ਸਾਹਿਬ ਪਾਤਸ਼ਾਹੀ ਛੇਵੀਂ ਤੇ ਨੌਵੀਂ ਸੁਸ਼ੋਭਿਤ ਹੈ। ਕਿਹਾ ਜਾਂਦਾ ਹੈ ਕਿ ੧੬੭੫ ਵਿਚ ਦਿੱਲੀ ਜਾਂਦੇ ਹੋਏ ਸ੍ਰੀ ਗੁਰੂ ਤੇਗ ਬਹਾਦਰ ਜੀ ਸਮਾਣੇ ਤੋਂ ਇਸ ਅਸਥਾਨ ’ਤੇ ਆਏ ਸਨ ਅਤੇ ਕੁਝ ਸਮਾਂ ਰੁਕ ਕੇ ਇੱਥੋਂ ਅੱਗੇ ਹਰਿਆਣਾ ਵਿਚ ਪੈਂਦੇ ਚੀਕਾ ਨਗਰ ਵਿਖੇ ਚਲੇ ਗਏ ਸਨ। ਪਟਿਆਲਾ ਦੇ ਮਹਾਰਾਜਾ ਕਰਮ ਸਿੰਘ (੧੭੯੮-੧੮੪੫) ਨੇ ਇੱਥੇ ਇਕ ਗੁਰਧਾਮ ਦੀ ਉਸਾਰੀ ਕਰਵਾਈ ਸੀ। ੧੯੮੪ ਵਿਚ ਕਾਰ-ਸੇਵਾ ਭੂਰੀ ਵਾਲਿਆਂ ਦੀ ਸੰਸਥਾ ਦੇ ਬਾਬਾ ਮਹਿਲ ਸਿੰਘ ਨੇ ਪੁਰਾਣੇ ਗੁਰਧਾਮ ਨੂੰ ਨਵੀਂ ਇਮਾਰਤ ਵਿਚ ਤਬਦੀਲ ਕਰ ਦਿੱਤਾ ਸੀ। ਗੁਰਦੁਆਰਾ ਸਾਹਿਬ ਦੀ ਲਗ-ਪਗ ਸਾਢੇ ਚਾਰ ਏਕੜ ਜ਼ਮੀਨ ’ਤੇ ਦਰਬਾਰ ਹਾਲ, ਲੰਗਰ ਹਾਲ, ੭ ਰਿਹਾਇਸ਼ੀ ਮਕਾਨ, ਪਾਰਕਿੰਗ, ਡਿਉੜ੍ਹੀ ਆਦਿ ਬਣੇ ਹੋਏ ਹਨ। ੩੫ ਏਕੜ ਵਾਹੀ ਯੋਗ ਜ਼ਮੀਨ ਠੇਕੇ ’ਤੇ ਦਿੱਤੀ ਜਾਂਦੀ ਹੈ। ਇਸ ਤੋਂ ਇਲਾਵਾ ਗੁਰਦੁਆਰਾ ਸਾਹਿਬ ਦੀ ੧੨ ਏਕੜ ਜ਼ਮੀਨ ’ਤੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਖ਼ਾਲਸਾ ਗਰਲਜ਼ ਕਾਲਜ ਚਲਾਇਆ ਜਾ ਰਿਹਾ ਹੈ। ੨੦੧੦ ਤੋਂ ਇਸ ਗੁਰਧਾਮ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਵੱਲੋਂ ਕੀਤਾ ਜਾ ਰਿਹਾ ਹੈ।

**ਕੋਟਲੀ:** ਪਟਿਆਲਾ ਜ਼ਿਲ੍ਹੇ ਵਿਚ ਸਮਾਣੇ ਤੋਂ ਇਹ ਪਿੰਡ ੯ ਕਿਲੋਮੀਟਰ ਦੀ ਦੂਰੀ ’ਤੇ ਸਥਿਤ ਹੈ। ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਯਾਦ ਵਿਚ ਇੱਥੇ ਗੁਰਦੁਆਰਾ ਜੰਡਸਰ ਸਾਹਿਬ ਪਾਤਸ਼ਾਹੀ ਨੌਵੀਂ ਸਥਿਤ ਹੈ। ਜੰਡ ਦਾ ਇਕ ਪੁਰਾਤਨ ਰੁੱਖ ਹਾਲੇ ਵੀ ਮੌਜੂਦ ਹੈ ਜਿਸ ਤੋਂ ਟੁੱਟੀ ਹੋਈ ਕਿਸੇ ਵੀ ਟਾਹਣੀ ਨੂੰ ਅਗਨ ਭੇਟ ਨਹੀਂ ਕੀਤਾ ਜਾਂਦਾ ਬਲਕਿ ਜਦੋਂ ਇਸ ਦੀ ਕੋਈ ਟਾਹਣੀ ਟੁੱਟ ਜਾਂਦੀ ਹੈ ਤਾਂ ਜਲ-ਪ੍ਰਵਾਹ ਕਰ ਦਿੱਤੀ ਜਾਂਦੀ ਹੈ। ਕਿਹਾ ਜਾਂਦਾ ਹੈ ਕਿ ਮਾਲਵੇ ਦੀ ਪ੍ਰਚਾਰ-ਯਾਤਰਾ ਦੌਰਾਨ ਦੋਦੜੇ ਤੋਂ ਗੁਰੂ ਜੀ ਇੱਥੇ ਆਏ ਤਾਂ ਉਨ੍ਹਾਂ ਨੇ ਜੰਡ ਦੇ ਇਸ ਰੁੱਖ ਹੇਠਾਂ ਕੁੱਝ ਸਮੇਂ ਲਈ ਡੇਰਾ ਕੀਤਾ ਸੀ। ਇਸ ਜੰਡ ਦੇ ਨਾਲ ਹੀ ਗੁਰੂ ਸਾਹਿਬ ਦੀ ਇਕ ਪੁਰਾਤਨ ਯਾਦਗਾਰ ਮੌਜੂਦ ਹੈ ਅਤੇ ਇਸ ਦੇ ਨੇੜੇ ਹੀ ਲਗ-ਪਗ ੨੦ ਸਾਲ ਪਹਿਲਾਂ ਕਾਰ ਸੇਵਾ ਰਾਹੀਂ ਇਕ ਨਵੀਂ ਇਮਾਰਤ ਦੀ ਉਸਾਰੀ ਕੀਤੀ ਗਈ ਹੈ। ਗੁਰਦੁਆਰੇ ਸਮੇਤ ਲਗ-ਪਗ ਸਾਢੇ ਛੇ ਏਕੜ ਜ਼ਮੀਨ ਗੁਰਦੁਆਰਾ ਸਾਹਿਬ ਦੇ ਨਾਂ ਹੈ।

**ਖੰਡੋਲੀ:** ਰਾਜਪੁਰਾ-ਪਟਿਆਲਾ ਸੜਕ ’ਤੇ ਰਾਜਪੁਰੇ ਤੋਂ ਲਗ-ਪਗ ੩ ਕਿਲੋਮੀਟਰ ਦੀ ਦੂਰੀ ’ਤੇ ਸਥਿਤ ਇਸ ਪਿੰਡ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਯਾਦ ਵਿਚ ਗੁਰਦੁਆਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਪਾਤਸ਼ਾਹੀ ਨੌਵੀਂ ਸਥਿਤ ਹੈ। ਕਿਹਾ ਜਾਂਦਾ ਹੈ ਕਿ

ਗੁਰੂ ਜੀ ਦੇ ਇੱਥੇ ਪੁੱਜਣ 'ਤੇ ਮਾਈ ਭਾਗ ਭਰੀ ਨੇ ਉਨ੍ਹਾਂ ਦੀ ਸੇਵਾ ਕੀਤੀ ਸੀ। ਗੁਰਦੁਆਰਾ ਸਾਹਿਬ ਦੀ ਮੌਜੂਦਾ ਇਮਾਰਤ ਬਾਬਾ ਅਮਰੀਕ ਸਿੰਘ ਨੇ ਤਿਆਰ ਕਰਵਾਈ ਹੈ। ੨੦੦੬ ਈ. ਵਿਚ ਨਵੀਂ ਇਮਾਰਤ ਦੀ ਤਿਆਰੀ ਹੋਣ 'ਤੇ ਇੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਗਿਆ ਸੀ। ਗੁਰਦੁਆਰਾ ਸਾਹਿਬ ਕੰਪਲੈਕਸ ਦੀ ਲਗ-ਪਗ ੪ ਏਕੜ ਜ਼ਮੀਨ 'ਤੇ ਦਰਬਾਰ ਹਾਲ, ਲੰਗਰ ਹਾਲ, ੫-੬ ਰਿਹਾਇਸ਼ੀ ਕਮਰੇ ਆਦਿ ਬਣੇ ਹੋਏ ਹਨ। ੮ ਏਕੜ ਜ਼ਮੀਨ 'ਤੇ ਖੇਤੀ ਹੁੰਦੀ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ੧੯੨੫ ਦੇ ਗੁਰਦੁਆਰਾ ਐਕਟ ਦੀ ਧਾਰਾ ੮੭ ਅਧੀਨ ਪੰਜ ਮੈਂਬਰੀ ਸਥਾਨਿਕ ਕਮੇਟੀ ਰਾਹੀਂ ਇਸ ਦਾ ਪ੍ਰਬੰਧ ਕੀਤਾ ਜਾਂਦਾ ਹੈ।

**ਗੁਣੀਕੇ:** ਪਟਿਆਲਾ ਜ਼ਿਲ੍ਹੇ ਵਿਚ ਇਹ ਪਿੰਡ ਨਾਭਾ-ਭਵਾਨੀਗੜ੍ਹ ਸੜਕ 'ਤੇ ਨਾਭਾ ਤੋਂ ਲਗ-ਪਗ ੧੧ ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਨਾਭਾ ਤੋਂ ਭਵਾਨੀਗੜ੍ਹ ਜਾਂਦੇ ਹੋਏ ੪ ਕਿਲੋਮੀਟਰ ਬਾਅਦ ਸਰਕਾਰੀ ਮਿਡਲ ਸਕੂਲ ਘਨੁੜਕੀ ਕੋਲੋਂ ਸੱਜੇ ਹੱਥ ਸੜਕ ਮੁੜਦੀ ਹੈ ਜਿਹੜੀ ਕਿ ਇਸ ਪਿੰਡ ਵਿੱਚੋਂ ਹੁੰਦੀ ਹੋਈ ਸਿੱਧੀ ਗੁਣੀਕੇ ਜਾਂਦੀ ਹੈ। ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਚਰਨ-ਛੋਹ ਪ੍ਰਾਪਤ ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ ਪਿੰਡ ਵਿਚ ਸਥਿਤ ਹੈ। ਇਸ ਅਸਥਾਨ ਬਾਰੇ ਜਾਣਕਾਰੀ ਦਿੰਦੇ ਹੋਏ ਭਾਈ ਕਾਨ੍ਹ ਸਿੰਘ ਨਾਭਾ ਲਿਖਦੇ ਹਨ, "ਇਸ ਥਾਂ ਨੌਮੇ ਸਤਿਗੁਰੂ ਵਿਰਾਜੇ ਹਨ। ਪਿੰਡ ਤੋਂ ਦੱਖਣ ਵੱਲ ਇਕ ਫਰਲਾਂਗ ਪੁਰ ਗੁਰਦੁਆਰਾ ਹੈ। ਇਮਾਰਤ ਦੀ ਸੇਵਾ ਮਹਾਰਾਜਾ ਭਰਪੂਰ ਸਿੰਘ ਜੀ ਨੇ ਕਰਵਾਈ ਹੈ। ਰਿਆਸਤ ਤੋਂ ਸਤਾਸੀ ਰੁਪਯੇ ਸਾਲਾਨਾ ਮਿਲਦੇ ਹਨ। ਰੇਲਵੇ ਸਟੇਸ਼ਨ ਨਾਭੇ ਤੋਂ ਛੇ ਮੀਲ ਪੱਛਮ ਹੈ।"[੨੭]

ਮੌਜੂਦਾ ਸਮੇਂ ਵਿਚ ਬਾਬਾ ਕਰਨੈਲ ਸਿੰਘ ਇੱਥੇ ਸੇਵਾ ਨਿਭਾ ਰਹੇ ਹਨ। ਇਨ੍ਹਾਂ ਨੇ ਆਪਣੇ ਤੋਂ ਪਹਿਲਾਂ ਹੋਏ ਤਿੰਨ ਪ੍ਰਮੁੱਖ ਸੇਵਾਦਾਰਾਂ ਦੇ ਇਹ ਨਾਂ ਦੱਸੇ ਹਨ - ਬਾਬਾ ਗੁਲਾਬ ਸਿੰਘ, ਬਾਬਾ ਪਾਲਾ ਸਿੰਘ ਅਤੇ ਬਾਬਾ ਪ੍ਰੀਤਮ ਸਿੰਘ। ਬਾਬਾ ਪ੍ਰੀਤਮ ਸਿੰਘ ਦੇ ਨਾਂ ਇਕ ਛੋਟੀ ਜਿਹੀ ਲਾਇਬ੍ਰੇਰੀ ਸਥਾਪਿਤ ਕੀਤੀ ਹੋਈ ਹੈ। ਗੁਰਦੁਆਰੇ ਦੀ ਨਵੀਂ ਇਮਾਰਤ ੨੦੧੩ ਈ. ਵਿਚ ਉਸਾਰੀ ਗਈ ਸੀ ਪਰ ਪੁਰਾਤਨ ਇਮਾਰਤ ਹਾਲੇ ਵੀ ਮੌਜੂਦ ਹੈ ਜਿਹੜੀ ਕਿ ਲਗ-ਪਗ ੧੫੦ ਸਾਲ ਪਹਿਲਾਂ ਪਟਿਆਲੇ ਦੇ ਮਹਾਰਾਜਾ ਭੁਪਿੰਦਰ ਸਿੰਘ ਨੇ ਬਣਵਾਈ ਸੀ। ਪਾਣੀ ਦੀ ਇਕ ਪੁਰਾਤਨ ਢਾਬ ਮੌਜੂਦ ਹੈ ਜਿਸ ਬਾਰੇ ਦੱਸਿਆ ਜਾਂਦਾ ਹੈ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਇਸ ਦੇ ਕਿਨਾਰੇ ਡੇਰਾ ਕੀਤਾ ਸੀ। ਬਾਬਾ ਕਰਨੈਲ ਸਿੰਘ ਵੱਲੋਂ ਪਿੰਡ ਦੀ ਸੰਗਤ ਦੇ ਸਹਿਯੋਗ ਨਾਲ ਗੁਰਦੁਆਰਾ ਸਾਹਿਬ ਦਾ ਪ੍ਰਬੰਧ ਕੀਤਾ ਜਾਂਦਾ ਹੈ।

**ਜਖਵਾਲੀ:** ਪਟਿਆਲਾ-ਸਰਹਿੰਦ ਸੜਕ 'ਤੇ ਇਹ ਪਿੰਡ ਪਟਿਆਲਾ ਤੋਂ ੧੭ ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਮੁੱਖ ਸੜਕ ਤੋਂ ਸੱਜੇ ਹੱਥ ਸਰਾਏ ਬਣਜਾਰਾ ਵਾਲੀ ਸੜਕ 'ਤੇ ਲਗ-ਪਗ ਇਕ ਕਿਲੋਮੀਟਰ ਦੂਰੀ 'ਤੇ ਸੁਸ਼ੋਭਿਤ ਇਹ ਗੁਰਧਾਮ

ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਯਾਦ ਦਿਵਾਉਂਦਾ ਹੈ। ਸਥਾਨਿਕ ਰਵਾਇਤ ਦੱਸਦੀ ਹੈ ਕਿ ਜਖਵਾਲੀ ਤੋਂ ਗੁਰੂ ਜੀ ਇੱਥੇ ਆਏ ਸਨ। ਲਗ-ਪਗ ੬੦ ਸਾਲ ਪਹਿਲਾਂ ਗੁਰੂ ਜੀ ਦੀ ਯਾਦ ਵਿਚ ਇੱਥੇ ਗੁਰਦੁਆਰਾ ਮੰਜੀ ਸਾਹਿਬ ਪਾਤਸ਼ਾਹੀ ਨੌਵੀਂ ਦੀ ਇਮਾਰਤ ਉਸਾਰੀ ਗਈ ਸੀ ਪਰ ਸੰਗਤ ਦੀ ਸਹੂਲਤ ਨੂੰ ਮੁੱਖ ਰੱਖਦੇ ਹੋਏ ਇਸ ਦੇ ਨਾਲ ਹੀ, ਲਗ-ਪਗ ੨੫ ਸਾਲ ਪਹਿਲਾਂ, ਇਕ ਨਵੀਂ ਇਮਾਰਤ ਦੀ ਉਸਾਰੀ ਕਰ ਲਈ ਗਈ। ਸਥਾਨਿਕ ਕਮੇਟੀ ਇਸ ਦਾ ਪ੍ਰਬੰਧ ਕਰਦੀ ਹੈ।

**ਟਹਿਲਪੁਰਾ:** ਪਟਿਆਲਾ ਜ਼ਿਲ੍ਹੇ ਵਿਚ ਸਥਿਤ ਇਹ ਪਿੰਡ ਪਟਿਆਲਾ-ਰਾਜਪੁਰਾ ਅਤੇ ਪਟਿਆਲਾ-ਸਰਹਿੰਦ ਸੜਕ ਰਾਹੀਂ ਜੁੜਿਆ ਹੋਇਆ ਹੈ। ਇਸ ਦੀ ਜਾਣਕਾਰੀ ਦਿੰਦੇ ਹੋਏ ਭਾਈ ਪ੍ਰਦੁਮਨ ਸਿੰਘ ਬੱਦੋਂ ਦੱਸਦੇ ਹਨ ਕਿ ਇਹ ਪਿੰਡ ਗੁਰਾਂ ਦੇ ਚਰਣ ਪਾਉਣ ਤੋਂ ਉਪਰੰਤ ਸੰਮਤ ੧੯੮੭ (ਸੰਨ ੧੯੩੦) ਵਿਚ ਵੱਸਿਆ ਹੈ। ਦਰਬਾਰ ਚੰਗਾ ਬਣਿਆ ਹੋਇਆ ਹੈ ਜਿਸ ਦੀ ਸੇਵਾ ਮਹਾਰਾਜਾ ਕਰਮ ਸਿੰਘ (੧੭੯੮-੧੮੪੫) ਨੇ ਅਰੰਭ ਕੀਤੀ ਤੇ ਮਹਾਰਾਜਾ ਭੁਪਿੰਦਰ ਸਿੰਘ ਜੀ ਨੇ ਸੰਮਤ ੧੯੭੩ (ਸੰਨ ੧੯੧੬) ਵਿਚ ਸੰਪੂਰਨ ਕਰਵਾਈ।[੨੮] ਸ੍ਰੀ ਗੁਰੂ ਤੇਗ ਬਹਾਦਰ ਜੀ ਇੱਥੇ ਇਕ ਪਿੱਪਲ ਦੇ ਰੁੱਖ ਹੇਠਾਂ ਬੈਠੇ ਸਨ, ਹੁਣ ਉਹ ਮੌਜੂਦ ਨਹੀਂ ਹੈ ਪਰ ਗੁਰੂ ਜੀ ਦੀ ਯਾਦ ਵਿਚ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਜੀ ਪਾਤਸ਼ਾਹੀ ਨੌਵੀਂ ਸੁਸ਼ੋਭਿਤ ਹੈ। ਨਿਰਮਲੇ ਸੰਤਾਂ ਨੇ ਇਸ ਅਸਥਾਨ 'ਤੇ ਇਕ ਥੜ੍ਹਾ ਸਾਹਿਬ ਸਥਾਪਿਤ ਕਰ ਲਿਆ ਸੀ ਅਤੇ ਲੰਮਾ ਸਮਾਂ ਇਹ ਇੱਥੇ ਸੇਵਾ ਕਰਦੇ ਰਹੇ। ਪਿੰਡ ਵਾਲਿਆਂ ਨਾਲ ਇਨ੍ਹਾਂ ਦੇ ਸੰਬੰਧਾਂ ਵਿਚ ਖਟਾਸ ਆਈ ਤਾਂ ਇਹ ਇੱਥੋਂ ਚਲੇ ਗਏ ਅਤੇ ਗੁਰਦੁਆਰਾ ਸਾਹਿਬ ਦਾ ਪ੍ਰਬੰਧ ਪਿੰਡ ਵਾਲਿਆਂ ਨੇ ਸੰਭਾਲ ਲਿਆ ਸੀ। ਮੌਜੂਦਾ ਇਮਾਰਤ ਦੀ ਉਸਾਰੀ ਬਾਬਾ ਅਮਰੀਕ ਸਿੰਘ ਕਾਰ-ਸੇਵਾ ਵਾਲਿਆਂ ਨੇ ੧੯੯੫ ਈ. ਵਿਚ ਕਰਵਾਈ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਗੁਰਪੁਰਬ ਅਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਸ਼ਹੀਦੀ ਦਿਹਾੜਾ ਇੱਥੇ ਪ੍ਰਮੁੱਖਤਾ ਨਾਲ ਮਨਾਇਆ ਜਾਂਦਾ ਹੈ। ਗੁਰਦੁਆਰਾ ਸਾਹਿਬ ਦੀ ਲਗ-ਪਗ ਇਕ ਏਕੜ ਜ਼ਮੀਨ 'ਤੇ ਦਰਬਾਰ ਹਾਲ, ਲੰਗਰ ਹਾਲ, ਚਾਰ ਰਿਹਾਇਸ਼ੀ ਕਮਰੇ ਅਤੇ ਗ੍ਰੰਥੀ ਸਿੰਘ ਦੀ ਰਿਹਾਇਸ਼ ਬਣੀ ਹੋਈ ਹੈ। ੧੧ ਮੈਂਬਰੀ ਸਥਾਨਿਕ ਕਮੇਟੀ ਇਸ ਗੁਰਧਾਮ ਦੀ ਸੇਵਾ-ਸੰਭਾਲ ਕਰਦੀ ਹੈ ਅਤੇ ਸ. ਗੁਰਿੰਦਰ ਸਿੰਘ ਇਸ ਦੇ ਪ੍ਰਧਾਨ ਹਨ।

**ਬੂਹੀ:** ਗੁਰਦੁਆਰਾ ਰਾਮਗੜ੍ਹ ਬੌੜਾਂ ਤੋਂ ਲਗ-ਪਗ ੫ ਕਿਲੋਮੀਟਰ ਦੀ ਦੂਰੀ 'ਤੇ ਸਥਿਤ ਇਹ ਗੁਰਧਾਮ ਸਰਦਾਰ ਬੰਤ ਸਿੰਘ ਅਕਾਲੀ ਦੀ ਜ਼ਮੀਨ 'ਤੇ ਬਣਿਆ ਹੋਇਆ ਹੈ। ਕਿਹਾ ਜਾਂਦਾ ਹੈ ਕਿ ਪੂਰਬ ਦੀ ਯਾਤਰਾ ਦੌਰਾਨ ਰੋਹਟੇ ਤੋਂ ਬੌੜਾਂ ਰਾਮਗੜ੍ਹ ਜਾਂਦੇ ਹੋਏ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਇਸ ਅਸਥਾਨ 'ਤੇ ਚਰਨ ਪਾਏ ਸਨ ਅਤੇ ਇਨ੍ਹਾਂ ਦੀ ਯਾਦ ਵਿਚ ਇੱਥੇ ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ ਸੁਸ਼ੋਭਿਤ ਹੈ। ਕਾਰ-ਸੇਵਾ ਵਾਲੇ ਬਾਬਾ ਹਰਬੰਸ ਸਿੰਘ ਅਤੇ ਬਾਬਾ ਬਚਨ ਸਿੰਘ ਨੇ ਇਸ ਗੁਰਧਾਮ ਦੀ

ਸੇਵਾ ਕਰਵਾਈ ਹੈ ਅਤੇ ਪਿੰਡ ਦੀ ਕਮੇਟੀ ਰਾਹੀਂ ਇਹੀ ਇਸ ਦਾ ਪ੍ਰਬੰਧ ਕਰ ਰਹੇ ਹਨ। ਪਿੰਡ ਸਿੱਖੀ ਵੱਲ ਪ੍ਰੇਰਿਤ ਹੈ।

**ਦੋਦੜਾ:** ਪਟਿਆਲਾ ਜ਼ਿਲ੍ਹੇ ਵਿਚ ਸਮਾਣੇ ਤੋਂ ਲਗ-ਪਗ ੫ ਕਿਲੋਮੀਟਰ ਦੀ ਦੂਰੀ 'ਤੇ ਇਹ ਪਿੰਡ ਕੁਲਾਰਾਂ ਵਾਲੀ ਸੜਕ 'ਤੇ ਸਥਿਤ ਹੈ। ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਯਾਦ ਵਿਚ ਇੱਥੇ ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ ਸੁਸ਼ੋਭਿਤ ਹੈ। ਮਾਲਵੇ ਦੀ ਪ੍ਰਚਾਰ-ਯਾਤਰਾ ਦੌਰਾਨ ਗੁਰੂ ਜੀ ਇੱਥੇ ਆਏ ਅਤੇ ਇਕ ਪਿੱਪਲ ਦੇ ਰੁੱਖ ਹੇਠਾਂ ਕੁੱਝ ਸਮੇਂ ਲਈ ਰੁਕੇ ਸਨ ਜਿਸ ਦਾ ਜ਼ਿਕਰ ਗੁਰਮੁਖੀ ਸਰੋਤਾਂ ਵਿਚ ਮਿਲਦਾ ਹੈ। ਦੱਸਿਆ ਜਾਂਦਾ ਹੈ ਕਿ ਲਗ-ਪਗ ੩੫ ਸਾਲ ਪਹਿਲਾਂ ਕਾਰ ਸੇਵਾ ਰਾਹੀਂ ਇੱਥੇ ਇਕ ਨਵੀਂ ਇਮਾਰਤ ਦੀ ਉਸਾਰੀ ਸਮੇਂ ਇਹ ਪਿੱਪਲ ਕੱਟ ਦਿੱਤਾ ਗਿਆ ਸੀ। ਪਿੰਡ ਦੀ ਸੰਗਤ ਵੱਲੋਂ ਗੁਰਦੁਆਰਾ ਸਾਹਿਬ ਦਾ ਪ੍ਰਬੰਧ ਕੀਤਾ ਜਾਂਦਾ ਹੈ। ਬਾਬਾ ਬਚਨ ਸਿੰਘ ਦੀ ਸਰਪ੍ਰਸਤੀ ਅਧੀਨ ਬਾਬਾ ਬਲਬੀਰ ਸਿੰਘ ਗੁਰਧਾਮ ਦੀ ਸੇਵਾ ਸੰਭਾਲ ਅਤੇ ਕਾਰ ਸੇਵਾ ਵਿਚ ਯੋਗਦਾਨ ਪਾ ਰਹੇ ਹਨ।

**ਧੰਗੇੜਾ:** ਪਟਿਆਲਾ ਜ਼ਿਲ੍ਹੇ ਵਿਚ ਨਾਭਾ-ਭਾਦਸੋਂ ਸੜਕ 'ਤੇ ਨਾਭਾ ਤੋਂ ੧੨ ਕਿਲੋਮੀਟਰ ਦੀ ਦੂਰੀ 'ਤੇ ਸਥਿਤ ਇਹ ਪਿੰਡ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਯਾਦ ਦਿਵਾਉਂਦਾ ਹੈ। ਗੁਰੂ ਜੀ ਦੀ ਯਾਦ ਵਿਚ ਇੱਥੇ ਗੁਰਦੁਆਰਾ ਗੁਰੂਸਰ ਸਾਹਿਬ ਪਾਤਸ਼ਾਹੀ ਨੌਵੀਂ ਸੁਸ਼ੋਭਿਤ ਹੈ। ਸਥਾਨਿਕ ਪਰੰਪਰਾ ਦੱਸਦੀ ਹੈ ਕਿ ਮਾਲਵੇ ਦੀ ਪ੍ਰਚਾਰ-ਯਾਤਰਾ ਦੌਰਾਨ ਸਿੰਬੜੋ ਤੋਂ ਗੁਰੂ ਜੀ ਇਸ ਅਸਥਾਨ 'ਤੇ ਆਏ ਸਨ ਅਤੇ ਇੱਥੇ ਮੌਜੂਦ ਇਕ ਟੋਭੇ ਦੇ ਕੰਢੇ 'ਤੇ ਉਨ੍ਹਾਂ ਨੇ ਵਿਸ਼ਰਾਮ ਕੀਤਾ ਸੀ। ਅੰਮ੍ਰਿਤ ਵੇਲੇ ਇਸ਼ਨਾਨ ਕਰਨ ਤੋਂ ਪਹਿਲਾਂ ਗੁਰੂ ਜੀ ਨੇ ਕਿੱਕਰ ਦੀ ਦਾਤਨ ਕਰ ਕੇ ਇੱਥੇ ਲਗਾ ਦਿੱਤੀ ਸੀ ਜਿਹੜੀ ਕਿ ਸਮਾਂ ਪਾ ਕੇ ਇਕ ਵੱਡੇ ਰੁੱਖ ਦਾ ਰੂਪ ਧਾਰਨ ਕਰ ਗਈ। ਇਸ ਰੁੱਖ ਦੀ ਜੜ੍ਹ ਹਰੀ ਰਹੀ ਅਤੇ ਉੱਪਰੋਂ ਸੁੱਕ ਜਾਣ ਦੇ ਬਾਵਜੂਦ ਵੀ ਨਵੀਆਂ ਟਹਿਣੀਆਂ ਰੁੱਖ ਦਾ ਰੂਪ ਧਾਰਨ ਕਰ ਲੈਂਦੀਆਂ ਹਨ। ਇਸ ਰੁੱਖ ਦੀ ਆਲੇ-ਦੁਆਲੇ ਦੇ ਇਲਾਕੇ ਵਿਚ ਬਹੁਤ ਸ਼ਰਧਾ-ਮਾਨਤਾ ਹੈ। ਇਸ ਕਿੱਕਰ ਦੇ ਨਾਲ ਲੱਗਦਾ ਟੋਭਾ ਸਰੋਵਰ ਦੇ ਰੂਪ ਵਿਚ ਤਬਦੀਲ ਕਰ ਦਿੱਤਾ ਗਿਆ ਹੈ। ਇਸ ਅਸਥਾਨ 'ਤੇ ਗੋਕਲ ਨਾਂ ਦਾ ਇਕ ਵਿਅਕਤੀ ਲੰਮਾ ਸਮਾਂ ਸੇਵਾ ਕਰਦਾ ਰਿਹਾ ਹੈ। ੧੯੧੨-੧੩ ਵਿਚ ਇਹ ਇਸ ਅਸਥਾਨ 'ਤੇ ਆਇਆ ਸੀ ਅਤੇ ਫਿਰ ਖੰਡੇ ਦੀ ਪਾਹੁਲ ਲੈ ਕੇ ਤ੍ਰਿਲੋਕ ਸਿੰਘ ਹੋ ਗਿਆ ਸੀ। ਸਾਧੂ ਦੇ ਰੂਪ ਵਿਚ ਸੇਵਾ ਕਰਦਾ ਹੋਇਆ ਬਾਬਾ ਤ੍ਰਿਲੋਕ ਸਿੰਘ ੧੯੭੨ ਵਿਚ ਅਕਾਲ ਚਲਾਣਾ ਕਰ ਗਿਆ ਸੀ ਪਰ ਇਹ ਅਸਥਾਨ ਇਸੇ ਦੇ ਯਤਨਾਂ ਸਦਕਾ ਅਬਾਦ ਹੋਇਆ। ਇਸ ਦੇ ਸਮੇਂ ਇਕ ਹੋਰ ਗੁਰਸਿੱਖ ਭਾਈ ਮਾਨ ਸਿੰਘ ਇਸ ਅਸਥਾਨ 'ਤੇ ਸੇਵਾ ਕਰਿਆ ਕਰਦਾ ਸੀ। ਇਹ ਇਕ ਚੰਗਾ ਪ੍ਰਬੰਧਕ ਸੀ ਅਤੇ ਇਸ ਨੇ ਗੁਰਦੁਆਰਾ ਸਾਹਿਬ ਦੀ ਉਸਾਰੀ ਵਿਚ ਵਿਸ਼ੇਸ਼ ਯੋਗਦਾਨ ਪਾਇਆ।

੨੦੦੪ ਈ. ਤੋਂ ਬਾਬਾ ਮੱਖਣ ਸਿੰਘ ਇਸ ਗੁਰਧਾਮ ਦਾ ਪ੍ਰਬੰਧ ਕਰ ਰਹੇ ਹਨ। ੨੦੦੫ ਈ. ਵਿਚ ਇਨ੍ਹਾਂ ਨੇ ਨਵੇਂ ਗੁਰਧਾਮ ਦੀ ਉਸਾਰੀ ਅਰੰਭ ਕਰਵਾਈ ਸੀ ਜਿਹੜੀ ਕਿ ੨੦੦੯ ਈ. ਵਿਚ ਸੰਪੂਰਨ ਹੋਈ। ਇਸੇ ਸਾਲ ਮਾਘ ਦੀ ਦਸਵੀਂ ਨੂੰ ਨਵੇਂ ਦਰਬਾਰ ਹਾਲ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਗਿਆ। ਲਗ-ਪਗ ੨ ਏਕੜ ਜ਼ਮੀਨ 'ਤੇ ਦਰਬਾਰ ਹਾਲ, ਲੰਗਰ ਹਾਲ, ਸਰੋਵਰ, ਦੀਵਾਨ ਹਾਲ, ਗ੍ਰੰਥੀ ਸਿੰਘ ਦੀ ਰਿਹਾਇਸ਼ ਆਦਿ ਬਣੇ ਹੋਏ ਹਨ। ੧੪ ਏਕੜ ਵਾਹੀ ਯੋਗ ਜ਼ਮੀਨ ਠੇਕੇ 'ਤੇ ਦਿੱਤੀ ਜਾਂਦੀ ਹੈ। ਇਸ ਵਿੱਚੋਂ ੧੨ ਏਕੜ ਜ਼ਮੀਨ ਪੇਦਨੀ ਪਿੰਡ ਦੇ ਸ. ਚੰਨਣ ਸਿੰਘ ਨੇ ਗੁਰੂ-ਘਰ ਨੂੰ ਭੇਟ ਕੀਤੀ ਸੀ। ਪਿੰਡ ਦੇ ਵਸਨੀਕ ਗੁਰਧਾਮ ਦੇ ਪ੍ਰਬੰਧ ਵਿਚ ਕਾਰ-ਸੇਵਾ ਵਾਲਿਆਂ ਨੂੰ ਪੂਰਨ ਸਹਿਯੋਗ ਪ੍ਰਦਾਨ ਕਰਦੇ ਹਨ।

**ਨਨਹੇੜੀ:** ਪਟਿਆਲਾ ਜ਼ਿਲ੍ਹੇ ਦੀ ਘਨੌਰ ਤਹਿਸੀਲ ਵਿਚ ਘੱਗਰ ਦਰਿਆ ਦੇ ਕੰਢੇ ਵੱਸਿਆ ਹੋਇਆ ਇਹ ਪਿੰਡ ਬਹਾਦਰਗੜ੍ਹ ਤੋਂ ਰਾਏਪੁਰ, ਸੀਲ, ਕਾਮੀ ਕਲਾਂ, ਪਿੱਪਲ ਮੰਘੋਲੀ ਰਾਹੀਂ ੨੪ ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਲੋਹਸਿੰਬਲੀ ਤੋਂ ੬ ਕਿਲੋਮੀਟਰ ਦੀ ਦੂਰੀ 'ਤੇ ਸਥਿਤ ਇਸ ਪਿੰਡ ਨੂੰ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਚਰਨ-ਛੋਹ ਪ੍ਰਾਪਤ ਹੈ। ਘੱਗਰ ਦਰਿਆ ਦੇ ਕੰਢੇ 'ਤੇ ਗੁਰੂ ਜੀ ਦੀ ਯਾਦ ਵਿਚ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਜੀ ਪਾਤਸ਼ਾਹੀ ਨੌਵੀਂ ਸੁਸ਼ੋਭਿਤ ਹੈ। ੧੬੬੫ ਵਿਚ ਪੂਰਬ ਦੀ ਯਾਤਰਾ 'ਤੇ ਜਾਂਦੇ ਹੋਏ ਜਦੋਂ ਗੁਰੂ ਜੀ ਇੱਥੇ ਆਏ ਤਾਂ ਘੋਗਾ ਇੱਥੋਂ ਦਾ ਮਸੰਦ ਸੀ। ਪੂਰਬ ਦੀ ਯਾਤਰਾ ਤੋਂ ਵਾਪਸ ਆਉਂਦੇ ਹੋਏ ਵੀ ਗੁਰੂ ਜੀ ਇਸ ਅਸਥਾਨ 'ਤੇ ਆਏ ਸਨ। ਪਟਨਾ ਸਾਹਿਬ ਤੋਂ ਵਾਪਸ ਸ੍ਰੀ ਅਨੰਦਪੁਰ ਸਾਹਿਬ ਆਉਂਦੇ ਹੋਏ ਬਾਲ ਗੋਬਿੰਦ ਰਾਇ (ਸ੍ਰੀ ਗੁਰੂ ਗੋਬਿੰਦ ਸਿੰਘ) ਜੀ ਵੀ ਇਸ ਪਿੰਡ ਵਿਖੇ ਆਏ ਸਨ।

ਗੁਰਦੁਆਰਾ ਸਾਹਿਬ ਦੀ ਮੌਜੂਦਾ ਇਮਾਰਤ ਪਟਿਆਲੇ ਦੇ ਬਾਬਾ ਅਮਰੀਕ ਸਿੰਘ ਕਾਰ-ਸੇਵਾ ਵਾਲਿਆਂ ਵੱਲੋਂ ੨੦੦੧ ਈ. ਵਿਚ ਤਿਆਰ ਕੀਤੀ ਗਈ ਹੈ। ਇਕ ਪੁਰਾਤਨ ਖੂਹ ਗੁਰਦੁਆਰਾ ਸਾਹਿਬ ਦੇ ਚੌਗਿਰਦੇ ਵਿਚ ਮੌਜੂਦ ਹੈ ਜਿਸ ਦੀ ਸਫ਼ਾਈ ਕਰ ਕੇ ਪਾਣੀ ਵਰਤਿਆ ਜਾ ਸਕਦਾ ਹੈ। ਗੁਰਦੁਆਰਾ ਸਾਹਿਬ ਦੀ ਲਗ-ਪਗ ਇਕ ਏਕੜ ਜ਼ਮੀਨ 'ਤੇ ਦਰਬਾਰ ਹਾਲ, ਲੰਗਰ ਹਾਲ ਅਤੇ ੧੯੬੮ ਦੀ ਇਕ ਧਰਮਸ਼ਾਲਾ ਬਣੀ ਹੋਈ ਹੈ। ੧੦ ਏਕੜ ਵਾਹੀ ਯੋਗ ਜ਼ਮੀਨ ਹੈ। ਪਿੰਡ ਦੀ ੫ ਮੈਂਬਰੀ ਕਮੇਟੀ ਇਸ ਦਾ ਪ੍ਰਬੰਧ ਦੇਖਦੀ ਹੈ।

**ਨਰੜੂ:** ਪਟਿਆਲਾ-ਰਾਜਪੁਰਾ ਸੜਕ 'ਤੇ ਧਰੇੜੀ ਜੱਟਾਂ ਦੇ ਟੋਲ ਪਲਾਜ਼ਾ ਤੋਂ ਤਿੰਨ ਕਿਲੋਮੀਟਰ ਬਾਅਦ ਸੱਜੇ ਹੱਥ ਢਾਈ ਕਿਲੋਮੀਟਰ ਦੀ ਦੂਰੀ 'ਤੇ ਇਹ ਪਿੰਡ ਮੌਜੂਦ ਹੈ। ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਯਾਦ ਵਿਚ ਇਸ ਪਿੰਡ ਵਿਖੇ ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ ਸੁਸ਼ੋਭਿਤ ਹੈ। ਗੁਰਦੁਆਰਾ ਸਾਹਿਬ ਦੇ ਸਾਬਕਾ ਪ੍ਰਧਾਨ ਸ. ਹਰਕੇਸ਼ ਸਿੰਘ ਨੇ ਦੱਸਿਆ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਇਸ ਪਿੰਡ ਵਿਖੇ ਆਏ ਸਨ ਪਰ

ਜਿੱਥੇ ਗੁਰੂ ਸਾਹਿਬ ਕੁਝ ਸਮੇਂ ਲਈ ਰੁਕੇ ਸਨ, ਉੱਥੇ ਕੋਈ ਗੁਰਧਾਮ ਪ੍ਰਗਟ ਨਹੀਂ ਹੋ ਸਕਿਆ। ਗੁਰੂ ਸਾਹਿਬ ਦੀ ਯਾਦ ਵਿਚ ਮੌਜੂਦਾ ਗੁਰਧਾਮ ਨਿਰਮਲੇ ਸੰਤਾਂ ਦਾ ਡੇਰਾ ਸੀ ਜਿੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੁੰਦਾ ਸੀ। ਨਿਰਮਲੇ ਸੰਤਾਂ ਤੋਂ ਇਸ ਅਸਥਾਨ ਦਾ ਪ੍ਰਬੰਧ ਪਿੰਡ ਵਾਲਿਆਂ ਕੋਲ ਆਇਆ। ਲਗ-ਪਗ ੪੫ ਸਾਲ ਪਹਿਲਾਂ ਇੱਥੇ ਇਕ ਛੋਟਾ ਦਰਬਾਰ ਹਾਲ ਸੀ ਜਿਸ ਦੀ ਜਗ੍ਹਾ 'ਤੇ ਨਵੇਂ ਗੁਰਧਾਮ ਦੀ ਉਸਾਰੀ ਕੀਤੀ ਗਈ। ਹੁਣ ਨਵਾਂ ਦਰਬਾਰ ਹਾਲ ਬਣਾਉਣ ਦੀ ਯੋਜਨਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਤੇਗ ਬਹਦਾਰ ਜੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਗੁਰਪੁਰਬ ਤੋਂ ਇਲਾਵਾ ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਸ਼ਹੀਦੀ ਗੁਰਪੁਰਬ ਪ੍ਰਮੁੱਖਤਾ ਨਾਲ ਮਨਾਏ ਜਾਂਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦੋ ਪੁਰਾਤਨ ਸਰੂਪ ਇੱਥੇ ਸੰਭਾਲ ਕੇ ਰੱਖੇ ਹੋਏ ਹਨ। ਇਨ੍ਹਾਂ ਵਿੱਚੋਂ ਇਕ ੭੯੩ ਪੱਤਰਿਆਂ ਵਾਲਾ ਹੱਥ-ਲਿਖਤ ਸਰੂਪ ਹੈ। ੧੯੩੭ ਪੰਨਿਆਂ ਵਾਲਾ ਦੂਜਾ ਵੱਡ-ਅਕਾਰੀ ਸਰੂਪ ਸੰ. ਨਾ. ੪੩੦ (੧੮੯੯) ਵਿਚ ਮੁਨਸ਼ੀ ਗੁਲਾਬ ਸਿੰਘ ਐਂਡ ਸਨਜ਼, ਲਾਹੌਰ ਤੋਂ ਛਪਿਆ ਹੋਇਆ ਹੈ।

ਗੁਰਦੁਆਰਾ ਸਾਹਿਬ ਦੀ ਲਗ-ਪਗ ਅੱਧਾ ਏਕੜ ਜ਼ਮੀਨ 'ਤੇ ਦਰਬਾਰ ਹਾਲ, ਲੰਗਰ ਹਾਲ ਅਤੇ ਗ੍ਰੰਥੀ ਸਿੰਘ ਦੀ ਰਿਹਇਸ਼ ਬਣੇ ਹੋਏ ਹਨ। ਇਸ ਤੋਂ ਇਲਾਵਾ ੨੩ ਏਕੜ ਵਾਹੀ ਯੋਗ ਜ਼ਮੀਨ ਠੇਕੇ 'ਤੇ ਦਿੱਤੀ ਜਾਂਦੀ ਹੈ। ੫ ਵਿੱਘੇ ਜ਼ਮੀਨ 'ਤੇ ਸ੍ਰੀ ਗੁਰੂ ਤੇਗ ਬਹਾਦਰ ਪਬਲਿਕ ਸਕੂਲ ਬਣਿਆ ਹੋਇਆ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਗੁਰਦੁਆਰਾ ਐਕਟ ਦੀ ਧਾਰਾ ੮੭ ਅਧੀਨ ਇਸ ਗੁਰਧਾਮ ਦਾ ਪ੍ਰਬੰਧ ਕਰਦੀ ਹੈ। ਪੰਜ ਪਿੰਡਾਂ ਦੀ ਸਥਾਨਿਕ ਪੰਜ ਮੈਂਬਰੀ ਕਮੇਟੀ ਬਣੀ ਹੋਈ ਹੈ। ਘੁਮਾਣ, ਰਾਉ ਮਾਜਰਾ, ਲੱਖੋ ਮਾਜਰਾ, ਨੱਥੂ ਮਾਜਰਾ ਅਤੇ ਨਰੜੂ ਪਿੰਡਾਂ ਦੀਆਂ ਵੋਟਾਂ ਰਾਹੀਂ ਚਾਰ ਮੈਂਬਰ ਚੁਣੇ ਜਾਂਦੇ ਹਨ ਅਤੇ ਇਕ ਮੈਂਬਰ ਨਾਮਜ਼ਦ ਕੀਤਾ ਜਾਂਦਾ ਹੈ। ਸ. ਹਰਸਾ ਸਿੰਘ ਮੌਜੂਦਾ ਪੰਜ ਮੈਂਬਰੀ ਕਮੇਟੀ ਦੇ ਪ੍ਰਧਾਨ ਹਨ।

**ਹਵਾਲੇ :**


੨੩. ਸੑਰੂਪ ਸਿੰਘ ਕੌਸ਼ਿਸ਼, *ਗੁਰੂ ਕੀਆਂ ਸਾਖੀਆਂ*, ਸਾਖੀ ੨੧, ਪੰਨਾ ੬੯.

੨੪. Gurmukh Singh, *Historical Sikh Shrines,* p. 129.

੨੫. ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼*, ਪੰਨਾ ੩.

੨੬. ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼*, ਪੰਨਾ ੨੫੬.

੨੭. ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼*, ਪੰਨਾ ੪੧੩.

੨੮. ਪ੍ਰਦੁਮਨ ਸਿੰਘ ਬੱਦੋਂ, *ਗੁਰਧਾਮ ਦੀਦਾਰ*, ਪੰਨਾ ੨੦੩.


***ਚਲਦਾ . . .***

# 'ਵੀਰ ਬਾਲ ਦਿਵਸ' ਜਾਂ 'ਸਾਹਿਬਜ਼ਾਦੇ ਸ਼ਹਾਦਤ ਦਿਵਸ'

*-ਐਡਵੋਕੇਟ ਗੁਰਚਰਨਜੀਤ ਸਿੰਘ ਲਾਂਬਾ**

ਭਾਰਤ ਸਰਕਾਰ ਵੱਲੋਂ ਸਾਹਿਬਜ਼ਾਦਿਆਂ ਦੀ ਪਾਵਨ ਯਾਦ ਵਿਚ ਹਰ ਸਾਲ ੧੪ ਨਵੰਬਰ ਨੂੰ 'ਵੀਰ ਬਾਲ ਦਿਵਸ' ਦੇ ਨਾਮ 'ਤੇ ਮਨਾਉਣ ਦਾ ਐਲਾਨ ਕੀਤਾ ਗਿਆ। ਇਸ ਐਲਾਨ ਨਾਲ ਪੰਥ ਵਿਚ ਇਕ ਨਵੀਂ ਦੁਬਿਧਾ ਅਤੇ ਦੁਚਿੱਤੀ ਖੜੀ ਹੋ ਗਈ ਹੈ। ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਪੰਥ ਦੀ ਸਿਰਮੌਰ ਜਥੇਬੰਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਰਕਾਰ ਵੱਲੋਂ ਸਾਹਿਬਜ਼ਾਦਿਆਂ ਦੀ ਯਾਦ ਮਨਾਉਣ ਦਾ ਤਾਂ ਸਵਾਗਤ ਕੀਤਾ ਗਿਆ ਪਰ ਇਸ ਦਾ ਨਾਮ 'ਵੀਰ ਬਾਲ ਦਿਵਸ' ਨੂੰ ਪ੍ਰਵਾਨ ਨਹੀਂ ਕੀਤਾ ਕਿਉਂਕਿ ਇਹ ਨਾਮ ਸਿੱਖ ਪ੍ਰੰਪਰਾਵਾਂ ਦੇ ਅਨਕੂਲ ਨਹੀਂ ਹੈ।

ਸਰਕਾਰ ਵੱਲੋਂ ਆਪਣੇ ਆਪ ਹੀ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਦਰਕਿਨਾਰ ਕਰ ਕੇ ਅਤੇ ਬਿਨਾਂ ਸਲਾਹ ਮਸ਼ਵਰੇ ਦੇ ਇਸ ਦਾ ਨਾਮ ਅਤੇ ਦਿਨ ਨਿਸਚਿਤ ਕਰ ਦੇਣਾ ਪੰਥ ਨੂੰ ਪ੍ਰਵਾਨ ਨਹੀਂ ਹੋ ਸਕਦਾ। ਇਹ ਪੰਥ ਦਾ ਹੱਕ ਅਤੇ ਫ਼ਰਜ਼ ਹੈ ਕਿ ਇਸ ਦਿਨ ਨੂੰ ਕਿਸ ਨਾਮ ਨਾਲ ਅਤੇ ਕਿਸ ਤਰ੍ਹਾਂ ਮਨਾਇਆ ਜਾਏ। ਹੁਣ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਇਸ ਦਾ ਨਾਮ 'ਸਾਹਿਬਜ਼ਾਦੇ ਸ਼ਹਾਦਤ ਦਿਵਸ' ਸੁਝਾਇਆ ਗਿਆ ਹੈ।

ਕਲਗੀਧਰ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਚਾਰੋਂ ਸਾਹਿਬਜ਼ਾਦਿਆਂ ਦੀ ਸ਼ਹਾਦਤ ਦੁਨੀਆ ਦੇ ਇਤਿਹਾਸ ਵਿਚ ਵਿਲੱਖਣ ਹੈ। ਇਸ ਦਿਨ ਨੂੰ ਨਾ ਤਾਂ ਮਾਤਮ ਹੀ ਮਨਾਇਆ ਜਾਂਦਾ ਹੈ ਅਤੇ ਨਾ ਹੀ ਮੇਲੇ ਲਗਾਏ ਜਾਂਦੇ ਹਨ। ਸਾਹਿਬਜ਼ਾਦਿਆਂ ਦੀ ਪਾਵਨ ਯਾਦ ਵਿਚ ਜੋੜ ਮੇਲ ਹੁੰਦਾ ਹੈ।

ਸੰਨ ੨੦੧੮ ਈ. ਵਿਚ ਪਾਰਲੀਮੈਂਟ ਦੇ ਸੱਠ ਭਾਰਤੀ ਜਨਤਾ ਪਾਰਟੀ ਦੇ ਮੈਂਬਰਾਂ ਨੇ ਪ੍ਰਧਾਨ ਮੰਤਰੀ ਤੋਂ ਮੰਗ ਕੀਤੀ ਕਿ ੨੬ ਦਸੰਬਰ ਨੂੰ ਸਾਹਿਬਜ਼ਾਦਿਆਂ ਦੀ ਯਾਦ ਦੇ ਤੌਰ 'ਤੇ 'ਬਾਲ ਦਿਵਸ' ਐਲਾਨਿਆ ਜਾਏ। ਵੈਸੇ ੧੯੪੭ ਈ. ਤੋਂ ਹੀ ੧੪ ਨਵੰਬਰ ਨੂੰ ਪੰਡਤ ਨਹਿਰੂ ਦੇ ਜਨਮ ਦਿਨ ਨੂੰ 'ਬਾਲ ਦਿਵਸ' childrens' day ਕਰਕੇ ਮਨਾਇਆ ਜਾਂਦਾ ਰਿਹਾ ਹੈ। ਉਪਰੰਤ ਸਰਕਾਰੀ ਤੌਰ 'ਤੇ ੧੪ ਨਵੰਬਰ, ੧੯੫੭ ਈ. ਤੋਂ ਇਸ ਦਿਨ ਨੂੰ ਬਾਲ ਦਿਵਸ ਦੇ ਤੌਰ 'ਤੇ ਮਨਾਉਣਾ ਸ਼ੁਰੂ ਹੋਇਆ ਅਤੇ ਇਸ ਦਿਨ ਤਿੰਨ ਯਾਦਗਾਰੀ ਡਾਕ ਟਿਕਟਾਂ ਅਤੇ ਇਕ ਟਿਕਟ ਲਿਫਾਫਾ ਜਾਰੀ ਕੀਤਾ ਗਿਆ। ਹੁਣ ਤਕ ਇਸ ਸੰਦਰਭ ਵਿਚ ੫੦-੬੦ ਡਾਕ ਟਿਕਟਾਂ ਵੀ ਜਾਰੀ ਹੋ ਚੁਕੀਆਂ ਹਨ। ਇਸ ਤਰ੍ਹਾਂ 'ਬਾਲ ਦਿਵਸ' ਦਾ ਸਿੱਧਾ ਪਧਰਾ ਅਰਥ ਜੋ ਆਮ ਬੋਲਚਾਲ ਦੀ ਭਾਸ਼ਾ ਵਿਚ

*santsipahi@gmail.com, Ph. +19736990950

ਲਿਆ ਅਤੇ ਪ੍ਰਚਾਰਿਆ ਗਿਆ ਹੈ, ਉਹ ਹੈ ਨਹਿਰੂ ਦੇ ਨਾਮ 'ਤੇ ਬਾਲ ਦਿਵਸ ਜਾਂ ਬੱਚਿਆਂ ਦਾ ਦਿਨ। ਇਸ ਦਿਨ ਬੱਚਿਆਂ ਨੂੰ ਸਾਹਮਣੇ ਰੱਖ ਕੇ ਪ੍ਰੋਗਰਾਮ ਉਲੀਕੇ ਜਾਂਦੇ ਰਹੇ ਹਨ। ਸਾਹਿਬਜ਼ਾਦਿਆਂ ਨੂੰ ਤਾਂ ਸਿੱਖ ਜਗਤ 'ਬਾਬਾ' ਕਰ ਕੇ ਸਤਿਕਾਰਦਾ ਹੈ।

'ਵੀਰ ਬਾਲ ਦਿਵਸ' ਦੋ ਲਫ਼ਜ਼ਾਂ ਦਾ ਜੋੜ ਹੈ, 'ਵੀਰ' ਅਤੇ 'ਬਾਲ ਦਿਵਸ'। ਹੁਣ ਜੇ ਪੰਡਤ ਨਹਿਰੂ ਦੇ ਨਾਮ ਤੋਂ 'ਬਾਲ ਦਿਵਸ' ਹਟਾ ਕੇ ਸਾਹਿਬਜ਼ਾਦਿਆਂ ਦੇ ਨਾਮ 'ਤੇ ਦੇ ਕਰ ਦਿੱਤਾ ਗਿਆ ਹੈ ਤਾਂ ਕੀ ਕੱਲ ਨੂੰ ਜੇ ਨਹਿਰੂ ਸਮਰਥਕ ਇਸ ਨੂੰ ਮੁੜ ਵਾਪਸ ਬਹਾਲ ਕਰਨਗੇ ਤਾਂ ਫਿਰ ਇਹ ਵਿਵਾਦਤ ਕਲੇਸ਼ ਸਾਡੇ ਸਿਰ ਕਿਉਂ?

ਹੁਣ ਗੁਰੂ ਸੁਤ ਸਾਹਿਬਜ਼ਾਦਿਆਂ ਦੀ ਮਹਾਨ ਸ਼ਹਾਦਤ ਨਾ ਤਾਂ ਬੱਚਿਆਂ ਦੀ ਖੇਡ ਹੈ ਅਤੇ ਨਾ ਹੀ ਇਸ ਨੂੰ ਬੱਚਿਆਂ ਦਾ ਦਿਨ ਹੀ ਕਿਹਾ ਜਾ ਸਕਦਾ ਹੈ। ਸ਼ੇਖ ਸਾਅਦੀ ਦਾ ਕਥਨ ਵੀ ਹੈ— "ਬਜ਼ੁਰਗੇ ਬਾਅਕਲ ਅਸਤ, ਨਕੇ ਬਾ-ਸਾਲ" ਇਸੇ ਲਈ ਮਹਾਨ ਸਾਹਿਬਜ਼ਾਦਿਆਂ ਨੂੰ ਬਾਬਾ ਕਰਕੇ ਮੁਖ਼ਾਤਬ ਕੀਤਾ ਜਾਂਦਾ ਹੈ। ਫ਼ਤਿਹਗੜ੍ਹ ਸਾਹਿਬ 'ਤੇ ਉੱਕਰੇ ਗੁਰਬਾਣੀ ਦਾ ਇਹ ਮਹਾਨ ਵਾਕ ਕਿਤਨਾ ਭਾਵਪੂਰਤ ਹੈ, *ਜੋਬਨ ਜਾਂਦੇ ਨਾ ਡਰਾਂ ਜੇ ਸਹ ਪ੍ਰੀਤਿ ਨ ਜਾਇ॥* ਸਰਵ-ਵਿਦਤ ਹੈ ਕਿ ਕਿਸ ਸ਼ਾਲੀਨਤਾ ਅਤੇ ਸਤਿਕਾਰ ਨਾਲ ਇਹ ਪੂਰਾ ਸ਼ਹੀਦੀ ਹਫ਼ਤਾ ਮਨਾਇਆ ਜਾਂਦਾ ਹੈ।

ਸਦੀਆਂ ਬੀਤ ਗਈਆਂ ਇਸ ਪਾਵਨ ਦਿਨ ਨੂੰ ਤਾਂ ਮੇਲ ਵੀ ਨਹੀਂ ਬਲਕਿ 'ਸ਼ਹੀਦੀ ਜੋੜ ਮੇਲ' ਕਰ ਕੇ ੧੩ ਪੋਹ ਨੂੰ ਮਨਾਇਆ ਜਾਂਦਾ ਹੈ। ਇਸ ਸਾਲ ਇਹ ੨੮ ਦਸੰਬਰ ਨੂੰ ਹੈ। ਪਰ ਸਰਕਾਰ ਵੱਲੋਂ ਇਹ ੨੬ ਦਸੰਬਰ ਨੂੰ ਨਿਸਚਿਤ ਕੀਤਾ ਗਿਆ ਹੈ। ਕੀ ਪੰਥ ਹੁਣ ਇਹ ਵੀ ਨਿਸਚਿਤ ਨਹੀਂ ਕਰ ਸਕਦਾ? ਕੀ ਇਹ ਧਾਰਮਿਕ ਮਾਮਲੇ ਵਿਚ ਦਖ਼ਲ ਨਹੀਂ? ਜੇਕਰ ਰਾਮ ਨਵਮੀ, ਜਨਮ ਅਸ਼ਟਮੀ, ਬੁਧ ਪੂਰਨਿਮਾ, ਦਸਹਿਰਾ, ਸ਼ਿਵ ਰਾਤੀ, ਦਿਵਾਲੀ, ਮੁਹੱਰਮ ਆਦਿ ਦੀ ਤਰੀਕ ਨਿਸਚਿਤ ਨਹੀਂ ਕੀਤੀ ਗਈ ਪਰ ਇਸ ਤਾਰੀਖ਼ ਨੂੰ ਸਰਕਾਰ ਵੱਲੋਂ ਆਪਣੇ ਆਪ ਨਿਸਚਿਤ ਕਰਨਾ ਸਹੀ ਨਹੀਂ ਕਿਹਾ ਜਾ ਸਕਦਾ। ਸਰਕਾਰ ਵੱਲੋਂ ਉਸੇ ਦਿਨ ਨੂੰ ਛੁੱਟੀ ਐਲਾਨਣੀ ਚਾਹੀਦੀ ਹੈ ਜਿਸ ਦਿਨ ਫ਼ਤਿਹਗੜ੍ਹ ਸਾਹਿਬ ਇਹ ਜੋੜ ਮੇਲਾ ਮਨਾਇਆ ਜਾਂਦਾ ਹੈ।

ਇਹ ਸਹੀ ਹੈ ਕਿ ਪੰਡਿਤ ਨਹਿਰੂ ਨਾਲ ਸਿਆਸੀ ਮਤਭੇਦ ਹੋਣ ਕਾਰਨ ਬਾਰ-ਬਾਰ ਇਕ ਵਰਗ ਵਿਸ਼ੇਸ਼ ਵੱਲੋਂ ਇਹ ਮੰਗ ਕੀਤੀ ਜਾਂਦੀ ਰਹੀ ਹੈ ਕਿ ਨਹਿਰੂ ਦੇ ਨਾਮ 'ਤੇ ਨਿਸਚਿਤ ਬਾਲ ਦਿਵਸ' ਨੂੰ ਨਹਿਰੂ ਨਾਲੋਂ ਵਿਛੇਦ ਕਰ ਕੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਹਾੜੇ ਨੂੰ 'ਬਾਲ ਦਿਵਸ' ਨਿਰਧਾਰਿਤ ਕੀਤਾ ਜਾਏ। ਸਵਾਲ ਨਹਿਰੂ ਨਾਲ ਕਿਸੇ ਹੇਤ ਜਾਂ ਦ੍ਵੇਸ਼ ਦਾ ਨਹੀਂ ਪਰ ਇਸ ਤਰ੍ਹਾਂ ਇਕ ਨਿਸਚਿਤ ਅਤੇ ਪ੍ਰਚਲਿਤ ਨਾਮ ਨੂੰ ਉਤਾਰ ਕੇ ਸਾਹਿਬਜ਼ਾਦਿਆਂ ਦੇ ਨਾਮ 'ਤੇ ਰਖਿਆ ਜਾਏ, ਇਹ ਸਾਹਿਬਜ਼ਾਦਿਆਂ ਦੀ ਨਿਰਾਦਰੀ ਹੈ। ਸਿੱਖ ਪਰੰਪਰਾ ਵਿਚ ਤਾਂ ਮਹਾਰਾਜਾ ਰਣਜੀਤ ਸਿੰਘ ਵੱਲੋਂ ਪਹਿਲਾਂ ਲੱਗ ਚੁੱਕੀ ਚਾਨਣੀ ਸ੍ਰੀ ਦਰਬਾਰ ਸਾਹਿਬ ਭੇਟ ਕਰਨ 'ਤੇ ਵੀ ਤਨਖਾਹ ਲੱਗੀ ਸੀ।

ਪਿੱਛੇ ਜਿਹੇ ਉਤਰਨ ਨਾਮ ਦਾ ਇਕ ਟੀ. ਵੀ. ਸੀਰੀਅਲ ਬਹੁਤ ਮਸ਼ਹੂਰ ਹੋਇਆ ਸੀ। ਉਸ ਵਿਚ ਇਕ ਗ਼ਰੀਬ ਕੁੜੀ ਜੋ ਘਰ ਵਿਚ ਨੌਕਰਾਣੀ ਦਾ ਕੰਮ ਕਰਦੀ ਹੈ ਉਹ ਆਪਣੀ ਮਾਲਕਿਨ ਨੂੰ ਕਹਿ ਰਹੀ ਹੈ ਕਿ ਮੈਨੂੰ ਨਵੇਂ ਕੱਪੜੇ ਨਹੀ ਦੇ ਸਕਦੇ ਤਾਂ ਆਪਣੀ ਉਤਰਨ (ਪੁਰਾਣੇ ਲੱਥੇ ਹੋਏ ਕੱਪੜੇ) ਹੀ ਦੇ ਦਿਉ। ਮਨੁ ਸਿਮਰਤੀ ਦੇ ਅਧਿਆਇ ੧੦ ਦੇ ਸ਼ਲੋਕ ੫੨ 'ਤੇ ਵੀ ਅੰਕਤ ਹੈ ਕਿ ਸਮਾਜ ਦੇ ਅਖੌਤੀ ਅਤਿ ਨੀਵੀਂ ਜਾਤ ਵਾਲਿਆਂ ਨੂੰ ਮੁਰਦਿਆਂ ਦੇ ਉਤਾਰੇ ਹੋਏ ਅਤੇ ਚੀਥੜੇ ਵਸਤ ਦਿੱਤੇ ਜਾਣ:-

वासांसि मृतचैलानि भिन्नभाण्डेषु भोजनम्।
कार्णायसमलंकार: परिवज्या च नित्यत: ॥५२॥

ਹੁਣ ਬਾਲ ਦਿਵਸ ਲਫ਼ਜ਼ ਉਤਰਨ ਦੀ ਤਰ੍ਹਾਂ ਲਗਦਾ ਹੈ। ਇਸ ਦੇ ਇਲਾਵਾ 'ਵੀਰ ਬਾਲ ਦਿਵਸ' ਵਿਚ ਵਰਤੇ 'ਵੀਰ' ਲਫ਼ਜ਼ ਬਾਰੇ ਬੇਨਤੀ ਹੈ ਕਿ ਇਹ ਸਾਧਾਰਨ ਲਫ਼ਜ਼ ਨਹੀਂ ਹੈ। ਇਸਦੇ ਗਹਿਰ ਗੰਭੀਰ ਅਤੇ ਦੂਰਗਾਮੀ ਪ੍ਰਭਾਵਕਾਰੀ ਅਰਥ ਹਨ। ਹਿੰਦੂ ਫ਼ਲਸਫ਼ੇ ਵਿਚ ਜੋਗੀ, ਜਤੀ, ਜੋਗਈਆਂ ਅਤੇ ਵੀਰ ਆਦਿ ਹਨ। ਇਸ ਤਰ੍ਹਾਂ ਸਕੰਦ ਪੁਰਾਣ ਦੇ ਕੇਦਾਰਖੰਡ ਵਿਚ ਬਵੰਜਾ ਵੀਰ ਮੰਨੇ ਗਏ ਹਨ। ਇਨ੍ਹਾਂ ਵਿਚ ਸਰੇਸ਼ਟਤਮ ਹਨੂੰਮਾਨ ਨੂੰ ਮਹਾਂਵੀਰ ਮੰਨਿਆ ਗਿਆ ਹੈ। ਜਿਵੇਂ ਸਾਵਰਕਰ ਦੇ ਨਾਮ ਅੱਗੇ ਵੀਰ ਲਫ਼ਜ਼ ਜੋੜ ਦਿੱਤਾ ਗਿਆ। ਇਸੇ ਤਰ੍ਹਾਂ ਬਾਬਾ ਬੰਦਾ ਸਿੰਘ ਬਹਾਦਰ ਗੁਰੂ ਕਲਗੀਧਰ ਪਿਤਾ ਤੋਂ ਵਰੋਸਾਏ ਮਹਾਨ ਯੋਧੇ ਸਨ। ਉਨ੍ਹਾਂ ਨੂੰ ਵੀ 'ਵੀਰ ਵੈਰਾਗੀ' ਲਕਬ ਦੇ ਕੇ ਉਨ੍ਹਾਂ ਦਾ ਧਰਮ ਪਰਿਵਰਤਨ ਕਰਨ ਦੀ ਕੋਸ਼ਿਸ਼ ਹੈ। ਭਾਈ ਮਤੀ ਦਾਸ ਨੂੰ ਪਿਛੇ ਜਿਹੇ ਮਤੀ ਦਾਸ ਸ਼ਰਮਾ ਲਿਖ ਕੇ ਤਿਲਕ ਅਤੇ ਜਨੇਊ ਵਾਲੀ ਤਸਵੀਰ ਪ੍ਰਚਲਿਤ ਕੀਤੀ ਗਈ। ਭਾਈ ਹਕੀਕਤ ਸਿੰਘ ਗੁਰਸਿੱਖ ਪਰਿਵਾਰ ਦੇ ਮਹਾਨ ਸ਼ਹੀਦ ਹਨ। ਉਨ੍ਹਾਂ ਨੂੰ ਵੀ ਹਿੰਦੂ ਵੀਰ ਹਕੀਕਤ ਰਾਇ ਕਹਿ ਕੇ ਉਨ੍ਹਾਂ ਦਾ ਮੰਦਿਰ ਬਣਾ ਦਿੱਤਾ ਗਿਆ। ਹੁਣੇ ਹੁਣੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਚਰਨਾਂ ਦੇ ਭੌਰੇ ਮਹਾਨ ਸੂਰਮੇ ਭਾਈ ਲੱਖੀ ਸ਼ਾਹ ਵਣਜਾਰਾ ਦਾ ਕਾਇਆ ਕਲਪ ਕਰ ਕੇ ਹਿੰਦੂ ਦਿੱਖ ਦੇ ਕੇ ਗੁਰਦੁਆਰਾ ਰਕਾਬ ਗੰਜ ਸਾਹਿਬ 'ਤੇ ਪੋਸਟਰ ਲਗਾ ਦਿੱਤੇ ਗਏ। ਘੱਟ ਗਿਣਤੀਆਂ ਆਪਣੀ ਹੋਂਦ ਅਤੇ ਪਛਾਣ ਲਈ ਚਿੰਤਤ ਹੋਣ; ਇਹ ਅਕਾਰਥ ਨਹੀਂ ਹੈ। ਸਾਹਿਬਜ਼ਾਦਿਆਂ ਨੂੰ 'ਵੀਰ' ਲਕਬ ਨਾਲ ਸੰਬੋਧਨ ਕਰਨਾ ਗੁਰਮਤਿ ਸ਼ਬਦਾਵਲੀ ਅਤੇ ਇਤਿਹਾਸ ਦੇ ਅਨਕੂਲ ਨਹੀਂ ਹੈ। ਉਨ੍ਹਾਂ ਲਈ ਤਾਂ 'ਬਾਬਾ' ਲਫ਼ਜ਼ ਹੀ ਸਹੀ ਹੈ

ਸੋ ਨਾਂ ਤਾਂ ਪੰਥ ਨੂੰ 'ਬਾਲ ਦਿਵਸ' ਨਾਮ ਦੀ ਉਤਰਨ ਹੀ ਮਨਜ਼ੂਰ ਹੋ ਸਕਦੀ ਹੈ ਅਤੇ ਨਾ ਹੀ ਬਵੰਜਾ ਵੀਰਾਂ ਵਿਚ ਸਾਹਿਬਜ਼ਾਦਿਆਂ ਨੂੰ ਸ਼ਾਮਿਲ ਕਰ ਕੇ ਵੀ ਨਿਵਾਜਿਆ ਜਾਣਾ। ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ, ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਅਤੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਧਰਮ ਹੇਤ ਸਾਕੇ ਹਨ। ਇਸ ਲਈ ਇਸ ਦਾ ਸਹੀ ਨਾਮ 'ਸਾਹਿਬਜ਼ਾਦੇ ਸ਼ਹਾਦਤ ਦਿਵਸ' ਹੀ ਹੋ ਸਕਦਾ ਹੈ। ■

# ਦੁਖੁ ਦਾਰੂ ਸੁਖੁ ਰੋਗੁ ਭਇਆ
# (ਕੁਦਰਤੀ ਕਰੋਪੀ ਕਰਕੇ ਸਮੇਂ-ਸਮੇਂ ਫੈਲੀਆਂ ਬਿਮਾਰੀਆਂ)

*-ਸ. ਜਸਵੰਤ ਸਿੰਘ ਈਸੇਵਾਲ**

੧੧ਵੀਂ ਸਦੀ ਵਿਚ ਕੋਹੜ (ਲੈਪਰੋਸੀ) ਦੀ ਬਿਮਾਰੀ ਫੈਲੀ। ਇਹ ਬਿਮਾਰੀ ਲੰਮੇਰਾ ਸਮਾਂ ਰਹੀ। ਅਸੀਂ ਜਨਮ ਸਾਖੀਆਂ 'ਚ ਸੁਣਦੇ ਆਏ ਹਾਂ ਕਿ ਸ੍ਰੀ ਗੁਰੂ ਨਾਨਕ ਸਾਹਿਬ ਤੇ ਭਾਈ ਮਰਦਾਨਾ ਜੀ ਤੁਰੇ ਜਾ ਰਹੇ ਸਨ, ਉਨ੍ਹਾਂ ਨੂੰ ਹਾਏ-ਹਾਏ ਦੀ ਆਵਾਜ਼ ਕਿਸੇ ਝੌਂਪੜੀ ਵਿੱਚੋਂ ਸੁਣੀ। ਗੁਰੂ ਨਾਨਕ ਸਾਹਿਬ ਨੇ ਕਿਹਾ, ਭਾਈ ਮਰਦਾਨਿਆ! ਵੇਖ ਕੌਣ ਆ? ਉੱਥੇ ਇਕ ਕੋਹੜੀ ਤੜਫ ਰਿਹਾ ਸੀ। ਉਸ ਸਮੇਂ ਜਦੋਂ ਵੀ ਕਿਸੇ ਨੂੰ ਕੋਹੜ ਹੁੰਦਾ, ਉਸ ਨੂੰ ਪਿੰਡ ਤੋਂ ਬਾਹਰ ਇਕ ਝੌਂਪੜੀ ਪਾ ਕੇ ਛੱਡ ਆਉਂਦੇ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਭਾਈ ਮਰਦਾਨਾ ਜੀ ਨੂੰ ਕਿਹਾ, "ਮਰਦਾਨਿਆ! ਰਬਾਬ ਛੇੜ ਬਾਣੀ ਆਈ ਹੈ।" ਬਾਣੀ ਸੁਣਨ ਤੋਂ ਬਾਅਦ ਉਸ ਵਿਅਕਤੀ ਨੂੰ ਆਤਮਿਕ ਸ਼ਾਂਤੀ ਮਿਲੀ। ਉਸ ਨੂੰ ਹੌਲੀ-ਹੌਲੀ ਆਰਾਮ ਆਉਣਾ ਸ਼ੁਰੂ ਹੋ ਗਿਆ। ਇਸੇ ਤਰ੍ਹਾਂ ਗੋਇੰਦਵਾਲ ਸਾਹਿਬ ਵਿਖੇ ਤੀਜੇ ਪਾਤਸ਼ਾਹ ਸ੍ਰੀ ਗੁਰੂ ਅਮਰਦਾਸ ਜੀ ਦੇ ਦਰਸ਼ਨਾਂ ਨੂੰ ਸੰਗਤ ਜਾ ਰਹੀ ਸੀ। ਸੰਗਤ ਤਰਸ ਖਾ ਕੇ ਇਕ ਕੋਹੜੇ ਨੂੰ ਵੀ ਆਪਣੇ ਨਾਲ ਲੈ ਗਈ, ਜਿਸ ਦਾ ਨਾਂ ਭਾਈ ਪ੍ਰੇਮਾ ਸੀ।

ਪਾਵਨ ਗੁਰਬਾਣੀ ਦਾ ਫੁਰਮਾਨ ਹੈ: *ਦੁਖੁ ਦਾਰੂ ਸੁਖੁ ਰੋਗੁ ਭਇਆ ਜਾ ਸੁਖੁ ਤਾਮਿ ਨ ਹੋਈ॥* ਤੀਜੇ ਪਾਤਸ਼ਾਹ ਸ੍ਰੀ ਗੁਰੂ ਅਮਰਦਾਸ ਜੀ ਨੇ ਉਸ ਕੋਹੜੀ ਨੂੰ ਆਪਣੇ ਹੱਥਾਂ ਨਾਲ ਇਸ਼ਨਾਨ ਕਰਾਇਆ ਤੇ ਉਸ ਦੇ ਵਸਤਰ ਬਦਲੇ ਤੇ ਉਸ ਨੂੰ ਆਰਾਮ ਆਉਣਾ ਸ਼ੁਰੂ ਹੋ ਗਿਆ। ਆਉਂਦਾ ਵੀ ਕਿਉਂ ਨਾ! ਗੁਰੂ ਜੀ ਨੇ ਆਪਣੇ ਪਵਿੱਤਰ ਹੱਥਾਂ ਨਾਲ ਇਸ਼ਨਾਨ ਕਰਾਇਆ ਸੀ। ਇਸੇ ਤਰ੍ਹਾਂ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਜਦੋਂ ਸ੍ਰੀ ਤਰਨ ਤਾਰਨ ਵਸਾਇਆ ਤਾਂ ਹੋਰ ਦਵਾਖਾਨਿਆਂ ਦੇ ਨਾਲ-ਨਾਲ ਕੋਹੜ ਆਸ਼ਰਮ ਵੀ ਖੋਲ੍ਹਿਆ ਅਤੇ ਸ੍ਰੀ ਦਰਬਾਰ ਸਾਹਿਬ (ਤਰਨ ਤਾਰਨ ਸਾਹਿਬ) ਦੇ ਸਰੋਵਰ ਵਿਚ ਜਲ ਪਾਉਣ ਸਮੇਂ ਕਿਹਾ ਕਿ, ਇੱਥੇ ਇਸ਼ਨਾਨ ਕਰਨ ਨਾਲ ਕੋਹੜ ਤੇ ਹੋਰ ਬਿਮਾਰੀਆਂ ਦੂਰ ਹੋਣਗੀਆਂ।

ਮਲੇਰੀਆ ਜੋ ਕਿ ਧਰਤੀ 'ਤੇ ਹਜ਼ਾਰਾਂ ਹੀ ਸਾਲਾਂ ਤੋਂ ਇਨਸਾਨੀ ਜ਼ਿੰਦਗੀ ਖ਼ਤਮ ਕਰ ਰਿਹਾ ਹੈ। ਹਾਲਾਂਕਿ ਮਲੇਰੀਏ ਨਾਲ ਮਰਨ ਵਾਲਿਆਂ ਦੀ ਗਿਣਤੀ ਪਹਿਲਾਂ ਨਾਲੋਂ ਬਹੁਤ ਘੱਟ ਹੈ ਪਰ ਫਿਰ ਵੀ ਪਿਛਲੇ ੨੦ ਸਾਲਾਂ ਵਿਚ ੫੦ ਲੱਖ ਦੇ ਕਰੀਬ ਨਾ-ਮੁਰਾਦ ਬਿਮਾਰੀ ਨਾਲ ਪੀੜਤਾਂ ਨੇ ਆਪਣੀਆਂ ਜ਼ਿੰਦਗੀਆਂ ਗਵਾਈਆਂ ਹਨ। ਪਿਛਲੇ

**#੨੬੦, ਗਲੀ ਨੰ. ੫, ਸ਼ਹੀਦ ਊਧਮ ਸਿੰਘ ਨਗਰ, ਸ੍ਰੀ ਅੰਮ੍ਰਿਤਸਰ-੧੪੩੦੦੧; ਮੋ: +੯੧੮੧੯੬੦੭੧੦੭੮*

ਇੱਕ ਦਹਾਕੇ ਵਿਚ ਮੱਛਰਾਂ ਨਾਲ ਫੈਲੀਆਂ ਡੇਂਗੂ ਅਤੇ ਚਿਕਨਗੁਨੀਆ ਵਰਗੀਆਂ ਬਿਮਾਰੀਆਂ ਵਾਲੇ ਵਾਇਰਸ ਵੀ ਉਜਾਗਰ ਹੋਏ ਹਨ। ਜਦ ਮੈਂ ਪਿੰਡ ਹੁੰਦਾ ਸੀ ਤਾਂ ਪੰਜ-ਪੰਜ ਦਿਨ ਮੀਂਹ ਪੈਂਦਾ ਰਹਿੰਦਾ ਸੀ ਤੇ ਮੱਛਰ, ਮੱਖੀਆਂ ਦੀ ਭਰਮਾਰ ਹੁੰਦੀ ਸੀ। ਮੱਛਰ ਤੇ ਮੱਖੀਆਂ ਕਾਰਨ ਪਸ਼ੂਆਂ ਦਾ ਦੁੱਧ ਚੋਣਾ ਤੇ ਬੰਦਿਆਂ ਨੂੰ ਵੀ ਕੰਮ ਕਰਨਾ ਮੁਸ਼ਕਿਲ ਹੁੰਦਾ ਸੀ। ਦਿਨ ਖੜੇ ਘਰਾਂ ਵਿਚ ਬਜ਼ੁਰਗ ਇਸਤਰੀਆਂ ਕਹਿਣਾ ਸ਼ੁਰੂ ਕਰ ਦਿੰਦੀਆਂ ਸੀ ਕਿ, "ਭਾਈ ਰੋਟੀ ਹੁਣੇ ਖਾ ਲਓ ਫਿਰ ਮੱਛਰ ਹੋ ਜਾਣਾ।" ਫਿਰ ਕੁਝ ਸਮੇਂ ਬਾਅਦ ਸਾਡੇ ਪਿੰਡ ਈਸੇਵਾਲ (ਲੁਧਿਆਣਾ) ਵਿਖੇ ਇਕ ਗ੍ਰਾਮ ਸੇਵਕ ਨਿਰਮਲ ਸਿੰਘ ਆਇਆ, ਉਹ ਜਿੱਥੇ ਵੀ ਪਾਣੀ ਖੜ੍ਹਾ ਹੁੰਦਾ ਕੀਟਨਾਸ਼ਕ ਦਵਾਈ ਦਾ ਸਪਰੇਅ ਕਰ ਦਿੰਦਾ, ਜਿਸ ਨਾਲ ਕੁਝ ਰਾਹਤ ਮਿਲੀ। ਇਹ ਵਾਇਰਸ ਪਹਿਲਾਂ ਬਾਹਰਲੇ ਸੂਬਿਆਂ ਵਿਚ ਸੀ। ਪੰਜਾਬ ਵਿਚ ਬਹੁਤ ਘੱਟ ਸੀ, ਪਰ ਹੁਣ ਇਹ ਇੱਥੇ ਵੀ ਭਾਰੂ ਪੈਂਦਾ ਜਾ ਰਿਹਾ ਹੈ। ਇਸ ਦੇ ਕਸੂਰਵਾਰ ਇੱਥੋਂ ਦੇ ਹੀ ਲੋਕ ਹਨ, ਜੋ ਸਫ਼ਾਈ ਵੱਲ ਧਿਆਨ ਨਹੀਂ ਦਿੰਦੇ। ਕਾਰਪੋਰੇਸ਼ਨਾਂ ਵਾਲੇ ਵੀ ਇਸ ਤੋਂ ਬਰੀ ਨਹੀਂ ਕੀਤੇ ਜਾ ਸਕਦੇ। ਇਸ ਲਈ ਸਾਰਿਆਂ ਨੂੰ ਸਾਵਧਾਨੀ ਵਰਤਣ ਦੀ ਲੋੜ ਹੈ। ਅਸੀਂ ਆਪਣੀਆਂ ਹੀ ਜ਼ਿੰਮੇਵਾਰੀਆਂ ਤੋਂ ਭੱਜਦੇ ਜਾ ਰਹੇ ਹਾਂ। ਸਾਨੂੰ ਆਪਣੀਆਂ ਜ਼ਿੰਮੇਵਾਰੀਆਂ ਨਿਭਾਉਣੀਆਂ ਚਾਹੀਦੀਆਂ ਹਨ ਤਾਂ ਜੋ ਸਾਨੂੰ ਕੁਦਰਤੀ ਕਰੋਪੀਆਂ ਦਾ ਸਾਹਮਣਾ ਨਾ ਕਰਨਾ ਪਵੇ।

ਇਤਿਹਾਸ ਵਿਚ ਤਿੰਨ ਵਾਰ ਫੈਲਣ ਵਾਲੀ ਭਿਆਨਕ ਮਹਾਂਮਾਰੀ, 'ਪਲੇਗ' ੫੪੧ ਬੀ.ਸੀ. ਵਿਚ ਅੱਜ ਦੇ ਅਸਤਨਾਬੁੱਲ ਸ਼ਹਿਰ ਵਿਚ ਫੈਲੀ। ਇਸ ਨੂੰ ਲਿਆਉਣ ਵਾਲੇ ਚੂਹੇ ਮਿਸਰ ਤੋਂ ਸਮੁੰਦਰੀ ਜਹਾਜ਼ਾਂ ਰਾਹੀਂ ਇੱਥੇ ਪਹੁੰਚੇ ਅਤੇ ਫਿਰ ਇਸ ਤੋਂ ਬਾਅਦ ਇਹ ਮਹਾਂਮਾਰੀ ਜੰਗਲ ਦੀ ਅੱਗ ਵਾਂਗ ਯੂਰਪ, ਏਸ਼ੀਆ, ਅਰਬ ਅਤੇ ਉੱਤਰੀ ਅਫ਼ਰੀਕਾ ਦੇ ਦੇਸ਼ਾਂ ਵਿਚ ਫੈਲੀ, ਜਿਸ ਨੇ ਕਰੀਬ ਢਾਈ ਕਰੋੜ ਲੋਕਾਂ ਦੀ ਜਾਨ ਲਈ। ਪਲੇਗ ਲੱਗਭਗ ੮੦੦ ਸਾਲ ਬਾਅਦ ਸੰਨ ੧੩੪੪ ਵਿਚ ਫਿਰ ਯੂਰਪ ਵਿਚ ਦੁਬਾਰਾ ਫੈਲਿਆ ਅਤੇ ਉਸ ਵੇਲੇ ਚਾਰ ਸਾਲਾਂ ਵਿਚ ਹੀ ਇਸ ਮਹਾਂਮਾਰੀ ਨੇ ੫ ਕਰੋੜ ਜਾਨਾਂ ਲਈਆਂ। ਉਸ ਸਮੇਂ ਫੈਲੀ ਇਸ ਭਿਆਨਕ ਮਹਾਂਮਾਰੀ ਨੂੰ 'ਬਲੈਕ ਡੈੱਥ' ਵੀ ਕਿਹਾ ਜਾਂਦਾ ਸੀ। ਪਿਛਲੇ ੩੦੦ ਸਾਲਾਂ ਵਿਚ ਪਲੇਗ ਕਰੀਬ ੪੦ ਵਾਰ ਫੈਲੀ ਹੈ। ਸੰਨ ੧੬੬੫ ਵਿਚ ਲੰਡਨ ਸ਼ਹਿਰ ਵਿਚ, ਸੰਨ ੧੭੨੦ ਵਿਚ ਫਰਾਂਸ ਅਤੇ ਸੰਨ ੧੮੯੫ ਵਿਚ ਏਸ਼ੀਆ ਦੇ ਕਈ ਮੁਲਕਾਂ ਅਤੇ ਭਾਰਤ ਵਿਚ ਵੀ ਕਰੋੜਾਂ ਹੀ ਲੋਕ ਇਸ ਮਹਾਂਮਾਰੀ ਦੀ ਬਲੀ ਚੜ੍ਹੇ। ਅੱਜਕੱਲ੍ਹ ਵੀ ਇੱਕ ਸਾਲ ਵਿਚ ਔਸਤ ੬੦੦ ਜਾਨਾਂ ਪਲੇਗ ਕਾਰਨ ਚਲੀਆਂ ਜਾਂਦੀਆਂ ਹਨ। ਮੇਰੀ (ਲੇਖਕ ਦੀ) ਨਾਨੀ ਮਾਂ ਦੱਸਦੀ ਸੀ ਕਿ ਜਦ ਇਹ ਪਲੇਗ ਬਿਮਾਰੀ ਚੱਲ ਰਹੀ ਸੀ, ਬਹੁਤ ਭਿਆਨਕ ਰੂਪ ਧਾਰ ਗਈ ਸੀ, ਤਾਂ ਉਦੋਂ ਸਾਰੇ ਪਿੰਡ ਦੇ ਮਕਾਨ ਖਾਲੀ ਕਰਾ ਲਏ ਸਨ। ਪਰ ਉਸ ਸਮੇਂ ਸਾਰਿਆਂ

ਲੋਕਾਂ ਦੀ ਇਕ ਦੂਜੇ ਨਾਲ ਹਮਦਰਦੀ ਸੀ; ਕਿਉਂਕਿ ਉਸ ਸਮੇਂ ਮੌਤਾਂ ਦੀ ਗਿਣਤੀ ਬਹੁਤ ਜ਼ਿਆਦਾ ਸੀ। ਇਕ ਦਿਨ ਵਿਚ ਚਾਰ-ਚਾਰ ਮੌਤਾਂ ਵੀ ਹੁੰਦੀਆਂ ਸਨ।

ਸਾਡੇ ਪਿੰਡ ਈਸੇਵਾਲ ਵਿਚ ਦਾਨੀ ਸੱਜਣ ਵੀ ਬਹੁਤ ਸਨ। ਸ. ਖਜਾਨ ਸਿੰਘ ਉਸ ਵਕਤ ਬਹੁਤ ਅਮੀਰ ਵਿਅਕਤੀ ਸਨ ਤੇ ਪਿੰਡ ਵਿਚ ਜਿਸ ਪਰਵਾਰ ਦਾ ਕੋਈ ਗੁਜ਼ਰ ਜਾਂਦਾ, ਦਾਣਾ-ਪਾਣੀ ਨਾ ਹੁੰਦਾ ਘਰੇ ਤਾਂ ਉਹ ਦੋ-ਚਾਰ ਆਨੇ ਹਰ ਪਰਵਾਰ ਨੂੰ ਦੇ ਦਿੰਦੇ ਸਨ, ਤਾਂ ਕਿ ਕੋਈ ਭੁੱਖਾ ਨਾ ਸੌਂਵੇ। ਇਸ ਤੋਂ ਇਲਾਵਾ ਚੇਚਕ (ਸਮਾਲ ਪੌਕਸ) ਮਹਾਂਮਾਰੀ ਨੇ ਕਰੀਬ ਹਰ ੧੦ ਵਿੱਚੋਂ ੩ ਲੋਕਾਂ ਦੀ ਜਾਨ ਲਈ। ੧੮੦੧ ਈ. ਵਿਚ ਇਸ ਵਾਇਰਸ ਨਾਲ ਫੈਲਣ ਵਾਲੀ ਮਹਾਂਮਾਰੀ ਦਾ ਇਲਾਜ ਵੈਕਸੀਨ ਰਾਹੀਂ ਕੱਢਿਆ ਗਿਆ ਲੇਕਿਨ ਇਸ ਨੂੰ ਜੜ੍ਹ ਤੋਂ ਖ਼ਤਮ ਕਰਨ ਲਈ ਕਰੀਬ ੨੦੦ ਸਾਲ ਹੋਰ ਲੱਗੇ। ਸਾਲ ੧੯੮੦ ਈ. ਵਿਚ ਵਿਸ਼ਵ ਸਿਹਤ ਸੰਗਠਨ (ਡਬਲਿਊ.ਐਚ.ਓ.) ਨੇ ਐਲਾਨ ਕੀਤਾ ਕਿ ਚੇਚਕ ਦੁਨੀਆ ਵਿੱਚੋਂ ਪੂਰੀ ਤਰ੍ਹਾਂ ਖ਼ਤਮ ਹੋ ਗਈ ਹੈ। ਇਹ ਬਿਮਾਰੀ ਬਹੁਤ ਲੰਮੀ ਚੱਲੀ। ਅੱਠਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਸਮੇਂ ਵੀ ਇਹ ਬਿਮਾਰੀ ਬਹੁਤ ਭਿਆਨਕ ਰੂਪ ਵਿਚ ਫੈਲੀ ਸੀ। ਗੁਰੂ ਜੀ ਲੋਕਾਂ ਦਾ ਦੁੱਖ ਵੰਡਾਉਣ ਲਈ ਦਿੱਲੀ ਗਏ। ਉਨ੍ਹਾਂ ਨੇ ਉੱਥੇ ਇਕ ਚੁਬੱਚਾ ਬਣਾਇਆ ਤੇ ਕਿਹਾ ਕਿ ਜੋ ਵੀ ਪੀੜਤ ਵਿਅਕਤੀ ਇੱਥੇ ਇਸ਼ਨਾਨ ਕਰੇਗਾ, ਉਸ ਦਾ ਬਿਮਾਰੀ ਤੋਂ ਛੁਟਕਾਰਾ ਹੋਵੇਗਾ। ਇਸ ਬਿਮਾਰੀ ਦਾ ਅਸਰ ਬਚਪਨ ਵਿਚ ਮੇਰੇ ਉੱਤੇ ਵੀ ਹੋਇਆ ਤੇ ਮੇਰੀ ਇਕ ਅੱਖ ਦੀ ਨਜ਼ਰ ਬਹੁਤ ਜ਼ਿਆਦਾ ਘੱਟ ਗਈ। ਇਕ ਮਾਸਟਰ ਹਰਬੰਸ ਸਿੰਘ ਇਯਾਲੀ ਤੋਂ ਸਾਡੇ ਪਿੰਡ ਈਸੇਵਾਲ ਪੜ੍ਹਾਉਣ ਆਉਂਦੇ ਸਨ। ਉਨ੍ਹਾਂ ਦੇ ਵੀ ਮੂੰਹ ਉੱਤੇ ਵੱਡੇ-ਵੱਡੇ ਦਾਗ ਸਨ। ਸਾਡੇ ਪਿੰਡ ਜਿਸ ਨੂੰ ਵੀ ਚੇਚਕ ਦੀ ਬਿਮਾਰੀ ਹੁੰਦੀ, ਭਾਈ ਸ਼ਮਸ਼ੇਰ ਸਿੰਘ ਤੇ ਇਕ ਮਾਈ ਜੈ ਕੌਰ ਉਰਫ਼ ਜੈਦੋ ਮਾਤਾਰਾਣੀ ਦੀਆਂ ਭੇਟਾਂ ਗਾਉਂਦੇ ਸਨ। ਪਰ ਇਸ ਦਾ ਲੋਕ ਇਲਾਜ ਨਹੀਂ ਸਨ ਕਰਾਉਂਦੇ। ਇਸ ਨੂੰ ਮਾਤਾ ਦੀ ਕਰੋਪੀ ਕਹਿੰਦੇ ਸਨ। ਇਹ ਲੋਕ ਅਨਪੜ੍ਹਤਾ ਦਾ ਸਬੂਤ ਸਨ। ਇਸ ਬਿਮਾਰੀ ਦਾ ਇਲਾਜ ਉਦੋਂ ਵੀ ਸੀ ਤੇ ਹੁਣ ਵੀ ਹੈ। ਕਿਸੇ ਨੇ ਵੀ ਵਿਦੇਸ਼ ਜਾਣਾ ਹੁੰਦਾ ਤਾਂ ਚੇਚਕ ਦਾ ਟੀਕਾ ਲਗਵਾਉਣਾ ਜ਼ਰੂਰੀ ਸੀ। ਸਕੂਲਾਂ ਵਿਚ ਇਹ ਟੀਕੇ ਲਾਏ ਜਾਂਦੇ ਸਨ। ੧੯੮੫ ਈ. ਵਿਚ ਖਸਰਾ ਮਹਾਂਮਾਰੀ ਵੀ ਫੈਲੀ ਸੀ, ਜਿਸ ਨੂੰ ਮੋਟੀ ਮਾਤਾ ਵੀ ਕਹਿੰਦੇ ਸਨ।

੧੯ਵੀਂ ਸਦੀ ਵਿਚ ਗੰਦੇ ਪਾਣੀ ਵਿਚ ਪਲਣ ਵਾਲੇ ਬੈਕਟੀਰੀਆ ਕਰਕੇ ਹੈਜ਼ਾ (ਕੋਲਰਾ) ਮਹਾਂਮਾਰੀ ਨੇ ਜਨਮ ਲਿਆ। ਇਸ ਮਹਾਂਮਾਰੀ ਨੇ ਸਾਫ਼-ਸਫ਼ਾਈ ਅਤੇ ਪੀਣ ਵਾਲੇ ਸਵੱਛ ਪਾਣੀ ਦੀ ਵਿਉਂਤਬੰਦੀ ਵੱਲ ਦੁਨੀਆ ਦਾ ਧਿਆਨ ਖਿੱਚਿਆ, ਹਾਲਾਂਕਿ ਵਿਕਸਿਤ ਮੁਲਕਾਂ ਵਿਚ ਪੀਣ ਵਾਲੇ ਸਾਫ਼ ਪਾਣੀ ਦੀ ਸਪਲਾਈ ਅਤੇ ਸੀਵਰੇਜ ਦੀ ਉੱਚਿਤ ਵਿਉਂਤਬੰਦੀ ਨਾ ਹੋਣ ਕਰਕੇ ਬਹੁਤ ਸਾਰੇ ਲੋਕ ਕੋਲਰਾ ਦੇ

ਸ਼ਿਕਾਰ ਹੁੰਦੇ ਹਨ। ਇਹ ਬਿਮਾਰੀ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਮੇਂ ੧੬ਵੀਂ ਸਦੀ ਵਿਚ ਲਾਹੌਰ ਵਿਖੇ ਫੈਲੀ ਸੀ। ਲਾਸ਼ਾਂ ਗਲੀਆਂ ਵਿਚ ਰੁਲ ਰਹੀਆਂ ਸਨ, ਕੋਈ ਨਹੀਂ ਸੀ ਸਾਂਭਦਾ। ਧੰਨ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਆਪਣੇ ਸੇਵਕਾਂ ਨੂੰ ਲੈ ਕੇ ਲਾਹੌਰ ਗਏ, ਲਾਸ਼ਾਂ ਦਾ ਸਸਕਾਰ ਕੀਤਾ ਤੇ ਲੋੜਵੰਦਾਂ ਨੂੰ ਲੰਗਰ ਛਕਾਇਆ।

ਏਡਜ਼ ਦੀ ਬਿਮਾਰੀ ਨਾਲ ਦੁਨੀਆ ਵਿਚ ਲੱਗਭਗ ੩੫ ਕਰੋੜ ਲੋਕਾਂ ਨੇ ਆਪਣੀ ਜਾਨ ਗੁਆਈ ਹੈ। ਇਹ ਐਚ.ਆਈ.ਵੀ. ਵਾਇਰਸ ਜੋ ਕਿ ਚਿੰਪੈਂਜ਼ੀ (ਵਿਸ਼ੇਸ਼ ਕਿਸਮ ਦੇ ਬਾਂਦਰ ਵਿਚ ਪਾਇਆ ਜਾਂਦਾ ਹੈ) ਤੋਂ ਫੈਲਿਆ ਅਤੇ ਅੱਜ ਤਕ ਇਹ ਬਿਮਾਰੀ ਲਾਇਲਾਜ ਸੀ ਤੇ ਹੈ। ਇਸ ਬਿਮਾਰੀ ਦਾ ਸ਼ਿਕਾਰ ਹੋਣ ਪੁਰ ਤਾਂ ਲੋਕ ਸ਼ਰਮ ਦੇ ਮਾਰੇ ਦੱਸਦੇ ਵੀ ਨਹੀਂ ਸਨ ਕਿਉਂਕਿ ਇਹ ਬਿਮਾਰੀ ਗੁਪਤ ਅੰਗਾਂ ਤੋਂ ਹੀ ਸ਼ੁਰੂ ਹੁੰਦੀ ਸੀ।

੧੮੮੯ ਈ. ਵਿਚ ਰਸ਼ੀਅਨ ਫਲੂ, ੧੯੧੮ ਈ. ਵਿਚ ਸਪੈਨਿਸ਼ ਫਲੂ ਤੋਂ ਲੈ ਕੇ ੧੯੫੭ ਈ. ਵਿਚ ਏਸ਼ੀਅਨ ਫਲੂ ਅਤੇ ੨੦੦੩ ਈ. ਵਿਚ ਸਾਰਸ (ਸਵੀਅਰ ਐਕਿਊਟ ਰੈਸਪੀਰੇਟਰੀ ਸਿੰਡਰੋਮ) ਫੈਲੀ। ਸਾਰਸ ਇਕ ਕਿਸਮ ਦਾ ਵਾਇਰਸ ਜੋ ਕਿ ਚਮਗਿੱਦੜਾਂ ਵਿਚ ਪਾਇਆ ਜਾਂਦਾ ਹੈ, ਤੋਂ ਬਿੱਲੀਆਂ ਵਿਚ ਅਤੇ ਫਿਰ ਇਨਸਾਨ ਵਿਚ ਆਇਆ। ਇਹ ਮਹਾਂਮਾਰੀ ਚੀਨ ਤੋਂ ਸ਼ੁਰੂ ਹੋਈ ਅਤੇ ਫਿਰ ੨੯ ਮੁਲਕਾਂ ਵਿਚ ਫੈਲੀ। ਸਾਰਸ ਤੋਂ ਬਾਅਦ ਐਚ.ਐਨ. (ਸਵਾਈਨ ਫਲੂ) (ਬਰਡ ਫਲੂ) ਇਬੋਲਾ ਤੇ ਜੀਕਾ ਵਰਗੀਆਂ ਮਹਾਂਮਾਰੀਆਂ ਨੇ ਜਨਮ ਲਿਆ।

ਗਿਆਨੀ ਸੰਤ ਸਿੰਘ ਜੀ ਮਸਕੀਨ ਇਕ ਵਾਰ ਕਥਾ ਵਿਚ ਦੱਸ ਰਹੇ ਸਨ ਕਿ ਬਗਦਾਦ ਵਿਚ ਇਕ ਭਿਆਨਕ ਬਿਮਾਰੀ ਦਾਖ਼ਲ ਹੋਣ ਲੱਗੀ ਤਾਂ ਇਕ ਮਹਾਂਪੁਰਖ ਨੇ ਉਸ ਨੂੰ ਪੁੱਛਿਆ ਕਿ, ਤੂੰ ਕੌਣ ਹੈ? ਉਸ ਨੇ ਜਵਾਬ ਦਿੱਤਾ ਕਿ ਮੈਂ ਇਕ ਬਿਮਾਰੀ ਹਾਂ, ਮੈਂ ਉੱਥੇ ੫੦੦੦ ਬੰਦਾ ਮਾਰਨਾ। ਜਦ ਉਹ ਬੰਦੇ ਮਾਰ ਕੇ ਮੁੜਨ ਲੱਗੀ ਤਾਂ ਮਹਾਂਪੁਰਖ ਨੇ ਕਿਹਾ ਕਿ ਤੂੰ ਤਾਂ ਕਿਹਾ ਸੀ ਕਿ ੫੦੦੦ ਬੰਦਾ ਮਾਰਨਾ ਇੱਥੇ ਤਾਂ ੧੫੦੦੦ ਬੰਦਾ ਮਰ ਗਿਆ। ਉਹ ਕਹਿੰਦੀ ਮੈਂ ਤਾਂ ੫੦੦੦ ਬੰਦਾ ਮਾਰਿਆ, ਬਾਕੀ ਬੰਦੇ ਤਾਂ ਉਨ੍ਹਾਂ ਨੂੰ ਵੇਖ ਕੇ ਹੀ ਮਰ ਗਏ। ਹੁਣ ਵਾਲੀਆਂ ਸਰਕਾਰਾਂ ਨੇ ਵੀ ਅਜਿਹਾ ਕੀਤਾ। ਕੋਵਿਡ ਨਾਲ ਲੋਕ ਘੱਟ ਮਰੇ ਹਨ, ਪਰ ਉਨ੍ਹਾਂ ਨੇ ਜੋ ਹੋਰ ਵੀ ਬਿਮਾਰੀਆਂ ਨਾਲ ਜਾਂ ਅਨਹੋਣੀਆਂ ਨਾਲ ਮਰੇ ਉਨ੍ਹਾਂ ਨੂੰ ਵੀ ਕੋਵਿਡ (ਕੋਰੋਨਾ) ਨਾਲ ਮਰਨ ਵਾਲਿਆਂ ਦੀ ਗਿਣਤੀ ਵਿਚ ਸ਼ਾਮਲ ਕਰ ਦਿੱਤਾ। ਇਹ ਕੁਦਰਤੀ ਪ੍ਰਕਿਰਿਆ ਹੈ ਮਰਨ-ਜੰਮਣ ਪਰਮਾਤਮਾ ਦੇ ਹੱਥ ਹੈ। ਅਸੀਂ ਪਰਮਾਤਮਾ ਦੀ ਫਸਲ ਹਾਂ। ਗੁਰਬਾਣੀ ਕਹਿੰਦੀ ਹੈ ਕਿ— "*ਹਰੀ ਨਾਹੀ ਨਹ ਡਡੁਰੀ ਪਕੀ ਵਢਣਹਾਰ॥*" ਉਹਦੇ ਲਈ ਬੁੱਢੇ, ਬੱਚੇ ਸਭ ਬਰਾਬਰ ਹਨ। ਪਰਮਾਤਮਾ ਜਿੰਨੇ ਸਵਾਸ ਦੇ ਕੇ ਭੇਜਦਾ ਉਹ ਖ਼ਤਮ ਹੋਣ 'ਤੇ ਵਾਪਸ

ਬੁਲਾ ਲੈਂਦਾ:- *"ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ ॥"* ਇਸੇ ਤਰ੍ਹਾਂ ਦਸੰਬਰ ੨੦੧੯ ਈ. ਵਿਚ ਬਹੁਤ ਰੌਲਾ ਪੈ ਗਿਆ ਸੀ ਕਿ ਚੀਨ ਤੋਂ ਬਿਮਾਰੀ ਚੱਲੀ ਹੈ ਤੇ ਜਿਸ ਦਾ ਨਾਮ 'ਕੋਰੋਨਾ' ਹੈ। ਇਸ ਦਾ ਇਲਾਜ ਕਿਸੇ ਨੂੰ ਨਹੀਂ ਮਿਲਿਆ। ਭਾਵੇਂ ਤਕਨੀਕ ਵਿਚ ਸਭ ਤੋਂ ਅੱਗੇ ਅਮਰੀਕਾ ਹੈ, ਪਰ ਉਨ੍ਹਾਂ ਨੂੰ ਵੀ ਇਸ ਦਾ ਕੋਈ ਇਲਾਜ ਨਹੀਂ ਲੱਭਿਆ। ਕੈਨੇਡਾ, ਅਮਰੀਕਾ, ਇਟਲੀ ਆਦਿ ਸਾਰੇ ਮੁਲਕਾਂ ਵਿਚ ਇਹ ਬਿਮਾਰੀ ਫੈਲੀ। ਇਹ ਬਿਮਾਰੀ ਕਿਸੇ ਝੁੱਗੀ-ਝੌਂਪੜੀ, ਰਿਕਸ਼ਾ ਵਾਹੁਣ ਵਾਲੇ ਕਿਸੇ ਵੀ ਕਿਰਤੀ ਆਦਮੀ ਨੂੰ ਨਹੀਂ ਹੋਈ, ਜੇ ਹੋਈ ਤਾਂ ਅਮੀਰਾਂ ਨੂੰ। ਮੇਰਾ ਖਿਆਲ ਹੈ ਕਿ ਉਹ ਸਦਮੇ ਵਿਚ ਮਰ ਗਏ ਕਿ ਸਾਡੇ ਮਰਨ ਤੋਂ ਬਾਅਦ ਸਾਡੇ ਕਾਰੋਬਾਰ ਦਾ ਕੀ ਹੋਵੇਗਾ?

ਕੋਵਿਡ ਰੋਕਥਾਮ ਲਈ ਪੰਜਾਬ ਸਰਕਾਰ ਨੇ ੨੦ ਮਾਰਚ, ੨੦੨੦ ਈ. ਨੂੰ ਕਰਫਿਊ ਦਾ ਐਲਾਨ ਕਰ ਦਿੱਤਾ ਕਿ ੨੧ ਮਾਰਚ, ੨੦੨੦ ਈ. ਸਾਰਾ ਦਿਨ ਪੰਜਾਬ ਬੰਦ ਰਹੇਗਾ। ਫਿਰ ੨੧ ਮਾਰਚ, ੨੦੨੦ ਈ. ਨੂੰ ਦੇਸ਼ ਦੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਨੇ ਐਲਾਨ ਕੀਤਾ ਕਿ ੨੨ ਮਾਰਚ, ੨੦੨੦ ਈ. ਤੋਂ ਪੂਰੇ ਦੇਸ਼ ਵਿਚ ਅਗਲੇ ਹੁਕਮਾਂ ਤਕ ਕਰਫਿਊ ਨਹੀਂ ਲਾਕਡਾਊਨ ਰਹੇਗਾ। ਲਾਕਡਾਊਨ ਤੋਂ ਭਾਵ 'ਤਾਲਾਬੰਦੀ'। ਲਾਕਡਾਊਨ ਦੌਰਾਨ ਅਸੀਂ ਲਾਈਨਾਂ ਵਿਚ ਲੱਗ ਕੇ ਲੰਗਰ ਵੀ ਲਿਆਉਂਦੇ ਰਹੇ। ਫਿਰ ਦੁਬਾਰਾ ਜਦੋਂ ਲਾਕਡਾਊਨ ਦੀ ਅਫ਼ਵਾਹ ਫੈਲੀ ਤਾਂ ਮੇਰਾ ਪੋਤਰਾ ਪੁੱਛਦਾ ਕਿ ਦਾਦਾ ਜੀ ਆਪਾਂ ਫੇਰ ਲੰਗਰ ਲੈਣ ਜਾਵਾਂਗੇ? ਫਿਰ ਦੇਸ਼ ਦੇ ਪ੍ਰਧਾਨ ਮੰਤਰੀ ਨੇ ਕਿਹਾ ਕਿ "ਥਾਲੀਆਂ ਵਜਾਓ, ਦੀਵੇ ਜਗਾਓ!" ਪਰ ਇਸ ਬਿਮਾਰੀ ਨੂੰ ਰੋਕਣ ਲਈ ਯਤਨ ਨਹੀਂ ਸੀ ਸਿਰਫ਼ ਲੋਕਾਂ ਨਾਲ ਟਾਲਮਟੋਲ ਕਰ ਰਿਹਾ ਸੀ। ਇਸ ਬਿਮਾਰੀ ਸਮੇਂ ਲੋਕਾਂ ਨੂੰ ਸਾਂਭਣ ਵਿਚ ਭਾਰਤ ਸਰਕਾਰ ਬੁਰੀ ਤਰ੍ਹਾਂ ਨਾ-ਕਾਮਯਾਬ ਰਹੀ। ਇਹ ਜਿਹੜੀ ਟੀਕੇ ਦੀ ਖੋਜ ਕੀਤੀ ਇਹ ਵੀ ਕੋਈ ਪੱਕਾ ਇਲਾਜ ਨਹੀਂ ਸਿਰਫ਼ ਤਾਕਤ ਦਾ ਹੀ ਟੀਕਾ ਹੈ। ਸੰਨ ੨੦੨੧ ਵਿਚ ਦੁਨੀਆ-ਭਰ ਵਿਚ ਮਰਨ ਵਾਲਿਆਂ ਦੀ ਗਿਣਤੀ ਦੇ ਪੱਕੇ ਵੇਰਵੇ ਤਾਂ ਨਹੀਂ ਮਿਲੇ, ਪਰ ਜਿੰਨਾ ਕੁ ਪਤਾ ਲੱਗ ਸਕਿਆ ੨੯ ਮਈ, ੨੦੨੨ ਈ. ਦੇ 'ਅਜੀਤ' ਅਖ਼ਬਾਰ ਵਿਚ ਛਪੇ ਵੇਰਵੇ ਅਨੁਸਾਰ ਕੁੱਲ ਮੌਤਾਂ ਦੀ ਗਿਣਤੀ ੩,੫੯,੮੧੨ ਸੀ । ਸਾਰੀਆਂ ਸਰਕਾਰਾਂ ਨੇ ਇਸ ਬਿਮਾਰੀ ਦਾ ਇਲਾਜ ਲੱਭਣ ਦੀ ਥਾਂ ਆਟਾ-ਦਾਲ ਵੰਡ ਕੇ ਲੋਕਾਂ ਦਾ ਦਿਲ ਪਰਚਾਵਾ ਕਰ ਦਿੱਤਾ। ਫਿਰ ਸਾਲ ੨੦੨੧ ਈ. ਵਿਚ ਕੋਵਿਡ ਦੀ ਰੋਕਥਾਮ ਲਈ ਟੀਕਿਆਂ ਦੀ ਸ਼ੁਰੂਆਤ ਕੀਤੀ ਪਰ ਉਹ ਵੀ ਧੀਮੀ ਗਤੀ ਵਿਚ। ਲੋਕਾਂ ਨੂੰ ਆਪਣੇ ਯਤਨਾਂ ਨਾਲ ਹੀ ਜਿਸ ਥਾਂ 'ਤੇ ਟੀਕੇ ਲੱਗ ਰਹੇ ਹੋਣ ਲੱਭਣਾ ਪੈ ਰਿਹਾ ਸੀ, ਉਹ ਵੀ ਲੰਮੀਆਂ-ਲੰਮੀਆਂ ਲਾਈਨਾਂ ਵਿਚ। ਜਦ ਮੈਂ ਟੀਕਾ ਲਗਵਾਉਣ ਲਈ ਗਿਆ ਤਾਂ ਲਾਈਨ ਵਿਚ ਮੇਰਾ ੩੨ਵਾਂ ਨੰਬਰ ਸੀ ਤੇ ਅੱਗੇ-ਪਿੱਛੇ ਬਹੁਤ ਹੀ ਭੀੜ ਸੀ।

ਮਹਾਂਮਾਰੀ ਕੋਵਿਡ-੧੯ ਦੇ ਫੈਲਣ ਨਾਲ ਇਹ ਸਾਬਤ ਹੋ ਗਿਆ ਹੈ ਕਿ ਅੱਜ ਦੇ ਯੁੱਗ ਵਿਚ ਵੀ ਵਾਇਰਸ ਅਤੇ ਬੈਕਟੀਰੀਆ ਨਾਲ ਫੈਲਣ ਵਾਲੀਆਂ ਬਿਮਾਰੀਆਂ ਖ਼ਤਮ ਨਹੀਂ ਹੋਈਆਂ। ਹੈਰਾਨੀ ਦੀ ਗੱਲ ਇਹ ਹੈ ਕਿ ਪਹਿਲੇ ਵਾਇਰਸਾਂ ਤੋਂ ਜ਼ਿਆਦਾ ਖ਼ਤਰਨਾਕ ਹਨ, ਪ੍ਰੰਤੂ ਪੁਰਾਣੀਆਂ ਮਹਾਂਮਾਰੀਆਂ ਫੈਲਾਉਣ ਵਾਲੇ ਤੱਥ ਅਜੇ ਵੀ ਸਾਡੇ ਵਾਯੂਮੰਡਲ ਵਿਚ ਘੁੰਮ ਰਹੇ ਹਨ।

ਮਨੁੱਖ ਤਕਨੀਕੀ ਅਤੇ ਵਿਗਿਆਨਕ ਤਰੱਕੀ ਕਰਦਾ-ਕਰਦਾ ਏਨਾ ਮਤਲਬੀ ਹੋ ਗਿਆ ਹੈ ਕਿ ਉਸ ਨੇ ਕੁਦਰਤ ਨਾਲ ਵੀ ਖਿਲਵਾੜ ਕਰਨਾ ਸ਼ੁਰੂ ਕਰ ਦਿੱਤਾ ਹੈ, ਜਿਸ ਕਾਰਨ ਵਾਤਾਵਰਨ ਅਸੰਤੁਲਨ ਅਤੇ ਜਲਵਾਯੂ ਤਬਦੀਲੀ ਵਰਗੀਆਂ ਪ੍ਰਸਥਿਤੀਆਂ ਪੈਦਾ ਹੋ ਗਈਆਂ ਹਨ। ਇਨ੍ਹਾਂ ਨਾਲ ਨਵੇਂ ਕਿਸਮ ਦੇ ਵਾਇਰਸਾਂ ਨੇ ਪਣਪਨਾ ਸ਼ੁਰੂ ਕਰ ਦਿੱਤਾ ਹੈ, ਜਿਨ੍ਹਾਂ ਦੀ ਹੋਂਦ ਨੇ ਵਿਗਿਆਨਿਕਾਂ ਅੱਗੇ ਇਕ ਨਵੀਂ ਚੁਣੌਤੀ ਖੜ੍ਹੀ ਕਰ ਦਿੱਤੀ ਹੈ। ਇਨ੍ਹਾਂ ਤਾਕਤਵਰ ਹਮਲਾਵਰਾਂ (ਵਾਇਰਸਾਂ) ਨੇ ਪਹਿਲੀਆਂ ਕਾਢਾਂ ਅਤੇ ਡਾਕਟਰੀ ਇਲਾਜ ਨੂੰ ਪੂਰੀ ਤਰ੍ਹਾਂ ਨਾਕਾਮ ਕਰ ਦਿੱਤਾ ਹੈ। ਲੇਕਿਨ ਅੱਜ ਇਸ ਮਹਾਂਮਾਰੀ ਨੇ ਸਾਨੂੰ ਇਹ ਸਬਕ ਸਿਖਾ ਦਿੱਤਾ ਹੈ ਕਿ ਅਸੀਂ ਵਿਗਿਆਨਕ ਤਰੱਕੀ ਦੇ ਨਾਲ-ਨਾਲ ਕੁਦਰਤੀ ਸੰਤੁਲਨ ਵੀ ਬਰਕਰਾਰ ਰੱਖੀਏ ਕਿਉਂਕਿ ਕੁਦਰਤ ਕੋਲ ਹੀ ਇਸ ਬ੍ਰਹਿਮੰਡ ਵਿਚ ਹਰ ਵਿਨਾਸ਼ਕਾਰੀ ਕਣ ਲਈ ਸਿਰਜਣਾਤਮਿਕ ਕਣ ਮੌਜੂਦ ਹੈ। ਅਸੀਂ ਤਾਂ ਆਪਣੇ ਲਈ ਦਰੱਖ਼ਤ, ਟੋਏ, ਟਿੱਬੇ ਸਭ ਕੁਝ ਪੱਧਰਾ ਕਰ ਲਿਆ। ਇੱਥੋਂ ਤਕ ਕਿ ਪਹਾੜਾਂ ਨੂੰ ਵੀ ਸਾਫ਼ ਕਰਨ ਦੀਆਂ ਕੋਸ਼ਿਸ਼ਾਂ ਜਾਰੀ ਹਨ। ਮੈਂ ਬੜੇ ਚਿਰ ਤੋਂ ਸ੍ਰੀ ਅਨੰਦਪੁਰ ਸਾਹਿਬ ਜਾਂਦਾ ਰਿਹਾ ਹਾਂ ਪਰ ੨੦ ਕੁ ਸਾਲ ਵਕਫ਼ੇ ਤੋਂ ਬਾਅਦ ਇਸ ਸਾਲ ੧੨ ਫਰਵਰੀ, ੨੦੨੨ ਈ. ਨੂੰ ਉੱਥੇ ਜਾਣ ਦਾ ਮੌਕਾ ਮਿਲਿਆ। ਪਰ ਜੋ ਪਹਿਲਾਂ ਪਹਾੜੀਆਂ ਦਾ ਦ੍ਰਿਸ਼ ਉੱਥੇ ਹੁੰਦਾ ਸੀ, ਉਹ ਹੁਣ ਨਹੀਂ ਦਿਖਿਆ। ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਤੋਂ ਕਿਲ੍ਹਾ ਸ੍ਰੀ ਅਨੰਦਗੜ੍ਹ ਸਾਹਿਬ ਤਕ ਕੋਈ ਉੱਪਰ ਰਸਤਾ ਨਹੀਂ ਸੀ, ਥੱਲੇ ਉਤਰ ਕੇ ਹੀ ਕਿਲ੍ਹਾ ਸ੍ਰੀ ਅਨੰਦਗੜ੍ਹ ਸਾਹਿਬ ਜਾਣਾ ਪੈਂਦਾ ਸੀ, ਕਿਉਂਕਿ ਪਹਿਲਾਂ ਉੱਪਰ ਪਹਾੜ ਹੀ ਸਨ। ਇਹ ਸਭ ਕੁਦਰਤ ਨਾਲ ਖਿਲਵਾੜ ਹੋ ਰਿਹਾ ਹੈ।

ਸਮੇਂ-ਸਮੇਂ ਭਿਆਨਕ ਬਿਮਾਰੀਆਂ ਜਿਵੇਂ ਕਿ ਕੋਹੜ, ਪਲੇਗ, ਮਲੇਰੀਆ, ਹੈਜਾ, ਫਲੂ, ਚੇਚਕ, ਏਡਜ਼ ਆਦਿ ਆਉਂਦੀਆਂ ਰਹੀਆਂ ਹਨ ਤੇ ਆਉਂਦੀਆਂ ਰਹਿਣਗੀਆਂ। ਜਿਵੇਂ ਕਿ ਕੈਂਸਰ ਅਤੇ ਸ਼ੂਗਰ ਮੌਜੂਦਾ ਸਮੇਂ ਵਿਚ ਫੈਲ ਰਹੀਆਂ ਹਨ। ਹਰਨਾਖਸ਼ ਨੇ ਵਰ ਲਿਆ ਸੀ ਕਿ 'ਨਾ ਮੈਂ ਦਿਨੇ ਮਰਾਂ ਨਾ ਰਾਤ ਨੂੰ ਮਰਾਂ, ਨਾ ਅੰਦਰ ਮਰਾਂ ਨਾ ਬਾਹਰ ਮਰਾਂ, ਨਾ ਬਿਮਾਰੀ ਨਾਲ ਮਰਾਂ ਨਾ ਹਥਿਆਰ ਨਾਲ ਮਰਾਂ।' ਇਸੇ ਤਰ੍ਹਾਂ ਉਸ ਦੀ ਭੈਣ ਹੋਲਿਕਾ ਨੇ ਵੀ ਵਰ ਪ੍ਰਾਪਤ ਕੀਤਾ ਸੀ ਕਿ 'ਮੈਂ ਅਗਨੀ ਨਾਲ ਨਾ ਸੜਾਂ।' ਪਰ ਉਹ ਵੀ ਮੌਤ ਤੋਂ ਨਾ ਬਚ ਸਕੀ। ਕਈ ਲੋਕ ਤਾਂ

ਮਰੇ ਹੋਇਆਂ ਦਾ ਵੀ ਜਨਮ ਦਿਨ ਮਨਾਈ ਜਾਂਦੇ ਹਨ। ਮੈਂ ਮਰੇ ਹੋਏ ਲੋਕਾਂ ਦੇ ਜਨਮ ਦਿਨ ਦੇ ਇਸ਼ਤਿਹਾਰ ਅਖ਼ਬਾਰ ਵਿਚ ਵੀ ਪੜ੍ਹੇ ਹਨ। ਜੇ ੯੦-੧੦੦ ਸਾਲ ਦਾ ਬਜ਼ੁਰਗ ਵੀ ਮਰ ਜਾਏ ਤਾਂ ਸ਼ਮਸ਼ਾਨ ਘਾਟ ਵਿਚ ਚੀਕ-ਚਿਹਾੜਾ ਹੁੰਦਾ ਤੇ ਜੇ ੬੦ ਸਾਲ ਦਾ ਕੋਈ ਵਿਅਕਤੀ ਮਰ ਜਾਵੇ ਤਾਂ ਵੀ ਅਜਿਹਾ ਹੀ ਹੁੰਦਾ ਹੈ। ਜੇਕਰ ਕਿਸੇ ਮਾਂ-ਬਾਪ ਦਾ ਨੌਜਵਾਨ ਧੀ-ਪੁੱਤਰ ਮਰ ਜਾਵੇ ਤਾਂ ਲੋਕ ਰੱਬ ਨੂੰ ਹੀ ਉਲਾਮ੍ਹੇ ਦਿੰਦੇ ਹਨ। ਜੇ ਦੁੱਖ ਵਿਚ ਪਰਮਾਤਮਾ ਹਮਦਰਦੀ ਨਾਲ ਉਨ੍ਹਾਂ ਦੇ ਦੁੱਖ ਵਿਚ ਸ਼ਾਮਲ ਹੋਣ ਲਈ ਆ ਜਾਵੇ ਤਾਂ ਲੋਕ ਮੁਰਦੇ ਨੂੰ ਛੱਡ ਕੇ ਪਰਮਾਤਮਾ ਨਾਲ ਹੀ ਹੱਥੋ-ਪਾਈ ਹੋ ਜਾਣ। ਭਾਵੇਂ ਜਿੰਨੇ ਵੀ ਅਮੀਰ ਲੋਕ ਹਨ, ਉਨ੍ਹਾਂ ਨੂੰ ੧੦੦-੧੦੦ ਰੋਗ ਲੱਗਾ ਹੋਵੇ ਤਾਂ ਵੀ ਮਰਨ ਨੂੰ ਤਿਆਰ ਨਹੀਂ।

ਪਰਮਾਤਮਾ ਸਮੇਂ-ਸਮੇਂ ਬਿਮਾਰੀਆਂ ਇਸੇ ਲਈ ਭੇਜਦਾ ਹੈ ਕਿ ਕੋਈ ਮੈਨੂੰ ਉਲਾਮਾ ਨਾ ਦੇਵੇ ਕਿ ਰੱਬਾ ਤੂੰ ਸਾਡੇ ਨਾਲ ਧੱਕਾ ਕੀਤਾ। "ਚੜ੍ਹਾ ਗਿਆ ਤਾਪ, ਲੈ ਗਿਆ ਆਪ।"

ਇਹ ਬਿਮਾਰੀਆਂ ਕੁਦਰਤੀ ਹਨ। ਕੁਦਰਤ ਨੇ ਧਰਤੀ ਦਾ ਸੰਤੁਲਨ ਬਰਾਬਰ ਰੱਖਣਾ ਹੁੰਦਾ ਹੈ। ਜੇਕਰ ਮੌਤ ਨਾ ਹੋਵੇ ਤਾਂ ਧਰਤੀ 'ਤੇ ਖੜ੍ਹਨ-ਬੈਠਣ ਨੂੰ ਥਾਂ ਨਹੀਂ ਮਿਲੇਗੀ ਨਾ ਹੀ ਕੁਝ ਖਾਣ ਨੂੰ ਮਿਲੇਗਾ। ਜੇਕਰ ਕਿਸੇ ਬਿਮਾਰੀ ਦਾ ਇਲਾਜ ਮਿਲ ਵੀ ਜਾਵੇ ਤਾਂ ਕੁਝ ਸਮੇਂ ਬਾਅਦ ਫਿਰ ਕੋਈ ਨਾ ਕੋਈ ਬਿਮਾਰੀ ਆ ਹੀ ਜਾਵੇਗੀ।

ਗੁਰੂ ਸਾਹਿਬਾਨ ਤੋਂ ਸ਼ੁਰੂ ਹੋਈ ਲੰਗਰ ਦੀ ਪ੍ਰਥਾ ਨੂੰ ਗੁਰਸਿੱਖਾਂ ਨੇ ਕੋਰੋਨਾ ਬਿਮਾਰੀ ਦੇ ਸਮੇਂ ਵਿਚ ਵੀ ਆਪਣੀ ਜਾਨ ਦੀ ਪਰਵਾਹ ਕੀਤੇ ਬਗੈਰ ਬਹੁਤ ਚੰਗੀ ਤਰ੍ਹਾਂ ਨਿਭਾਇਆ। ਇਸ ਸਮੇਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ, ਦਿੱਲੀ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ, ਨਵੀਂ ਦਿੱਲੀ ਅਤੇ ਹੋਰ ਸੰਤਾਂ-ਮਹਾਂਪੁਰਖਾਂ ਨੇ ਵੀ ਲੰਗਰ ਲਗਾਏ। ਇਹ ਬਿਮਾਰੀ ਕਿਸੇ ਵੀ ਸੇਵਕ ਨੂੰ ਨਹੀਂ ਹੋਈ। ਇਹ ਪ੍ਰੇਰਨਾ ਗੁਰੂ ਸਾਹਿਬਾਨ ਤੋਂ ਸਾਨੂੰ ਬਖ਼ਸ਼ਿਸ਼ 'ਚ ਮਿਲੀ ਹੈ ਤੇ ਗੁਰੂ ਸਾਹਿਬਾਨ ਨੇ ਆਪਣੇ ਗੁਰਸਿੱਖਾਂ ਦੇ ਸਿਰ 'ਤੇ ਮਿਹਰ ਭਰਿਆ ਹੱਥ ਰੱਖਿਆ ਤੇ ਅਜਿਹੀ ਕੋਈ ਖ਼ਬਰ ਨਹੀਂ ਆਈ ਕਿ ਕਿਸੇ ਲੰਗਰ ਵਰਤਾਉਂਦੇ ਸੇਵਕ 'ਤੇ ਇਸ ਬਿਮਾਰੀ ਨੇ ਹਮਲਾ ਕੀਤਾ ਹੋਵੇ। ਗੁਰੂ ਅੱਗੇ ਅਰਦਾਸ ਹੈ ਕਿ ਪਰਮਾਤਮਾ ਇਹੋ ਜਿਹੀਆਂ ਭਿਆਨਕ ਬਿਮਾਰੀਆਂ ਤੋਂ ਸਮੁੱਚੇ ਸੰਸਾਰ ਨੂੰ ਬਚਾ ਕੇ ਰੱਖੇ!

**ਹਵਾਲਾ ਸ੍ਰੋਤ:**

(ਤਰੀਖਾਂ ਦੀ ਜਾਣਕਾਰੀ *ਅਜੀਤ* ਅਖ਼ਬਾਰ ਵਿੱਚੋਂ ਲਈ ਗਈ ਹੈ।) ■

# ਸਿੱਖ ਇਸਤਰੀ-ਮੂਲਕ ਇਤਿਹਾਸਕਾਰੀ: ਸੀਮਾ ਅਤੇ ਸੰਭਾਵਨਾ (ਦਸਮ ਗੁਰੂ ਜੀ ਦੇ 'ਮਾਤਾ' ਅਤੇ 'ਮਹਿਲ' ਦੇ ਵਿਸ਼ੇਸ਼ ਹਵਾਲੇ ਨਾਲ)

*-ਡਾ. ਹਰਪ੍ਰੀਤ ਕੌਰ**

ਸਿੱਖ ਇਸਤਰੀ-ਅਧਿਐਨ ਵਰਤਮਾਨ ਸਮੇਂ ਦੀ ਪ੍ਰਾਪਤੀ ਹੈ। ਸਿੱਖ ਇਤਿਹਾਸਕਾਰੀ ਦੇ ਮੁਢਲੇ ਪੜਾਅ ਦਾ ਸਾਹਿਤ, ਜੋ ਹੁਣ ਸਿੱਖ ਇਤਿਹਾਸ ਦੇ ਸੋਮਿਆਂ ਵਜੋਂ ਪ੍ਰਵਾਨਿਤ ਹੈ, ਸਿੱਖੀ ਨੂੰ ਇਕ 'ਇਕਾਈ' (one unit) ਵਜੋਂ ਗ੍ਰਹਿਣ ਕਰਦਾ ਹੈ। ਇਸ ਇਕਾਈ ਵਿਚ ਕੇਵਲ ਇਸਤਰੀ/ਮਰਦ ਹੀ ਨਹੀਂ, ਸਗੋਂ ਇਤਿਹਾਸਿਕ ਤੱਥਾਂ, ਗੁਰਮਤਿ ਦਾਰਸ਼ਨਿਕ ਚਿੰਤਨ, ਵਿਆਖਿਆ ਆਦਿ ਨੂੰ ਵੀ ਸ਼ਾਮਿਲ ਕੀਤਾ ਗਿਆ ਹੈ। ਇਸ ਸਾਹਿਤ ਵਿਚ ਸਿੱਖ ਇਤਿਹਾਸ ਦੀਆਂ ਕੁਝ ਜ਼ਿਕਰਯੋਗ ਇਸਤਰੀਆਂ ਦੇ ਸ਼ਖ਼ਸੀਅਤ ਮੂਲਕ ਤੇ ਕੁਝ ਤੱਥ-ਮੂਲਕ ਸੰਦਰਭ ਪ੍ਰਾਪਤ ਹਨ, ਜਿਨ੍ਹਾਂ ਦੇ ਆਧਾਰ ਉਤੇ ਆਧੁਨਿਕ ਸਿੱਖ ਇਸਤਰੀਮੂਲਕ ਇਤਿਹਾਸਕਾਰੀ ਦੇ ਨਿਰਮਾਣ ਦੀ ਕੋਸ਼ਿਸ਼ ਕੀਤੀ ਗਈ ਹੈ। ਇਤਿਹਾਸਿਕ ਕਾਲ-ਖੰਡ ਵਿਚ ਇਹ ਸਮਾਂ ਆਧੁਨਿਕ ਅਰਥਾਂ ਵਿਚਲੀ ਇਤਿਹਾਸਕਾਰੀ ਦੀ ਚੇਤਨਾ ਵਾਲਾ ਨਹੀਂ, ਮੋਟੇ ਜਿਹੇ ਰੂਪ ਵਿਚ ਇਹ ੧੫ਵੀਂ ਤੇ ੧੯ਵੀਂ ਸਦੀ ਦੇ ਮੱਧ ਵਾਲਾ ਹੈ।

ਇਤਿਹਾਸਕਾਰੀ ਦਾ ਦੂਜਾ ਪੜਾਅ, ਜਿਸ ਨੂੰ ਡਾ. ਜੇ. ਐਸ. ਗਰੇਵਾਲ ਬਸਤੀਵਾਦੀ (colonial) ਕਾਲ ਕਹਿੰਦੇ ਹਨ (J.S. Grewal: 2013; 290), ਪੰਜਾਬ ਵਿਚ ਅੰਗਰੇਜ਼ੀ ਰਾਜ ਦੀ ਸਥਾਪਨਾ ਨਾਲ ਸ਼ੁਰੂ ਹੁੰਦਾ ਹੈ ਅਤੇ ਇਹ ਵਧੇਰੇ ਯੂਰਪੀਅਨ ਦੇ ਹਵਾਲੇ ਵਿਚ ਹੀ ਪਰਿਭਾਸ਼ਤ ਕੀਤਾ ਜਾਂਦਾ ਹੈ। ਇਸ ਦੇ ਸਮਕਾਲੀ ਸਮੇਂ ਵਿਚ ਜਿਹੜੇ ਵੀ ਇਤਿਹਾਸਕਾਰਾਂ ਨੇ ਸਿੱਖਾਂ ਬਾਰੇ ਲਿਖਿਆ ਹੈ, ਉਹ ਸੁਭਾਅ ਪੱਖੋਂ ਤੱਥ, ਕਾਲ-ਕ੍ਰਮਤਾ ਤੇ ਸਮਤਾ ਜਿਹੇ ਲਛਣਾਂ ਦਾ ਕਿਸੇ ਨਾ ਕਿਸੇ ਰੂਪ ਵਿਚ ਧਾਰਨੀ ਹੋਣ ਦੇ ਬਾਵਜੂਦ, ਉਦੇਸ਼ ਪੱਖੋਂ ਸਿੱਖ ਇਤਿਹਾਸਕਾਰੀ ਦੀ ਮੁੱਖ ਧਾਰਾ (main stream) ਤੋਂ ਭਿੰਨ ਹੈ। ਇਸ ਕਿਸਮ ਦਾ ਸਾਹਿਤ ਵਧੇਰੇ ਸਿਵਿਲ ਤੇ ਮਿਲਟਰੀ ਅਫ਼ਸਰਾਂ (civil and miltary officers) ਦਾ ਲਿਖਿਆ ਹੋਇਆ ਹੈ। ਇਸ ਕਿਸਮ ਦੇ ਸਾਹਿਤ ਦਾ ਅਧਿਐਨ ਜੀ. ਖੁਰਾਨਾ (੧੯੮੫); ਫੌਜਾ ਸਿੰਘ (੧੯੭੮); ਦਰਸ਼ਨ ਸਿੰਘ (੧੯੯੧) ਆਦਿ ਦੁਆਰਾ ਕੀਤਾ ਹੋਇਆ ਹੈ। ਪਹਿਲੇ ਪੜਾਅ ਦੀ ਇਤਿਹਾਸਕਾਰੀ ਵਾਂਗ ਇਸ ਸਮਕਾਲ ਦੀ ਇਤਿਹਾਸਕਾਰੀ

**ਧਾਰਮਿਕ ਅਧਿਆਪਕ, ਸ੍ਰੀ ਗੁਰੂ ਤੇਗ ਬਹਾਦਰ ਖਾਲਸਾ ਕਾਲਜ ਫਾਰ ਗਰਲਜ਼, ਨਿੰਮ ਸਾਹਿਬ, ਆਕੜ (ਪਟਿਆਲਾ)- ੧੪੦੭੦੧; ਮੋ. +੯੧੯੪੭੯੩ ੮੨੮੪੪.*

ਵਿਚ ਵੀ ਸਿੱਖ ਇਸਤਰੀਆਂ ਦੇ ਸਿਰਫ਼ ਸੰਦਰਭ ਪ੍ਰਾਪਤ ਹਨ, ਇਸਤਰੀ-ਮੂਲਕ ਇਤਿਹਾਸਕਾਰੀ ਦਾ ਸੰਕਲਪ ਇਨ੍ਹਾਂ ਲਿਖਤਾਂ ਦਾ ਉਦੇਸ਼ ਨਹੀਂ ਹੈ। ਉਂਝ ਭਾਵੇਂ ਕਈ ਲਿਖਤਾਂ ਵਿਚ ਇਕ ਇੰਦਰਾਜ ਜਾਂ ਹਵਾਲੇ ਵਜੋਂ ਸੰਤੋਸ਼ਜਨਕ ਸਮਗਰੀ ਪ੍ਰਾਪਤ ਹੋ ਜਾਂਦੀ ਹੈ, ਜਿਵੇਂ ਉਦਾਹਰਨ ਲਈ ਲੈਪਲ ਗਰਿਫਨ (Lepel Griffin: 1865; 1870) ਦੀਆਂ ਲਿਖਤਾਂ ਵਿਚ, ਜੋ ਵਧੇਰੇ ਰਾਜ-ਜਮਾਤਾਂ (ruling classes) ਦੇ ਵੇਰਵਿਆਂ ਵਿਚ ਰੁਚਿਤ ਸੀ, ਭਾਵੇਂ ਉਸ ਨੇ ਇਸ ਸੰਬੰਧੀ ੪-੫ ਪੁਸਤਕਾਂ ਦੀ ਰਚਨਾ ਕੀਤੀ, ਪਰ ਵਿਚਾਰਾਧੀਨ ਪ੍ਰਸੰਗ ਦਾ ਜ਼ਿਕਰ ਵਧੇਰੇ ਦੋ ਵਿਚ ਹੈ। ਇਹੋ ਸਥਿਤੀ ਇਸੇ ਸਮਕਾਲ ਵਿਚ ਲਿਖੀਆਂ ਗੈਰ-ਯੂਰਪੀਨ ਇਤਿਹਾਸਿਕ ਲਿਖਤਾਂ ਵਿਚ ਵੀ ਹੈ, ਜਿਵੇਂ: Syad Muhammed Latif (1891), Gokul Chand Narang (1912), Indubhusan Banerjee (1936), N.R. Sinha (1936) ਆਦਿ ਦੀਆਂ ਲਿਖਤਾਂ।

ਭਾਵੇਂ ਕੁਝ-ਕੁ ਲਿਖਤਾਂ, ਜਿਵੇਂ ਸੇਵਾਰਾਮ ਦੀ The Divine Master (1904) ਵਰਗੀਆਂ ਵਿਚ ਵਿਸ਼ੇਸ਼ ਸੰਕੇਤ ਵੀ ਪ੍ਰਾਪਤ ਹੋ ਜਾਂਦੇ ਹਨ। ਭਾਈ ਸੇਵਾਰਾਮ (Prithipal Singh Kapur:1988) ਸ਼ਾਇਦ ਪਹਿਲੇ ਇਤਿਹਾਸਕਾਰ ਹਨ, ਜਿਨ੍ਹਾਂ ਯੂਰਪੀਨ ਲੇਖਕਾਂ ਦੀਆਂ ਲਿਖਤਾਂ ਦੇ ਮੁਕਾਬਲੇ (respond) ਵਿਚ ਆਪਣਾ ਥੀਸਿਸ ਪੇਸ਼ ਕੀਤਾ (ਜਿਵੇਂ ਵਿਆਖਿਆ ਵਿਚ ਮੈਕਾਲਫ ਹੈ)।

ਸਿੱਖ ਇਤਿਹਾਸਕਾਰੀ ਵਿਚ ਸਿੰਘ ਸਭਾ ਲਹਿਰ ਦਾ ਅਰੰਭ ਇਕ ਕਾਲ-ਵਿਸ਼ੇਸ਼ ਦੀ ਸ਼ੁਰੂਆਤ ਹੈ। ਸਿੰਘ ਸਭਾ ਲਹਿਰ ਦੇ ਪ੍ਰਮੁੱਖ ਉਦੇਸ਼ਾਂ ਵਿਚ ਸ਼ਾਮਿਲ ਜਿਹੜੇ ਮੁੱਦੇ ਸ਼ਾਮਿਲ ਕੀਤੇ ਗਏ ਸਨ, ਉਨਾਂ ਵਿਚ ਇਕ ਮੁੱਦਾ ਸਿੱਖ ਇਤਿਹਾਸ ਦੀ ਖੋਜ ਤੇ ਛਾਣ-ਬੀਣ ਸੀ। ਜਦੋਂ ਸਿੰਘ ਸਭਾ ਅੰਮ੍ਰਿਤਸਰ ਦੀ ਸਥਾਪਨਾ (੧੮੭੩) ਹੋਈ, ਤਾਂ ਨਾਲ ਹੀ ਸਿੱਖ ਇਤਿਹਾਸ ਦੀ ਖੋਜ ਦਾ ਅਰੰਭ ਵੀ ਹੋਇਆ। ਇਸੇ ਲੜੀ ਵਿਚ ਪੁਰਾਤਨ ਜਨਮਸਾਖੀ ਦੀ ਸੰਪਾਦਨਾ/ਪ੍ਰਕਾਸ਼ਨਾ (੧੯੨੬) ਅਤੇ ਬਾਬਾ ਬੰਦਾ ਸਿੰਘ ਬਹਾਦਰ ਪੁਸਤਕ ਦੀ ਪ੍ਰਕਾਸ਼ਨਾ (੧੯੩੫) ਹੋਈ, ਜਿਸ ਨੂੰ ਕ੍ਰਮਵਾਰ ਭਾਈ ਵੀਰ ਸਿੰਘ ਤੇ ਡਾ. ਗੰਡਾ ਸਿੰਘ ਨੇ ਸਿਰੇ ਚਾੜ੍ਹਿਆ ਸੀ। ਸਿੱਖ ਇਤਿਹਾਸ ਦੇ ਇਸ ਪੜਾਅ ਰਾਹੀਂ ਮੁਢਲੇ ਦੌਰ ਵਿਚ ਸਿਖ ਇਤਿਹਾਸਕਾਰੀ ਨਾਵਾਂ, ਥਾਵਾਂ ਤੇ ਘਟਨਾਵਾਂ ਨੂੰ ਲੱਭਣ ਵੱਲ ਰੁਚਿਤ ਹੁੰਦੀ ਹੈ।

ਇਸੇ ਸਮੇਂ ਸਿੰਘ ਸਭਾ ਬਦੌਲਤ ਸਿੱਖ ਇਸਤਰੀ-ਮੂਲਕ ਇਤਿਹਾਸਕਾਰੀ ਦੇ ਨੈਣ-ਨਕਸ਼ ਉਭਰਨ ਲੱਗੇ, ਭਾਵੇਂ ਮੁਹਾਂਦਰਾ ਕਾਫ਼ੀ ਪਿੱਛੋਂ ਜਾ ਕੇ ਨਿਖਰਿਆ। ਇਤਿਹਾਸਕਾਰੀ ਦੇ ਇਕ ਸੁਤੰਤਰ ਹਸਤਾਖ਼ਰ ਵਜੋਂ ਸਿੱਖ ਇਸਤਰੀਆਂ ਸੰਬੰਧੀ ਲਿਖਣ ਦਾ ਅਰੰਭਕ ਕਾਰਜ ਸਿੰਘ ਸਭਾ ਲਹਿਰ ਦੇ ਰੂਹ-ਏ-ਰਵਾਂ ਭਾਈ ਵੀਰ ਸਿੰਘ ਕਰਦੇ ਹਨ, ਜਿਨ੍ਹਾਂ ਸੁੰਦਰੀ, ਸਤਵੰਤ ਕੌਰ ਆਦਿ ਜਿਹੇ ਇਤਿਹਾਸਿਕ ਪਾਤਰਾਂ ਨੂੰ

ਗਲਪੀ ਸ਼ੈਲੀ ਵਿਚ ਆਪਣੀ ਲਿਖਤ ਦਾ ਕਥਾਨਕ ਬਣਾਇਆ। ਭਾਈ ਵੀਰ ਸਿੰਘ ਦਾ ਇਤਿਹਾਸ ਸੰਬੰਧੀ ਸੰਕਲਪ ਤੇ ਪੇਸ਼ ਕਰਨ ਦਾ ਆਪਣਾ ਤਰੀਕਾ ਹੈ। ਇਨ੍ਹਾਂ ਕਾਰਜਾਂ ਵਿਚ ਤੱਥ, ਸਰੋਤ, ਘਟਨਾਵਾਂ ਤੇ ਪਾਤਰ ਤਾਂ ਇਤਿਹਾਸਕ ਹਨ, ਪਰ ਪੇਸ਼ਕਾਰੀ/ਸ਼ੈਲੀ-ਬੋਲੀ ਵਿਚ ਗਲਪੀ ਅੰਸ਼ ਕਾਇਮ ਰਹਿੰਦਾ ਹੈ। ਇਸ ਉਪਰੰਤ ਸਿੱਖ ਇਸਤਰੀਆਂ ਦੇ ਇਤਿਹਾਸਿਕ ਚਰਿੱਤਰ ਨੂੰ ਲਿਖਤ ਵਿਚ ਪੇਸ਼ ਕਰਨ ਦੀ ਇਕ ਲੰਮੀ ਕਤਾਰ ਜਿਹੀ ਲੱਗ ਜਾਂਦੀ ਹੈ, ਜਿਸ ਵਿਚ ਲੇਖ, ਟ੍ਰੈਕਟ, ਪੁਸਤਕਾਂ, ਪੁਸਤਕਾਵਾਂ ਆਦਿ ਵੱਡੀ ਮਾਤਰਾ ਵਿਚ ਲਿਖੇ ਜਾਂਦੇ ਹਨ। ਭਾਈ ਵੀਰ ਸਿੰਘ, ਅਕਾਲੀ ਕੌਰ ਸਿੰਘ ਆਦਿ ਦੀ ਹਿੰਮਤ ਰਾਹੀਂ ੧੮੯੪ ਈ. ਨੂੰ ਹੋਂਦ ਵਿਚ ਆਈ ਖਾਲਸਾ ਟ੍ਰੈਕਟ ਸੁਸਾਇਟੀ ਇਸ ਖੇਤਰ ਵਿਚ ਪ੍ਰਤੀਨਿਧ ਭੂਮਿਕਾ ਨਿਭਾਉਂਦੀ ਰਹੀ। ਇਸ ਸੁਸਾਇਟੀ ਨੇ ਲੱਗਭਗ ਵੱਖੋ-ਵੱਖ ਵਿਸ਼ਿਆਂ ਉੱਤੇ ੧੩੦੦ ਟ੍ਰੈਕਟ ਛਾਪੇ।

ਇਸ ਸਮੇਂ ਸਿੱਖ ਇਸਤਰੀਆਂ ਦੇ ਇਤਿਹਾਸਿਕ ਰੂਪ ਚਿਤਰਨ ਵਿਚ ਭਾਈ ਮੋਹਨ ਸਿੰਘ ਵੈਦ (੧੯੦੬), ਗਿ. ਅਮਰ ਸਿੰਘ (੧੯੦੬), ਭਾਈ ਕ੍ਰਿਪਾਲ ਸਿੰਘ (੧੯੬੩), ਕੇਸਰ ਸਿੰਘ ਮੁਲਤਾਨੀ (੧੯੬੯), ਗਿ. ਵਰਿਆਮ ਸਿੰਘ (੧੯੭੧), ਕਰਮ ਸਿੰਘ (੧੯੬੧) ਆਦਿ ਦਾ ਵਿਸ਼ੇਸ਼ ਨਾਂ ਲਿਆ ਜਾ ਸਕਦਾ ਹੈ। ਭਾਈ ਮੋਹਨ ਸਿੰਘ ਵੈਦ ਨੇ ਇਸ ਸੰਬੰਧੀ ਮਾਸਿਕ ਪਤ੍ਰਿਕਾ 'ਪੰਜਾਬੀ ਭੈਣ' ਵੀ ਤਰਨ ਤਾਰਨ ਸਾਹਿਬ ਤੋਂ ਜਾਰੀ ਕੀਤਾ ਸੀ।

ਪ੍ਰਿੰ. ਤਖਤ ਸਿੰਘ ਦੁਆਰਾ ਕਪੂਰਥਲੇ ਖੋਲ੍ਹੇ ਗਏ ਸਿੱਖ ਕੰਨਿਆਂ ਮਹਾਂ ਵਿਦਿਆਲਾ ਤੇ ਪੰਚ ਖਾਲਸਾ ਦੁਆਰਾ ਭਸੌੜ (ਧੂਰੀ, ਸੰਗਰੂਰ) ਵਿਖੇ ਖੋਲ੍ਹੇ ਗਏ ਸਿੱਖ ਕੰਨਿਆਂ ਕਾਲਜ ਨਾਲ ਸਿੱਖ ਬੱਚੀਆਂ ਦੀ ਵਿੱਦਿਆ ਲਈ ਕੀਤੇ ਗਏ ਸੰਸਥਾਈ ਜਤਨਾਂ ਕਾਰਨ ਵਿਚਾਰਾਧੀਨ ਕਿਸਮ ਦੀ ਸਾਹਿਤ ਰਚਨਾ ਵਿਚ ਕਾਫ਼ੀ ਉਤਸ਼ਾਹ ਪੈਦਾ ਹੋਇਆ। ਇਸ ਤੋਂ ਪਹਿਲਾਂ/ਸਮਕਾਲ ਵਿਚ ਕੁਝ ਪਰੰਪਰਿਕ ਕਿਸਮ ਦੇ ਗੁਰਮੁਖੀ ਸਕੂਲ ਸਨ, ਜਿਨ੍ਹਾਂ ਰਾਹੀਂ ਬੱਚਿਆਂ ਨੂੰ ਗੁਰਮੁਖੀ ਸਿਖਾਈ ਜਾਂਦੀ ਸੀ। ਇਸ ਸਮਕਾਲ ਵਿਚ ਛਪਣ ਵਾਲੀਆਂ ਹਫ਼ਤਾਵਰੀ, ਮਾਸਿਕ ਪਤ੍ਰਿਕਾਵਾਂ ਵਿਚ ਸਿੱਖ ਇਸਤਰੀਆਂ ਬਾਰੇ ਵਿਭਿੰਨ ਪੱਖਾਂ ਸੰਬੰਧੀ ਲੇਖ ਭਰੇ ਪਏ ਹਨ। ਭਾਈ ਕਾਨ੍ਹ ਸਿੰਘ ਨਾਭਾ ਨੇ 'ਮਹਾਨ ਕੋਸ਼' ਵਿਚ ਪਹਿਲੀ ਵਾਰ ਸਿੱਖ ਇਸਤਰੀਆਂ ਸੰਬੰਧੀ ਇੰਦਰਾਜਾਂ ਹੇਠ ਤੱਥ-ਮੂਲਕ ਸਮਗਰੀ ਇਕੱਤਰ ਕਰਨ ਦੀ ਕੋਸ਼ਿਸ਼ ਕੀਤੀ (ਮਹਾਨ ਕੋਸ਼ ਵਿਚ ਸਿੱਖ ਇਸਤਰੀਆਂ ਬਾਰੇ ਪੰਜਾਹ-ਕੁ ਅੰਦਰਾਜ਼ ਹਨ)।

ਵਰਤਮਾਨ/ਸਮਕਾਲ ਵਿਚ ਸਿੱਖ ਅਧਿਐਨ ਦੀ ਜੋ ਵੀ ਉੱਨਤੀ ਹੋਈ ਹੈ, ਉਸ ਪਿੱਛੇ ਇਕ ਪਾਸੇ ਬੁਨਿਆਦੀ ਸ਼ਕਤੀ ਸਿੱਖ ਪੰਥ ਵਿਚ ਸ਼ਤਾਬਦੀਆਂ ਮਨਾਉਣ ਦੀ ਪਰੰਪਰਾ ਵਿੱਚੋਂ ਪੈਦਾ ਹੋਈ - ੧੯੬੬ ਈ. ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ੩੦੦ ਸਾਲਾ ਪ੍ਰਕਾਸ਼ ਗੁਰਪੁਰਬ, ੧੯੬੯ ਈ. ਵਿਚ ਗੁਰੂ ਨਾਨਕ ਦੇਵ ਦਾ

੫੦੦ ਸਾਲਾ ਪ੍ਰਕਾਸ਼ ਗੁਰਪੁਰਬ, ੧੯੭੫ ਈ. ਵਿਚ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹੀਦੀ ਸ਼ਤਾਬਦੀ, ੧੯੭੭ ਈ. ਵਿਚ ਸ੍ਰੀ ਅੰਮ੍ਰਿਤਸਰ ਦਾ ੪੦੦ ਸਾਲਾ ਸਥਾਪਨਾ ਦਿਵਸ, ੧੯੭੯ ਈ. ਵਿਚ ਸ੍ਰੀ ਗੁਰੂ ਅਮਰਦਾਸ ਜੀ ਦਾ ਪ੍ਰਕਾਸ਼ ਗੁਰਪੁਰਬ, ੧੯੮੦ ਈ. ਵਿਚ ਮਹਾਰਾਜਾ ਰਣਜੀਤ ਸਿੰਘ ਦਾ ੨੦੦ ਸਾਲਾ ਜਨਮ ਦਿਨ ਅਤੇ ੧੯੯੯ ਈ. ਵਿਚ ਖਾਲਸੇ ਦੇ ੩੦੦ ਸਾਲਾ ਸਿਰਜਣਾ ਦਿਵਸ ਦੀ ਸ਼ਤਾਬਦੀ ਮਨਾਈ ਗਈ। ਸੰਨ ੨੦੦੪ ਈ. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪ੍ਰਕਾਸ਼ ਅਤੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਸ਼ਤਾਬਦੀ ਮਨਾਈ ਗਈ। ੨੦੦੮ ਈ. ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਗੁਰਿਆਈ ਸ਼ਤਾਬਦੀ ਮਨਾਈ ਗਈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ੩੫੦ ਸਾਲਾ ਪ੍ਰਕਾਸ਼ ਗੁਰਪੁਰਬ ੨੦੧੬ ਈ. ਵਿਚ ਮਨਾਇਆ ਗਿਆ, ਤੇ ਦੂਜੇ ਪਾਸੇ ਪਿਛਲੇ ਪੰਜ-ਕੁ ਦਹਾਕਿਆਂ ਵਿਚ ਸਥਾਪਿਤ ਹੋਈਆਂ ਵਿਭਿੰਨ ਪ੍ਰਕਾਰ ਦੀਆਂ ਅਕਾਦਮਿਕ ਸੰਸਥਾਵਾਂ ਹਨ (ਗੁਰੂ ਨਾਨਕ ਫਾਉਂਡੇਸ਼ਨ (੧੯੬੯) ਦਿੱਲੀ, ਗੁਰੂ ਗੋਬਿੰਦ ਸਿੰਘ ਫਾਉਂਡੇਸ਼ਨ (੧੯੬੬) ਚੰਡੀਗੜ੍ਹ, Institute of Sikh Studies CHD. ਆਦਿ।

ਇਸ ਦੇ ਨਾਲ ਹੀ ਵਿਸ਼ਵ ਚਿੰਤਨ ਵਿਚ ਪੈਦਾ ਹੋਏ ਨਵੇਂ ਅਕਾਦਮਿਕ ਰੁਝਾਨਾਂ (ਹਾਸ਼ੀਆਗਤ ਅਧਿਐਨ/ ਚਿੰਤਨ subaltern studies, ਨਾਰੀਵਾਦੀ ਅਧਿਐਨ/ ਚਿੰਤਨ/ feminism, ਪੂਰਬਵਾਦ/orientalism, ਵਿਸ਼ਵੀਕਰਨ/globalization, ਵਾਤਾਵਰਣਕ ਅਤੇ ਵਿਸ਼ਵ ਸ਼ਾਂਤੀ ਮਸਲਿਆਂ ਨਾਲ ਜੁੜੇ ਰੁਝਾਨ/ecological and world peace concerns ਆਦਿ) ਵਿੱਚੋਂ ਇਕ ਨਾਰੀਵਾਦੀ ਸਮੀਖਿਆ ਪੱਧਤੀ ਦਾ ਭਾਰਤ ਵਿਚ ਉਦੈ ਹੋਣਾ ਵੀ ਹੈ। ਸੋ ਇਨ੍ਹਾਂ ਤਿੰਨ ਬੁਨਿਆਦੀ ਸ਼ਕਤੀਆਂ- ਸ਼ਤਾਬਦੀਆਂ, ਅਕਾਦਮਿਕ ਸੰਸਥਾਵਾਂ ਦੀ ਸਥਾਪਨਾ ਤੇ ਨਾਰੀਵਾਦ ਸਮੀਖਿਆ ਰੁਝਾਨ-ਕਾਰਨ ਸਿੱਖ ਅਧਿਐਨ ਵਿਚ ਇਸਤਰੀ-ਮੂਲਕ ਕਾਰਜ ਸੁਤੰਤਰ ਅਨੁਸ਼ਾਸਨੀ ਮੁਹਾਂਦਰਾ ਨਿਖਾਰਨ ਵੱਲ ਵਧਣਾ ਸ਼ੁਰੂ ਹੋ ਗਿਆ, ਜਿਸ ਦੀਆਂ ਮੁੱਖ ਦੋ ਦਿਸ਼ਾਵਾਂ ਹਨ- ਪਹਿਲੀ ਸਿੱਖ ਇਤਿਹਾਸਕਾਰੀ ਵਿਚ ਇਸਤਰੀ-ਮੂਲਕ ਸੁਤੰਤਰ ਕਾਰਜਾਂ ਦੀ ਤਿਆਰੀ ਤੇ ਦੂਜੀ ਸਿੱਖ ਦਾਰਸ਼ਨਿਕ/ਧਾਰਮਿਕ ਚਿੰਤਨ ਦੀ ਨਾਰੀਵਾਦੀ ਵਿਆਖਿਆ। ਹੁਣ ਦੋਵੇਂ ਕਿਸਮ ਦੇ ਰੁਝਾਨ ਉਪਾਧੀ ਸਾਪੇਖ, ਜਿਵੇਂ: ਡਾ. ਹਰਿੰਦਰ ਕੌਰ, ਸੋ ਕਿਉ ਮੰਦਾ ਆਖੀਐ (੨੦੦੧ ਈ.), ਰੁਪਿੰਦਰਜੀਤ ਕੌਰ, ਸਿੱਖ ਧਰਮ ਵਿਚ ਇਸਤਰੀ ਦਾ ਸਥਾਨ (੨੦੦੨ ਈ.), ਤ੍ਰਿਪਤ ਕੌਰ ਆਦਿ ਗ੍ਰੰਥ ਵਿਚ ਇਸਤਰੀ ਦਾ ਸੰਕਲਪ (੨੦੦੪ ਈ.), Natosha Behl, Politics of Equality : Caste and Gender Paradoxes in the Sikh Community (2010), ਅਤੇ ਨਿਰਪੇਖ, ਜਿਵੇਂ: ਸਿਮਰਨ ਕੌਰ,ਪ੍ਰਸਿੱਧ ਸਿੱਖ ਬੀਬੀਆਂ (੧੯੯੧), ਹਾਜ਼ਰੀ ਲਾ ਰਹੇ ਹਨ, ਇਹ ਵਧੇਰੇ ਪੰਜਾਬੀ ਤੇ ਅੰਗਰੇਜ਼ੀ ਵਿਚ ਉਪਲਬਧ ਹਨ (Rajwant Singh

Chilana: 2005;391-412)।

ਸਿੱਖ ਚਿੰਤਨ ਦੀ ਨਾਰੀਵਾਦੀ ਵਿਆਖਿਆ ਵਧੇਰੇ ਕਰਕੇ ਸਿੱਖ ਇਸਤਰੀਆਂ ਦਾ ਸਿੱਖ ਧਰਮ ਅਤੇ ਸੰਸਥਾਵਾਂ ਵਿਚ ਸਥਾਨ ਤੇ ਗੁਰਬਾਣੀ ਵਿਚ ਸੰਬੰਧਿਤ ਸੰਦਰਭਾਂ ਦੀ ਵਿਆਖਿਆ ਨਾਲ ਸੰਬੰਧਿਤ ਹੈ; ਇਤਿਹਾਸਕਾਰੀ ਦਾ ਰੁਝਾਨ ਸਿੱਖ ਇਸਤਰੀਆਂ ਸੰਬੰਧੀ ਤੱਥ-ਮੂਲਕ ਵੇਰਵਿਆਂ ਤੋਂ ਬਿਨਾਂ ਇਤਿਹਾਸ ਵਿਚ ਪਾਏ ਉਨ੍ਹਾਂ ਦੇ ਯੋਗਦਾਨ ਦੁਆਲੇ ਵਧੇਰੇ ਕੇਂਦਰਿਤ ਹੈ।

ਉਕਤ ਸਰਵੇਖਣ ਤੋਂ ਭਾਵੇਂ ਅਸੀਂ ਇਹ ਅਨੁਮਾਨ ਲਾ ਸਕਦੇ ਹਾਂ ਕਿ ਸਿੱਖ ਇਸਤਰੀਆਂ ਸੰਬੰਧੀ ਅਧਿਐਨ ਦੇ ਕੁਝ-ਨਾ-ਕੁਝ ਮੁੱਢਲੇ ਨਕਸ਼ ਤਾਂ ਉਭਰੇ ਹਨ, ਪਰ ਵਿਸ਼ਵ ਪ੍ਰਸੰਗ ਵਿਚ ਇਹ ਨਹੀਂ ਕਿਹਾ ਜਾ ਸਕਦਾ ਕਿ ਵਿਚਾਰਾਧੀਨ ਸਥਿਤੀ ਸਥਾਪਤੀ ਵੱਲ ਵਧ ਰਹੀ ਹੈ। ਵਿਸ਼ਵ-ਵਿਆਪੀ ਸਮਕਾਲੀ ਦ੍ਰਿਸ਼ਟੀ ਵਿਚਲੀ ਇਤਿਹਾਸਕਾਰੀ ਦੀ ਸੁਤੰਤਰ ਵਿਧਾ ਨਿਰਮਤ ਹੋਣ ਵਿਚ ਹਾਲੇ ਕਾਫ਼ੀ ਹੋਰ ਇੰਤਜ਼ਾਰ ਕਰਨਾ ਪਵੇਗਾ, ਇਸ ਦੇ ਅਨੇਕ ਕਾਰਨ ਹਨ।

ਇਸ ਖੇਤਰ ਵਿਚਲੀ ਸਭ ਤੋਂ ਮੁੱਖ ਸੀਮਾ ਤੱਥਾਂ ਦੀ ਅਣ-ਉਪਲਬਧੀ ਰਹੀ ਹੈ। ਇਹ ਕੇਵਲ ਸਿੱਖ ਇਸਤਰੀ ਜਾਂ ਇਸ ਖੇਤਰ ਵਿਚ ਹੀ ਨਹੀਂ, ਸਥਾਨਕਤਾ ਨਾਲ ਜੁੜੇ ਹਰੇਕ 'ਹਾਸ਼ੀਏ' ਦੇ ਹਵਾਲੇ ਵਿਚ ਹੈ। ੧੯੨੦ ਈ. ਤੋਂ ੮੦-ਵਿਆਂ ਵਿਚ ਸ਼ੁਰੂ ਹੋਈਆਂ ਸਥਾਨਕਤਾ ਨਾਲ ਜੁੜੀਆਂ ਲਹਿਰਾਂ ਉਤੇ ਕੰਮ ਕਰਨ ਵਾਲੇ ਹਰੇਕ ਵਿਦਵਾਨ ਨੇ ਇਸ ਘਾਟ ਨੂੰ ਜਿੱਥੇ ਮਹਿਸੂਸ ਕੀਤਾ, ਉੱਥੇ ਗਹਿਰੀ ਛਾਣ-ਬੀਣ ਵੀ ਕੀਤੀ ਹੈ। ਪ੍ਰਾਪਤ ਦਸਤਾਵੇਜ਼ਾਂ ਦੀ ਅਣਹੋਂਦ ਦਾ ਕਾਰਨ, ਸਾਂਭ-ਸੰਭਾਲ ਨਾਲ ਜੁੜੇ ਅਨੇਕ ਮਾਮਲਿਆਂ ਵਿੱਚੋਂ ਇਕ ਕਾਰਨ ਹਾਸ਼ੀਆ ਵਰਗਾਂ ਨਾਲ ਜੁੜੇ ਦਸਤਾਵੇਜ਼ਾਂ ਨੂੰ ਨਸ਼ਟ ਕਰਨ ਦੀ ਵਿਧੀਵਤ ਯੋਜਨਾ ਵੀ ਰਹੀ। ਅਣ-ਗਿਣਤ ਵਿਦੇਸੀ/ਸੁਦੇਸੀ ਹਮਲਿਆ ਨਾਲ ਮਣਾਂ-ਮੂੰਹੀਂ ਗੁਰਮੁਖੀ-ਸਾਹਿਤ ਨਸ਼ਟ ਹੋਇਆ। ਕਿੰਨਾਂ ਸਾਹਿਤ ਅੱਗ, ਹੜ੍ਹ, ਸਿਉਂਕ ਤੇ ਅਣ-ਗਹਿਲੀ ਨਾਲ ਨਸ਼ਟ ਹੋ ਗਿਆ ਹੈ। ਇਤਿਹਾਸਿਕ ਹਾਲਤਾਂ ਵਿਚ 'ਸਰਸਾ ਦੇ ਕੰਢੇ' ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਰੁੜ੍ਹਿਆ ਸਾਹਿਤ (ਭਾਈ ਸੰਤੋਖ ਸਿੰਘ ਅਨੁਸਾਰ ਨੌ ਮਣ ਭਾਰੇ ਗ੍ਰੰਥ) ਇਤਿਹਾਸ ਦੀ ਇਕ ਅਮਿੱਟ ਘਟਨਾ ਹੈ। ਭਾਈ ਰਤਨ ਸਿੰਘ ਭੰਗੂ (ਸ੍ਰੀ ਗੁਰੁ ਪੰਥ ਪ੍ਰਕਾਸ਼:੧੯੮੧; ੩੦੩) ਦੀ ਸੂਚਨਾ ਅਨੁਸਾਰ ਦੀਵਾਨ ਲਖਪਤ ਰਾਏ ਨੇ ਘਰਾਂ ਵਿੱਚੋਂ ਟੋਲ੍-ਟੋਲ੍ ਗੁਰਮੁਖੀ ਗ੍ਰੰਥ ਨਸ਼ਟ ਕੀਤੇ। ਸੰਨ ੧੯੪੭ ਤੇ ੧੯੮੪ ਵਿਚ ਸਿੱਖ ਸਾਹਿਤ ਦੇ ਨਸ਼ਟ ਹੋਣ ਦੀ ਦਾਸਤਾਨ ਦੱਸਣ ਵਾਲੇ ਤਾਂ ਹਾਲੇ ਕਈ ਜਿਉਂਦੇ ਹਨ। ਇਸ ਸੀਮਾ ਦਾ ਇਕਦਮ ਉਲਟ ਵਰਤਾਰਾ ਇਹ ਵੀ ਹੈ ਕਿ ਸਿੱਖ ਇਸਤਰੀ-ਮੂਲਕ ਰਚਨਾਵਾਂ ਬਾਰੇ ਪ੍ਰਾਪਤ ਦਸਤਾਵੇਜ਼ਾਂ ਜਾਂ ਸਮਗਰੀ ਦੀ ਦੱਸ ਪਾਉਣ ਵਾਲਾ ਸ਼ਾਇਦ ਸਾਡੇ ਕੋਲ ਇਕ ਵੀ ਕਾਰਜ ਨਹੀਂ। ਅਜਿਹੇ ਕਾਰਜਾਂ ਦੀ ਅਣਹੋਂਦ ਵਿਚ

ਸਿੱਖ ਇਸਤਰੀ-ਮੂਲਕ ਲਿਖਤਾਂ ਦੀ ਇਤਿਹਾਸਕਾਰੀ ਅਧੂਰੀ ਰਹਿ ਜਾਂਦੀ ਹੈ।

ਸਿੱਖ ਇਸਤਰੀਆਂ ਬਾਰੇ ਇਕ ਹੋਰ ਵਸਤੂ-ਸਚਾਈ ਇਹ ਹੈ ਕਿ ਵੱਡੀ ਗਿਣਤੀ ਲਿਖਤਾਂ, ਜਿਹੜੀਆਂ ਵਰਤਮਾਨ ਸਮੇਂ ਵਿਚ ਲਿਖੀਆਂ ਜਾ ਰਹੀਆਂ ਹਨ, ਗੁਰਮੁਖੀ ਸਰੋਤਾਂ ਉਤੇ ਹੀ ਕੇਂਦਰਤ ਹਨ, ਜਿਵੇਂ: M.K. Gill, The Role and Status of Women in Sikhism (1995), ਪਿਆਰਾ ਸਿੰਘ ਪਦਮ, 'ਸਿੱਖੀ ਤੇ ਇਸਤ੍ਰੀ ਜਾਤਿ' (੧੯੯੭ ਈ.) , ਹਰਜਿੰਦਰ ਕੌਰ, 'ਸਿੱਖ ਧਰਮ ਵਿਚ ਸਿੱਖ ਬੀਬੀਆਂ' (੨੦੦੫ ਈ.), ਆਦਿ। ਗੁਰੂ-ਘਰ/ਕਾਲ ਦੀਆਂ ਮਾਤਾਵਾਂ ਬਾਰੇ ਕੀਤੇ ਗਏ ਜਾਂ ਪ੍ਰਾਪਤ ਕਾਰਜਾਂ ਦੇ ਸਰਸਰੀ ਸਰਵੇਖਣ ਤੋਂ ਹੀ ਇਹ ਤੱਥ ਸਪੱਸ਼ਟ ਹੋ ਜਾਂਦਾ ਹੈ ਕਿ ਸੰਬੰਧਿਤ ਲਿਖਤਾਂ ਗੁਰਬਿਲਾਸ ਪਾਤਸ਼ਾਹੀ ਛੇਵੀਂ 'ਤੇ ਕੇਸਰ ਸਿੰਘ ਛਿੱਬਰ ਦੇ 'ਬੰਸਾਵਲੀਨਾਮਾ' ਤੋਂ ਅਗਾਂਹ-ਪਿਛਾਂਹ ਨਹੀਂ ਜਾਂਦੀਆਂ। ਹਾਲਾਂਕਿ ਹੋਰ ਗੁਰਮੁਖੀ ਸਰੋਤ ਵੀ ਵਡੀ ਗਿਣਤੀ ਵਿਚ ਮੌਜੂਦ ਹਨ। ਇਤਿਹਾਸਿਕ ਪ੍ਰਕਿਰਤੀ ਦੀਆਂ ਰਚਨਾਵਾਂ ਵਿਚ ਚਾਰ ਮੁੱਖ ਪਰੰਪਰਾਵਾਂ ਹਨ, ਜਿਵੇਂ ਜਨਮਸਾਖੀ ਪਰੰਪਰਾ (ਇਸ ਵਿਚ ਚਾਰ: ਪੁਰਾਤਨ, ਬਾਲਾ, ਮਿਹਰਬਾਨ, ਗਿਆਨ ਰਤਨਾਵਲੀ ਆਦਿ ਆਉਂਦੀਆਂ ਹਨ, ਜੋ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਲੇ ਕੇਂਦਰਤ ਹਨ), ਗੁਰਬਿਲਾਸ ਪਰੰਪਰਾ (ਗੁਰਬਿਲਾਸ ਪਾ. ੬, ਗੁਰਬਿਲਾਸ ਪਾ. ੧੦, ਗੁਰਕੀਰਤ ਪ੍ਰਕਾਸ਼, ਗੁਰਸੋਭਾ ਆਦਿ), ਪੰਥ ਪ੍ਰਕਾਸ਼ ਪਰੰਪਰਾ (ਰਤਨ ਸਿੰਘ ਭੰਗੂ ਤੇ ਗਿ. ਗਿਆਨ ਸਿੰਘ ਦਾ), ਗੁਰਬੰਸਾਵਲੀ ਪਰੰਪਰਾ (ਬੰਸਾਵਲੀਨਾਮਾ, ਗੁਰਰਤਨਾਵਲੀ, ਗੁਰੁ-ਪ੍ਰਣਾਲੀਆਂ) ਆਦਿ। ਇਨ੍ਹਾਂ ਦੀਆਂ ਸੰਭਾਵਨਾਵਾਂ ਗ੍ਰਹਿਣ ਕਰਦੇ ਹੋਏ, ਸੀਮਾਵਾਂ ਨੂੰ ਵੀ ਧਿਆਨ ਵਿਚ ਰੱਖਣਾ ਜਰੂਰੀ ਹੋ ਜਾਂਦਾ ਹੈ ਅਤੇ ਗੁਰਮੁਖੀ ਸਮੇਤ ਹੋਰ ਸਰੋਤਾਂ ਨੂੰ ਵੀ ਵਰਤੋਂ ਹੇਠ ਕਰਨਾ ਹੁੰਦਾ ਹੈ। ਇਸੇ ਤਰ੍ਹਾਂ ਕੋਸ਼ਾਂ ਵਿਚਲੇ ਇੰਦਰਾਜ-ਲੇਖ, ਜਾਂ ਪੁਸਤਕਾਂ ਵਿਚਲੇ ਅਧਿਆਇ 'ਇਕ ਜਾਣ-ਪਛਾਣ' ਤੋਂ ਅੱਗੇ ਨਹੀਂ ਜਾਂਦੇ, ਜਿਵੇਂ: Surinder Singh Johar, 'Women More Than Equal' (Surinder Singh Johar: 1982; 50-60); Harbans Singh, 'Status of Women in Sikhism' ( : 1983); 'Social Status of Sikh Woman' (O.P. Ralhan: 1997; 675-94); Gurdeep Kaur, 'Gender Equality' (Gurdeep Kaur: 2000) ; 'Socio-Economic Status of Sikh Women' (R.N. Singh: 2002; 196-240); Karam Singh Raju, 'Status of Woman' (Karam Singh Raju: 2002; 188-229), ਆਦਿ।

ਸਿੱਖ ਇਸਤਰੀ-ਮੂਲਕ ਸਿਧਾਂਤਕ ਵਿਆਖਿਆ ਨਾਲ ਜੁੜੀਆਂ ਲਿਖਤਾਂ ਦੀ ਬੁਨਿਆਦੀ ਸੀਮਾ ਗੁਰਮਤਿ ਦੇ ਪ੍ਰਸੰਗ ਨੂੰ ਠੀਕ ਨਾ ਗ੍ਰਹਿਣ ਕਰਨ ਵਿਚ ਹੈ। ਇਹ

ਸਥਿਤੀ ਐਨੀ ਪੇਚੀਦਾ ਹੈ ਕਿ ਕਈ ਵਾਰ ਤਾਂ ਇਉਂ ਜਾਪਦਾ ਹੈ ਜਿਵੇਂ ਲਿਖਤ ਲਿਖਣ ਵਾਲੇ ਨੂੰ ਇਹ ਵੀ ਪਤਾ ਨਹੀਂ ਕਿ ਸੰਬੰਧਿਤ ਸੰਦਰਭ ਬਾਣੀ ਵਿੱਚੋਂ ਹੈ ਜਾਂ ਕਿਤੋਂ ਹੋਰ ਜਾਂ ਸੰਬੰਧਿਤ ਪ੍ਰਕਰਨ ਕੀ ਹੈ, ਉਦਾਹਰਨ ਵਜੋਂ ਡਾ. ਬਲਵਿੰਦਰ ਕੌਰ (ਬਰਾੜ) ਦੀ ਲਿਖਤ ਲਈ ਜਾ ਸਕਦੀ ਹੈ, ਜਿਸ ਵਿਚ ਪੁੰਤੀ ਗੰਢੁ ਪਵੈ ਸੰਸਾਰਿ... ਦੇ ਅਰਥ ਪ੍ਰਸੰਗ ਨਾਲੋਂ ਤੋੜ ਕੇ ਕੀਤੇ ਗਏ ਹਨ। (ਬਲਵਿੰਦਰ ਕੌਰ (ਬਰਾੜ): ੨੦੦੨; ੫੦-੫੧) ਗੁਰਬਾਣੀ ਵਿਚ ਪੰਨਾ ੧੪੩ ਉਤੇ 'ਗੰਢੁ' (ਜੋੜ) ਦੀ ਵਿਚਾਰ ਚੱਲ ਰਹੀ ਹੈ, ਸ੍ਰੀ ਗੁਰੂ ਨਾਨਕ ਦੇਵ ਜੀ ਅਨੇਕ ਪ੍ਰਕਾਰ ਦੀਆਂ (ਸੰਸਾਰੀ) 'ਗੰਢਾਂ' ਜਿਵੇਂ: *ਅਗਨੀ ਗੰਢੁ ਪਾਏ ਲੋਹਾਰੁ ॥... ਪੁੰਤੀ ਗੰਢੁ ਪਵੈ ਸੰਸਾਰਿ ॥... ਮੁਇਆ ਗੰਢੁ ਨੇਕੀ ਸਤੁ ਹੋਇ ॥... (ਏਤੁ ਗੰਢਿ ਵਰਤੈ ਸੰਸਾਰੁ)* ਆਦਿ ਦੱਸ ਕੇ ਆਪਣੀ ਵਿਚਾਰ; ਗੁਰਮਤਿ ਦਾ ਦ੍ਰਿਸ਼ਟੀਕੋਣ *(ਨਾਨਕੁ ਆਖੈ ਏਹੁ ਬੀਚਾਰੁ...)* ਦੱਸਦੇ ਹਨ: *ਸਿਫਤੀ ਗੰਢੁ ਪਵੈ ਦਰਬਾਰਿ॥* ਗੁਰਬਾਣੀ ਵਿਚ ਇਸ ਕਿਸਮ ਦੇ ਬਿਲਕੁਲ ਸਪੱਸ਼ਟ ਸੰਕੇਤ ਵੀ ਮਿਲਦੇ ਹਨ, ਜਿਵੇਂ *ਪਹਿਲਾ ਆਗਮੁ ਨਿਗਮੁ ਨਾਨਕੁ ਆਖਿ ਸੁਣਾਏ ਪੂਰੇ ਗੁਰ ਕਾ ਬਚਨੁ ਉਪਰਿ ਆਇਆ॥ (੩੦੪)*। ਬੁਨਿਆਦੀ ਤੇ ਪਹਿਲਾ ਕਦਮ ਸਬਦ-ਵਿਸ਼ੇਸ਼ ਦਾ ਪ੍ਰਸੰਗ ਹੈ, ਜਿਸ ਤਰ੍ਹਾਂ ਉਧਰਿਤ ਉਦਾਹਰਨ ਪੁੰਤੀ ਗੰਢੁ ਪਵੈ ਸੰਸਾਰਿ ਨੂੰ ਜੇ ਪ੍ਰਸੰਗ ਬਾਹਰ ਕਰਕੇ ਵੇਖਿਆ ਜਾਵੇ ਤਾਂ ਇਹ ਗੁਰਬਾਣੀ ਦਾ ਵਿਚਾਰ ਲਗਦਾ ਹੈ, ਪਰ ਪ੍ਰਸੰਗ ਵਿਚ ਪਤਾ ਲਗਦਾ ਹੈ ਕਿ ਇਹ ਤਾਂ 'ਸੰਸਾਰੁ ਵਰਤਣ' ਦਾ ਵਰਣਨ ਹੈ *(ਏਤੁ ਗੰਢਿ ਵਰਤੈ ਸੰਸਾਰੁ)*, ਗੁਰਮਤਿ ਦਾ ਵਿਚਾਰ *(ਨਾਨਕੁ ਆਖੈ ਏਹੁ ਬੀਚਾਰੁ...)* ਤਾਂ 'ਸਿਫਤਾਂ' ਦੀ 'ਗੰਢੁ' ਨੂੰ ਦ੍ਰਿੜ੍ਹ ਕਰਵਾਉਣਾ ਹੈ *(ਸਿਫਤੀ ਗੰਢੁ ਪਵੈ ਦਰਬਾਰਿ )*। ਅਜਿਹਾ ਹੋਰ ਅਨੇਕ ਲਿਖਤਾਂ/ਪ੍ਰਸੰਗਾਂ ਵਿਚ ਵੀ ਵੇਖਿਆ ਜਾ ਸਕਦਾ ਹੈ। ਨਿਕਲ ਰਹੇ ਜਾਂ ਕਢੇ ਜਾ ਰਹੇ ਵਿਸ਼ੇਸ਼-ਅੰਕ ਵਧੇਰੇ ਵਰਤਮਾਨ/ਰੋਜ਼ਾਨਾ ਦੀਆਂ ਸਮਕਾਲੀ ਸਮੱਸਿਆਵਾਂ ਉਤੇ ਕੇਂਦਰਤ ਹਨ, ਸਿਧਾਂਤਕ ਸਥਾਪਤੀਆਂ ਜਾਂ ਇਤਿਹਾਸਕ ਨਿਰਣਿਆਂ ਵੱਲ ਨਹੀਂ (ਗੁਰਮਤਿ ਪ੍ਰਕਾਸ਼: ੧੯੯੯; The Sikh Review: 2010)।

ਇਸੇ ਪ੍ਰਕਾਰ ਦੀ ਸੀਮਾ ਇਤਿਹਾਸ-ਮੂਲਕ ਸੰਦਰਭਾਂ ਦੀ ਪੇਸ਼ਕਾਰੀ ਤੇ ਵਿਆਖਿਆ ਵਿਚ ਵੀ ਹੈ। ਬਹੁਤੇ ਸੰਦਰਭ ਮੂਲ ਨੂੰ ਵੇਖੇ ਬਿਨਾਂ ਦੂਜਿਆਂ ਦੀਆਂ ਧਾਰਨਾਵਾਂ ਤੇ ਹਵਾਲਿਆਂ ਆਧਾਰਿਤ ਹਨ। ਉਦਾਹਰਨ ਲਈ ਜੈਕਬਸ਼ ਦੀ ਜਨਮਸਾਖੀ ਬਾਰੇ ਸਾਰੀ ਸਮਝ ਮੈਕਲੋਡ ਦੀ ਸਮਝ ਤੇ ਦ੍ਰਿਸ਼ਟੀ ਆਧਾਰਿਤ ਹੈ (Doris R. Jakobsh: 2003; 27)।

ਗੁਰੂ ਮਾਤਾਵਾਂ/ਮਹਿਲਾਵਾਂ ਬਾਰੇ ਸਾਡੇ ਸਮਕਾਲ ਵਿਚ ਸਭ ਤੋਂ ਵਧੇਰੇ ਲਿਖਣ ਵਾਲੇ ਸ਼ਾਇਦ ਡਾ. ਮਹਿੰਦਰ ਕੌਰ (ਗਿੱਲ) ਹਨ, ਇਨ੍ਹਾਂ ਤੋਂ ਬਾਅਦ ਇਸ ਖੇਤਰ ਵਿਚ ਕੰਮ ਕਰਨ ਵਾਲਿਆਂ ਨੇ ਜਾਂ ਤਾਂ ਹੂ-ਬ-ਹੂ ਇਨ੍ਹਾਂ ਵਾਲਾ ਹੀ ਉਤਾਰਾ ਕੀਤਾ ਹੈ ਜਾਂ ਅਨੁਸਰਣ ਕੀਤਾ ਹੈ। ਇਹ ਠੀਕ ਹੈ ਕਿ ਇਨ੍ਹਾਂ ਦੀਆਂ ਸਿੱਖ ਇਸਤਰੀਆਂ

ਸੰਬੰਧੀ ਲਿਖੀਆਂ ਕਾਫੀ ਮਾਤਰਾ ਵਿਚ ਪੁਸਤਕਾਂ ਨਾਲ ਇਸਤਰੀ-ਮੂਲਕ ਇਤਿਹਾਸਕਾਰੀ ਵਿਚ ਪੈਦਾ ਹੋਈ ਖੜੋਤ ਵੀ ਟੁੱਟੀ ਅਤੇ ਇਕ ਅਕਾਦਮਿਕ ਰੁਝਾਨ ਵੀ ਪੈਦਾ ਹੋਇਆ; ਇੱਥੋਂ ਤਕ ਕਿ ਇਸ ਖੇਤਰ ਵੱਲ ਲੇਖਕਾਂ, ਖਾਸਕਰ ਇਸਤਰੀ ਲੇਖਕਾਂ ਦਾ ਇਕ ਕਾਫਲਾ ਤਿਆਰ ਕਰਨ ਵਿਚ ਡਾ. ਮਹਿੰਦਰ ਕੌਰ ਦਾ ਯੋਗਦਾਨ ਇਸਤਰੀ-ਮੂਲਕ ਸਿੱਖ ਇਤਿਹਾਸਕਾਰੀ ਵਿਚ ਹਮੇਸ਼ਾ ਮਾਣਯੋਗ ਰਹੇਗਾ, ਪਰ ਨਾਲ ਹੀ ਗੁਰੂ ਸਾਹਿਬਾਨ ਦੀਆਂ ਮਾਤਾਵਾਂ, ਸਪੁੱਤਰੀਆਂ, ਸੁਪਤਨੀਆਂ ਆਦਿ ਬਾਰੇ ਕੀਤੇ ਗਏ ਵਧੇਰੇ ਕਾਰਜ, ਸਿੱਖ ਪੰਥ ਦੀ ਬਣਤਰ, ਸਮਕਾਲੀ ਹਾਲਤ ਤੇ ਸਿੱਖ ਧਰਮ ਦੇ ਸਰੂਪ ਤੇ ਉਦੇਸ਼ ਦੀ ਗੈਰ-ਸਮਝਦਾਰੀ ਵਿਚ ਵੀ ਪੈਦਾ ਹੋਏ ਹਨ। ਇਸ ਤੱਥ ਦੀਆਂ ਅਨੇਕ ਉਦਾਹਰਨਾਂ ਡਾ. ਮਹਿੰਦਰ ਕੌਰ ਜਾਂ ਉਨ੍ਹਾਂ ਦੇ ਅਧੀਨ/ਪ੍ਰਭਾਵ ਵਿਚ ਹੋਏ ਕਿਸੇ ਵੀ ਕਾਰਜ ਵਿੱਚੋਂ ਸੌਖੀਆਂ ਹੀ ਲੱਭੀਆਂ ਜਾ ਸਕਦੀਆਂ ਹਨ, ਉਦਾਹਰਣ ਲਈ: ਗੁਰੂ ਮਾਤਾਵਾਂ/ਸੁਪਤਨੀਆਂ ਦੇ ਰਹਿਣ-ਸਹਿਣ ਬਾਰੇ ਡਾ. ਮਹਿੰਦਰ ਕੌਰ (ਗਿੱਲ) ਇਸ ਤਰ੍ਹਾਂ ਦਰਸਾਉਂਦੇ ਹਨ ਜਿਵੇਂ ਉਹ ਸਾਰੀਆਂ ਰਾਜੇ-ਮਹਾਰਾਜੇ ਜਾਂ ਐਸ਼ੋ-ਇਸ਼ਰਤ ਵਾਲੇ ਮਹਿਲਾਂ ਦੀਆਂ ਵਾਸੀ ਹੋਣ; ਗੁਰੂ ਮਾਤਾਵਾਂ/ਸੁਪਤਨੀਆਂ ਦੇ ਖਾਣੇ, ਪਹਿਰਾਵੇ, ਦਾਸੀਆਂ ਤੇ ਹੋਰ ਸ਼ਾਹਾਨਾ ਰਹਿਣ-ਸਹਿਣ... ਇਕ ਗਲਪ ਦੀ ਤਰ੍ਹਾਂ ਇਉਂ ਪੇਸ਼ ਕੀਤਾ ਹੈ ਜਿਵੇਂ ਸਿਖੀ ਕੋਈ ਗੈਰ ਸਮਾਜਕ ਫਿਰਕਾ ਜਾਂ ਸੰਗਠਨ ਮਾਤਰ ਹੋਵੇ। ਜਿਹੋ-ਜਿਹੀਆਂ ਚੀੜ੍ਹੀਆਂ ਤੇ ਮੁਰਦਾ ਪਰੰਪਰਾਵਾਂ/ਰੂੜ੍ਹੀਆਂ ਨਾਲ ਸਿੱਖੀ ਦਾ ਆਢਾ ਰਿਹਾ ਜਾਂ ਸਿਖ ਪੰਥ ਨੂੰ ਆਪਣੇ ਉਗਵਣ-ਕਾਲ ਤੋਂ ਜਿਹੋ ਜਿਹੀਆਂ ਸਥਿਤੀਆਂ ਤੇ ਹਾਲਾਤ ਦਾ ਸਾਹਮਣਾ ਕਰਨਾ ਪਿਆ, ਉਹ ਵਿਚਾਰਾਧੀਨ ਲਿਖਤਾਂ ਵਿਚ ਉਕਾ ਹੀ ਗਾਇਬ ਹਨ।

ਮਾਤਾ ਸੁੰਦਰੀ ਜੀ ਦੇ ਦਿੱਲੀ ਜਾਣ ਤੇ ਰਹਿਣ ਦੇ ਕਾਰਨਾਂ ਬਾਰੇ ਡਾ. ਗਿੱਲ ਲਿਖਦੇ ਹਨ ਕਿ.. "ਉਹਨਾਂ ।ਗੁਰੂ ਗੋਬਿੰਦ ਸਿੰਘ॥ ਨੇ ਸ਼ਹਿਰਨ ਪਤਨੀ ਦੀਆਂ ਲੋੜਾਂ ਨੂੰ ਸਦਾ ਆਪਣੇ ਧਿਆਨ ਵਿਚ ਰੱਖਿਆ। ਮਾਤਾ ਸੁੰਦਰੀ ਜੀ ਆਪਣੇ ਰਹਿਣ ਸਹਿਣ ਵਿਚ ਖਾਸੇ ਸਲੀਕੇ ਵਾਲੇ ਸਨ। ਸ਼ਾਇਦ ਇਹੀ ਕਾਰਨ ਹੈ, ਜਦ ਕਦੀ ਵੀ ਮਾਤਾ ਜੀ ਨੂੰ ਇਕਲਿਆਂ ਠਹਿਰਨ ਦੀ ਲੋੜ ਪਈ ਤਾਂ ਸਥਾਨ ਚੋਣ ਹਮੇਸ਼ਾਂ ਸ਼ਹਿਰ ਹੀ ਨਹੀਂ, ਸਗੋਂ ਰਾਜਧਾਨੀ ਸੀ" (ਡਾ. ਗਿੱਲ :੧੯੮੧; ੭੬-੭) ਇਸੇ ਤਰ੍ਹਾਂ ਹੀ ਇਕ ਹੋਰ ਥਾਂ ਲਿਖਿਆ ਹੈ "ਮਾਂ ਸੁੰਦਰੀ ਜਿਸ ਦਾ ਬਚਪਨ ਲਾਡਾਂ ਪਿਆਰਾਂ ਵਿਚ ਗੁਜਰਿਆ ਸੀ, ਆਪਣੇ ਪਤੀ ਦਾ ਸ਼ਾਹਾਨਾ ਠਾਠ ਵੇਖਿਆ ਸੀ..ਗੁਰੂ ਰਾਜ ਭਾਗ ਦੀ ਮਾਲਕ ਮਾਤਾ ਨੇ....ਆਪਣੀ ਜ਼ਿੰਦਗੀ ਦੇ ਅੰਤਲੇ ੧੦ ਵਰ੍ਹੇ ਆਪਣੀ ਹਵੇਲੀ ਵਿਚ ਹੀ ਬਿਤਾਏ" (ਡਾ. ਮਹਿੰਦਰ ਕੌਰ: ੨੦੧੬; ੨੫੪)।

ਉਕਤ ਵਰਗੇ ਵਾਕਾਂ/ਵੇਰਵਿਆਂ ਤੋਂ ਸਾਫ਼ ਪਤਾ ਚਲਦਾ ਹੈ ਕਿ ਲੇਖਕਾ ਇਸ ਤੱਥ ਨੂੰ ਸਮਝਣ ਵਿਚ ਉਕਾਈ ਕਰ ਗਏ ਕਿ ਗੁਰੂ ਘਰ ਨਿਮਨ ਵਰਗਾਂ, ਗਰੀਬਾਂ,

ਤੇ ਲਤਾੜਿਆਂ ਦੀ ਪਛਾਣ ਲਈ ਜਿਸ ਹਕੂਮਤ ਤੇ ਸਥਾਪਤੀ ਨਾਲ ਲਹੂ ਵੀਟਵੀਂ ਜੰਗ ਲੜ ਰਿਹਾ ਸੀ, ਉਹ ਸਿੱਖੀ ਦਾ ਖੁਰਾ-ਖੋਜ ਮਿਟਾਉਣ ਲਈ ਆਪਣਾ ਹਰੇਕ ਹਰਬਾ ਵਰਤ ਰਹੀ ਸੀ। ਜੰਗ ਦੇ ਭਿਆਨਕ ਹਾਲਾਤ ਵਿਚ ਮਾਮਲਾ ਸੁਰੱਖਿਆ ਦਾ ਸੀ 'ਸਥਾਨ ਚੋਣ' ('ਸ਼ਹਿਰ ਜਾਂ ਰਾਜਧਾਨੀ') ਦਾ ਨਹੀਂ ਸੀ। ਇਤਿਹਾਸ ਤੋਂ ਸਪੱਸ਼ਟ ਹੈ ਕਿ ਅਨੰਦਪੁਰ ਸਾਹਿਬ ਦੀ ਜੰਗ ਦਰਮਿਆਨ ਹਾਸਿਲ ਹਾਲਤਾਂ ਵਿਚ ਮਾਤਾ ਸੁੰਦਰੀ ਜੀ, ਭਾਈ ਮਨੀ ਸਿੰਘ ਜੀ ਨਾਲ ਦਿੱਲੀ ਚਲੇ ਗਏ ਸਨ, ਭਾਵੇਂ ਹਰਿਦੁਆਰ ਵਿਖੇ ਸੁਰੱਖਿਅਤ ਰਹਿਣ ਦੀ ਯੋਜਨਾ ਸੀ, ਪਰ ਹਾਲਾਤ ਉੱਥੇ ਵੀ ਸਾਜਗਾਰ ਨਹੀਂ ਮਿਲੇ ਸਨ, ਸੋ ਮਜਬੂਰੀ ਵੱਸ ਦਿੱਲੀ ਜਾਣਾ ਪਿਆ ਸੀ, ਜਿੱਥੇ ਦਿਲਵਾਲੀ ਸਿੱਖਾਂ ਨੇ ਉਨ੍ਹਾਂ ਦੇ ਰਹਿਣ ਦਾ ਸੰਭਵ ਪ੍ਰਬੰਧ ਕੀਤਾ ਸੀ, 'ਹਵੇਲੀ' ਵਿਚ ਨਹੀਂ।

ਮੱਧਕਾਲੀ/ਮੁਗ਼ਲਕਾਲੀ ਸਿੱਖ ਸਮਾਜ ਵਿਚਲੇ ਹੁੰਦੇ ਵਿਆਹ (ਜਦੋਂ ਸਿੱਖਾਂ ਦੇ ਸਿਰਾਂ ਦੇ ਮੁਲ ਪਾਏ ਗਏ ਸਨ), ਜਿਸ ਸ਼ਾਹਾਨਾ ਠਾਠ ਨਾਲ ਸਾਡੀਆਂ ਆਧੁਨਿਕ/ਵਰਤਮਾਨ ਲਿਖਤਾਂ ਕਰਾਉਂਦੀਆਂ ਹਨ, ਸ਼ਾਇਦ ਉਹ ਹੁਣ ਵਾਲੇ 'ਪੈਲੇਸ ਕਲਚਰ' ਨੂੰ ਵੀ ਮਾਤ ਪਾ ਜਾਣ। ਇਹ ਸਭ ਤੱਥਾਂ ਨੂੰ ਸਮਕਾਲ ਵਿਚ ਨਾ ਰੱਖ ਕੇ ਵੇਖਣ ਵਿੱਚੋਂ ਪੈਦਾ ਹੋਈ ਸਥਿਤੀ ਤਾਂ ਹੈ ਹੀ, ਪਰ ਨਾਲ ਹੀ ਤਥਾਂ ਨੂੰ ਘੋਖਣ ਦੀ ਅਯੋਗਤਾ ਤੇ ਸਮਕਾਲ ਦੀ ਗੈਰ-ਜ਼ਿੰਮੇਵਾਰਾਨਾ ਬੇਸਮਝੀ ਵਿੱਚੋਂ ਪੈਦਾ ਹੋਈ ਵਿਆਖਿਆ ਵੀ ਹੈ। ਕੁਝ ਲੇਖਕ, ਜਿਹਾ ਕਿ ਕਮਲੇਸ਼ ਮੋਹਨ (Kamlesh Mohan: 2012; 187-209) ਭਾਵੇਂ ਇਹ ਦਾਅਵਾ ਕਰਦੇ ਹਨ ਕਿ ਉਨ੍ਹਾਂ (ਉਨੀਵੀਂ ਸਦੀ ਦੀਆਂ ਵਿਸ਼ੇਸ਼) ਸਮਕਾਲੀ ਸਮਾਜਿਕ/ਆਰਥਿਕ ਹਾਲਤਾਂ ਦੇ ਮੱਦੇਨਜ਼ਰ ਸਿੱਖ ਇਸਤਰੀ ਦੀ ਸਥਿਤੀ ਦਾ ਵੇਰਵਾ ਦਿੱਤਾ ਹੈ, ਪਰ ਉਹ ਪਹਿਲਾਂ ਹੀ ਮੰਨ ਕੇ ਤੁਰਦੇ ਹਨ ਕਿ ਸਿੱਖ, ਪਰੰਪਰਾ ਦੀ ਨਿਰੰਤਰਤਾ ਵਿੱਚੋਂ ਪੈਦਾ ਹੋਈ 'ਲਹਿਰ' ਹੈ। ਅਜਿਹੀ ਸਥਿਤੀ ਵਿਚ ਸਿੱਖ ਇਸਤਰੀ ਦਾ ਇਤਿਹਾਸਿਕ-ਸਮਾਜਿਕ ਪੱਖ ਸਪੱਸ਼ਟ ਹੋਣਾ ਸੰਭਵ ਨਹੀਂ, ਕਰਤੇ ਨੇ ਸਮਾਜੀ (socio environment) ਸਮਝ ਲਈ ਉਨ੍ਹਾਂ ਪੁਸਤਕਾਂ ਨੂੰ ਆਧਾਰ ਬਣਾਇਆ ਹੈ, ਜਿਨ੍ਹਾਂ ਸਾਹਮਣੇ ਸਿੱਖ ਧਰਮ ਦੀ ਕੋਈ ਇਕ ਵੀ ਉਦਾਹਰਣ ਨਹੀਂ, ਜਿਵੇਂ K.M Ashraf, Life and Conditions of the people of Hindustan (1959), ਜਾਂ Aziz Ahmad, Studies in Islamic Culture in the Indian Environment, (1964) ਆਦਿ ਦੀਆਂ ਨੂੰ ।

ਇਤਿਹਾਸਿਕ ਤੌਰ ਉੱਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਬੁਨਿਆਦ ਜਦੋਂ ਤੋਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੁਆਰਾ ਰੱਖੀ ਗਈ, ਤਦੋਂ ਤੋਂ ਹੀ ਸਥਾਪਤੀ ਨੂੰ ਇਹ ਰੜਕਣਾ ਸ਼ੁਰੂ ਹੋ ਗਿਆ ਸੀ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੁਆਰਾ ਲੜੀਆਂ ਗਈਆਂ ਪੰਜ ਜੰਗਾਂ ਇਸ ਤੱਥ ਦਾ ਸਬੂਤ ਹਨ। ਗੁਰੂ ਸਮਕਾਲ ਵਿਚ ਸ੍ਰੀ ਅਕਾਲ

ਤਖ਼ਤ ਸਾਹਿਬ ਪਿੱਛੇ ਜ਼ਾਹਰਾ ਉਹ (ਤੁਰਕ) ਹਕੂਮਤ ਪਈ, ਜਿਹੜੀ ਮਿਸਰ ਤੋਂ ਲੈ ਕੇ ਬਰਮ੍ਹਾ ਤਕ ਫੈਲੀ ਹੋਈ ਸੀ; ਮਾਨਵਵਿਰੋਧੀ ਪਰੰਪਰਾਵਾਂ/ਸਥਾਪਤੀ ਨੇ ਆਪਣੇ ਛੜ-ਯੰਤਰਾਂ ਨਾਲ ਜਿਸ ਤਰ੍ਹਾਂ ਇਸ ਤਖਤ ਵਿਰੁੱਧ ਲਹਿਰ ਚਲਾਈ, ਉਸ ਦਾ ਵੇਰਵਾ (ਬਲਕਿ ਸਖਤ ਨੋਟਿਸ) ਭਾਈ ਗੁਰਦਾਸ ਜੀ ਨੇ ਸੰਕੇਤ ਕੀਤਾ ਹੈ (ਵਾਰ/ਪਉੜੀ ੨੬/੨੪)। ਇੱਥੇ ਜਦੋਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਸਪੁਤਰ ਸ੍ਰੀ ਤੇਗ ਬਹਾਦਰ ਜੀ ਦਾ ਵਿਆਹ (ਮਾਤਾ) ਗੁਜਰੀ ਜੀ ਨਾਲ ਹੋਇਆ ਤਾਂ ਜਿਹੜਾ ਦ੍ਰਿਸ਼ ਵਿਚਾਰਾਧੀਨ ਲਿਖਤਾਂ ਪੇਸ਼ ਕਰਦੀਆਂ ਹਨ, ਉਹ ਤੱਥਾਂ ਤੇ ਸਿੱਖ ਵਿਚਾਰਧਾਰਾ ਦੇ ਐਨ ਉਲਟ ਹੈ।

ਸਮਕਾਲੀ ਵੇਰਵਿਆਂ ਤੋਂ ਪਤਾ ਚਲਦਾ ਹੈ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਤੋਂ ਪਹਿਲਾਂ ਹਕੂਮਤ ਤੇ ਬੌਣਵਾਦੀ 'ਕਲਚਰ' ਨੇ ਉਨ੍ਹਾਂ ਦੇ ਘਰ-ਘਾਟ ਉਜਾੜ ਦਿੱਤੇ ਸਨ, ਗੁਰੂ ਸਾਹਿਬ ਦੇ ਘਰੇ ਰੋਜ਼ਾਨਾ ਆਮ ਮਿਲਣ/ਵਰਤਣ ਵਾਲਾ ਸਮਾਨ, ਜਿਵੇਂ ਜੋੜੇ ਜਾਂ ਉੱਤੇ ਲੈਣ/ਓੜਨ ਵਾਲੀ ਚਾਦਰ ਤਕ ਲੁੱਟ ਲਈ ਸੀ, ਪਰ ਮਾਤਾ ਗੰਗਾ ਜੀ ਬਾਰੇ ਪੇਸ਼ ਕੀਤੇ ਸ਼ਾਹਾਨਾ ਗਲਪੀ ਵੇਰਵਿਆਂ ਨੂੰ ਜਦੋਂ ਇਤਿਹਾਸਕਾਰੀ ਦੀ ਚਾਦਰ ਨਾਲ ਢੱਕ ਕੇ ਪੇਸ਼ ਕੀਤਾ ਜਾਂਦਾ ਹੈ ਤਾਂ ਅਕਾਦਮਿਕਤਾ ਸ਼ੱਕੀ ਹੋ ਜਾਂਦੀ ਹੈ।

ਕਈ ਲਿਖਤਾਂ (ਭਜਨ ਸਿੰਘ: ੨੦੧੬; ੨੪੧-੪੮) ਅਜਿਹੀਆਂ ਵੀ ਹਨ, ਜਿਨ੍ਹਾਂ ਵਿਚ ਉਹ ਇਸਤਰੀਆਂ ਵੀ ਸ਼ਾਮਿਲ ਕਰ ਲਈਆਂ ਹਨ, ਜਿਨ੍ਹਾਂ ਦਾ ਸਿੱਖ ਇਤਿਹਾਸ, ਅਧਿਐਨ ਜਾਂ ਪੰਥਕ ਉਨਤੀ ਵਿਚ ਕਿਸੇ ਵੀ ਪੱਖ ਤੋਂ ਕੋਈ ਯੋਗਦਾਨ ਨਹੀਂ, ਇਸ ਤੋਂ ਸਪੱਸ਼ਟ ਹੁੰਦਾ ਹੈ ਵਧੇਰੇ ਜਾਣਿਆਂ ਨੂੰ ਇਹ ਚੇਤਨਾ ਹੀ ਨਹੀਂ ਕਿ ਉਹ ਕਰ ਕੀ ਰਹੇ ਹਨ ਜਾਂ ਕਰਨਾ ਕੀ ਚਾਹੁੰਦੇ ਹਨ।

***ਚਲਦਾ. . .***

## ਪਿੰਡ ਬੇਗੋਵਾਲ ਵਿਖੇ ਅੰਮ੍ਰਿਤ-ਸੰਚਾਰ

ਭਾਈ ਅਮਰਿੰਦਰ ਸਿੰਘ ਪ੍ਰਚਾਰਕ ਵੱਲੋਂ ਪੁੱਜੀ ਰਿਪੋਰਟ ਅਨੁਸਾਰ ਸੰਤ ਬਾਬਾ ਪ੍ਰੇਮ ਸਿੰਘ ਜੀ ਚੈਰੀਟੇਬਲ ਟਰੱਸਟ, ਪਿੰਡ ਤੇ ਡਾਕਖਾਨਾ ਬੇਗੋਵਾਲ, ਜ਼ਿਲ੍ਹਾ ਕਪੂਰਥਲਾ ਵਿਖੇ ੧ ਜੂਨ, ੨੦੨੨ ਈ. ਨੂੰ ਸਲਾਨਾ ਸਮਾਗਮ ਦੌਰਾਨ ਕਰਵਾਏ ਗਏ ਅੰਮ੍ਰਿਤ-ਸੰਚਾਰ ਵਿਚ ੨੩ ਪ੍ਰਾਣੀਆਂ ਨੇ ਖੰਡੇ-ਬਾਟੇ ਦੀ ਪਾਹੁਲ ਹਾਸਲ ਕੀਤੀ। ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਅੰਮ੍ਰਿਤ ਅਭਿਲਾਖੀਆਂ ਨੂੰ ਕਕਾਰ ਭੇਟਾ-ਰਹਿਤ ਦਿੱਤੇ ਗਏ।

# ਵਿਆਖਿਆ-ਸ਼ਾਸਤਰ : ਅਰਥ ਤੇ ਪਰਿਭਾਸ਼ਾ

*-ਡਾ. ਅਜੈਪਾਲ ਸਿੰਘ**

'ਵਿਆਖਿਆ-ਸ਼ਾਸਤਰ', 'ਵਿਆਖਿਆਕਾਰੀ' ਜਾਂ 'ਟੀਕਾਕਾਰੀ' ਦੇ ਅਨੁਸ਼ਾਸਨ ਨਾਲ ਜੁੜਿਆ ਇਕ ਪੈਮਾਨਾ ਹੈ, ਜਿਸ ਦੀ ਵਰਤੋਂ ਕਿਸੇ ਵੀ ਸਾਹਿਤਕ, ਸੱਭਿਆਚਾਰਕ, ਧਾਰਮਿਕ ਜਾਂ ਅਨੁਭਵੀ ਰਚਨਾ ਦੇ ਅਰਥਾਂ ਨੂੰ ਸਪੱਸ਼ਟ ਕਰਨ ਲਈ ਹੁੰਦੀ ਹੈ। ਪੱਛਮ ਵਿਚ ਇਸ ਪਦ ਲਈ ਦੋ ਸ਼ਬਦ 'ਐਕਸਿਜੀਸਿਸ' ਅਤੇ 'ਹਰਮੈਨਿਊਟਿਕਸ' ਪ੍ਰਚਲਿਤ ਹਨ। ਜਿੱਥੇ 'ਐਕਸੀਜੀਸਿਸ' ਦਾ ਸੰਬੰਧ ਕਿਸੇ ਰਚਨਾ ਦੀ 'ਵਿਆਖਿਆਕਾਰੀ' ਨਾਲ ਹੈ, ਉੱਥੇ ਹੀ 'ਹਰਮੈਨਿਊਟਿਕਸ' ਦਾ ਸੰਬੰਧ ਉਸ ਵਿਆਖਿਆਕਾਰੀ ਦੇ ਪਿੱਛੇ ਵਰਤੋਂ ਵਿਚ ਆਏ 'ਨੇਮਾਂ ਅਤੇ ਸਿਧਾਂਤਾਂ' ਨਾਲ ਹੈ।

ਡਾ. ਪਰਮਜੀਤ ਸਿੰਘ (ਸਿੱਧੂ) 'exegesis' ਦੀ ਆਰੰਭਤਾ ਦੇ ਨਾਲ-ਨਾਲ ਇਸ ਦੇ ਇਤਿਹਾਸਿਕ ਦ੍ਰਿਸ਼ਟੀਕੋਣ ਬਾਰੇ ਵੀ ਚਾਨਣਾ ਪਾਉਂਦੇ ਹਨ। 'exegesis' ਦੀ ਉਤਪਤੀ 'exegeisthai' ਤੋਂ ਮੰਨਦੇ ਹਨ ਅਤੇ ਦੋ ਸ਼ਬਦਾਂ (ex-cout) ਅਤੇ hegisthai (guid) ਤੋਂ ਬਣਦਾ ਹੈ ਅਤੇ ਇਸ ਦਾ ਭਾਵ ਹੈ (to lead out)। ਜਦੋਂ ਇਸ ਰੂਪ ਵਿਚ ਇਸ ਨੂੰ (exegesis) ਵਰਤਿਆ ਗਿਆ ਤਾਂ ਇਹ ਮੰਨਿਆ ਗਿਆ ਕਿ ਪਾਠ ਦੀ ਦਿਸ਼ਾ ਕਿਸ ਪਾਸੇ ਵੱਲ ਹੈ ਜਾਂ ਪਾਠ ਕੀ ਸੰਦੇਸ਼ ਦਿੰਦਾ ਹੈ। ੧੬੧੦ ਈ. ਵਿਚ ਸਭ ਤੋਂ ਪਹਿਲਾਂ ਬਾਈਬਲ ਦੇ ਹਵਾਲੇ ਨਾਲ ਇਸ ਮਦ ਦੀ ਵਰਤੋਂ ਹੋਈ। ਇਸ ਦੇ ਅਧੀਨ ਧਾਰਮਿਕ ਰਚਨਾਵਾਂ ਦੇ ਨਾਲ ਸੰਬੰਧਿਤ ਅਰਥਾਂ, ਸਮਾਜਿਕ ਬੌਧਿਕਤਾ, ਪਾਠ ਦਾ ਸਮਾਂ ਅੰਤਰਾਲ, ਪਾਠ ਦਾ ਕਰਤਾ ਅਤੇ ਉਸ ਧਾਰਮਿਕ ਰਚਨਾ ਦੇ ਸੰਭਾਵੀ ਪਾਠਕ ਬਾਰੇ ਖੋਜ ਕੀਤੀ ਜਾਂਦੀ ਸੀ। ਉਸ ਉਪਰੰਤ exegesis ਮਦ ਨੂੰ ਸਾਹਿਤ ਨਾਲ ਸੰਬੰਧਿਤ ਰਚਨਾਵਾਂ ਦੀ ਖੋਜ ਲਈ ਵੀ ਵਰਤਿਆ ਗਿਆ ਅਤੇ ਇਸ ਨੂੰ ਆਲੋਚਨਾਤਮਕ ਅਧਿਐਨ ਵਿਆਖਿਆ ਅਤੇ ਵਿਸ਼ਲੇਸ਼ਣ ਦੇ ਪ੍ਰਥਾਇ ਲਿਆ ਗਿਆ। ਡਾ. ਸਿੱਧੂ 'ਬਾਈਬਲ' ਦੀ ਵਿਆਖਿਆ ਲਈ ਪ੍ਰਯੋਗ ਕੀਤੇ ਜਾਂਦੇ ਸ਼ਬਦ 'ਐਕਸਿਜੀਸਿਸ' ਅਤੇ 'ਹਰਮੈਨਿਊਟਿਕਸ' ਵਿਚਲੇ ਭੇਦ ਨੂੰ ਪ੍ਰਗਟਾਉਂਦੇ ਹਨ "'ਐਕਸਿਜੀਸਿਸ' ਮਦ ਦੇ ਪਰਿਆਇ ਰੂਪ ਵਜੋਂ ਸਭ ਤੋਂ ਵਧੇਰੇ ਵਰਤੋਂ ਇੰਟਰਪਰਟੇਸ਼ਨ (interpretation) ਮਦ ਦੀ ਹੋਈ ਹੈ। ਜੇ 'ਐਕਸਿਜੀਸਿਸ' ਦੇ ਅੰਤਰਗਤ ਇਹ ਮੰਨ ਲਈਏ ਕਿ ਇਸ ਨਾਲ ਜੋ ਪਾਠ ਜਾਂ ਪਾਠ ਦਾ ਸਿਰਜਕ ਸੰਚਾਰਿਤ ਕਰਦਾ ਹੈ ਉਸ ਨੂੰ

---

**ਅਸਿਸਟੈਂਟ ਪ੍ਰੋਫ਼ੈਸਰ, ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ, ਫ਼ਤਿਹਗੜ੍ਹ ਸਾਹਿਬ- ੧੪੦੪੦੭; ਮੋ:+੯੧੯੪੧੭੧੬੪੦੦੫.*

ਸਮਝਿਆ-ਸਮਝਾਇਆ ਜਾਂਦਾ ਹੈ ਤਾਂ 'ਇੰਟਰਪਰਟੇਸ਼ਨ' ਦੇ ਅੰਤਰਗਤ ਪਾਠ ਦੀ ਸੰਚਾਰਾਤਮਕਤਾ ਵਿਚ ਵਿਆਖਿਆਕਾਰ ਦਾ ਮਤ ਵੀ ਸ਼ਾਮਿਲ ਰਹਿੰਦਾ ਹੈ। ਸਿਧਾਂਤਕ ਪੱਧਰ 'ਤੇ 'ਐਕਸਿਜੀਸਿਸ' ਉਹ ਵਿਗਿਆਨ ਕਲਾ ਜਾਂ ਵਿਧੀ ਹੈ ਜਿਸ ਨਾਲ ਇਕ ਲਿਖਤ ਪਾਠ ਦੇ ਢੁਕਵੇਂ (exact) ਅਰਥਾਂ ਨੂੰ ਸਮਝਿਆ ਜਾ ਸਕਦਾ ਹੈ। ਜੇ ਇਸ ਨੂੰ ਇਸ ਤਰ੍ਹਾਂ ਇਕ ਅਨੁਸ਼ਾਸਨ ਮੰਨ ਲਈਏ ਤਾਂ ਇਸ ਦੇ ਸਮਾਨਾਂਤਰ ਇਕ ਹੋਰ ਅਨੁਸ਼ਾਸਨ 'ਹਰਮੈਨਿਊਟਿਕਸ' (hermeneutics) ਹੈ ਜਿਸਦੇ ਅੰਤਰਗਤ ਵਿਆਖਿਆ ਸਿਧਾਂਤ ਅਤੇ ਹਰੇਕ ਪ੍ਰਕਾਰ (ਲਿਖਿਤ, ਮੌਖਿਕ, ਭਾਸ਼ਾਈ, ਗੈਰ-ਭਾਸ਼ਾਈ) ਦੀ ਸੰਚਾਰਾਤਮਕਤਾ ਦੀ ਵਿਆਖਿਆ ਪ੍ਰਕਿਰਿਆ ਦੀ ਰੂਪ-ਰੇਖਾ ਦਾ ਅਧਿਐਨ ਕੀਤਾ ਜਾਂਦਾ ਹੈ। ਇਸ ਦੇ ਮੁਕਾਬਲੇ 'ਐਕਸਿਜੀਸਿਸ' ਦੇ ਅਨੁਸ਼ਾਸਨ ਦੇ ਅੰਤਰਗਤ ਕੇਵਲ ਲਿਖਿਤ ਪਾਠ ਦੀ ਸੰਚਾਰਾਤਮਕਤਾ ਉਤੇ ਕੇਂਦਰਿਤ ਰਿਹਾ ਜਾਂਦਾ ਹੈ।"[੧]

ਡਾ. ਸਤਵਿੰਦਰ ਸਿੰਘ 'Encylopedia of Religion' ਅਤੇ 'webstar dictionary' ਦੇ ਹਵਾਲੇ ਨਾਲ ਵਿਆਖਿਆ-ਸ਼ਾਸਤਰ ਦੇ ਅਰਥ ਸਪੱਸ਼ਟ ਕਰਦੇ ਹੋਏ ਇਸ ਦੇ ਚਾਰ ਪ੍ਰਮੁੱਖ ਉਦੇਸ਼ਾਂ ਨੂੰ ਪ੍ਰਗਟਾਉਂਦੇ ਹਨ "ਵਿਆਖਿਆ-ਸ਼ਾਸਤਰ (Hermeneutics) ਯੂਨਾਨੀ ਭਾਸ਼ਾ ਦੇ ਸ਼ਬਦ 'Hermeneuein' ਤੋਂ ਬਣਿਆ ਹੈ, ਜਿਸ ਦਾ ਅਰਥ ਹੈ ਵਿਆਖਿਆ ਕਰਨਾ (to interprate)। ਇਸੇ ਮੂਲ ਧਾਤੂ ਤੋਂ 'Hermenia' ਸ਼ਬਦ ਬਣਿਆ ਹੈ। ਜਿਸ ਦਾ ਅਰਥ 'ਵਿਆਖਿਆ' (Interpretation) ਹੈ। ਵੈਬਸਟਰਜ਼ ਡਿਕਸ਼ਨਰੀ ਅਨੁਸਾਰ 'Hermeneutics' ਵਿਚ ਵਿਆਖਿਆ ਅਤੇ ਵਿਸ਼ਲੇਸ਼ਣ ਦੀ ਵਿਧੀ-ਆਤਮਕ (Methodology Principle) ਸਿਧਾਂਤ ਸ਼ਾਮਲ ਹੁੰਦੇ ਹਨ। ਇਸ ਸ਼ਬਦ ਦੀ ਵਰਤੋਂ ਸਭ ਤੋਂ ਪਹਿਲਾਂ ਬਾਈਬਲ ਦੀ ਵਿਆਖਿਆ ਨਾਲ ਜੋੜ ਕੇ ਕੀਤੀ ਗਈ ਸੀ। ਇਸੇ ਲਈ ਇਸ ਨੂੰ ਖਾਸ ਤੌਰ 'ਤੇ ਬਾਈਬਲ ਸੰਬੰਧੀ ਵਿਆਖਿਆ ਦੇ ਸਿਧਾਂਤ ਵਜੋਂ ਲਿਆ ਜਾਂਦਾ ਹੈ। ਇਨ੍ਹਾਂ ਪ੍ਰਸੰਗਾਂ ਅਨੁਸਾਰ 'Hermeneutics' ਦਾ ਮਨੋਰਥ ਗ੍ਰੰਥਾਂ ਦੇ ਸੱਚ ਦੀ ਸਮਝ ਪ੍ਰਾਪਤ ਕਰਕੇ ਉਸ ਦੀ ਸੁਖੈਨ ਵਿਆਖਿਆ ਨੂੰ ਸ਼ਰਧਾਲੂਆਂ ਜਾਂ ਜਗਿਆਸੂਆਂ ਤਕ ਪਹੁੰਚਾਉਣਾ ਹੈ।"

**ਉਦੇਸ਼ :**

੧. "ਕਿਸੇ ਪੁਸਤਕ/ਗ੍ਰੰਥ ਵਿਚ ਛੁਪੇ ਗੁਹਜ ਅਰਥਾਂ ਨੂੰ ਸਮਝਣਾ ਅਤੇ ਫਿਰ ਸਧਾਰਨ ਸ਼ਬਦਾਂ ਵਿਚ ਇਸ ਦੀ ਵਿਆਖਿਆ ਕਰਨਾ।

੨. ਇਹ ਵੀ ਵਿਆਖਿਆ-ਸ਼ਾਸਤਰ ਨੇ ਹੀ ਨਿਰਧਾਰਿਤ ਕਰਨਾ ਹੁੰਦਾ ਹੈ ਕਿ ਸੱਭਿਆਚਾਰਕ ਵਿਗਿਆਨਾਂ ਦੀ ਖੋਜ ਵਿਧੀ ਪ੍ਰਕ੍ਰਿਤਕ ਵਿਗਿਆਨਾਂ ਦੀ ਖੋਜ ਵਿਧੀ ਤੋਂ ਅਵੱਸ਼ ਵੱਖਰੀ ਹੁੰਦੀ ਹੈ ਪਰ ਪਤਾ ਇਹ ਕਰਨਾ ਹੈ ਕਿ ਇਹ-ਦੂਜੇ ਨਾਲੋਂ ਵੱਖਰੀਆਂ

ਕਿਸ ਤਰ੍ਹਾਂ ਹੁੰਦੀਆਂ ਹਨ।
੩. ਵਿਆਖਿਆ-ਸ਼ਾਸਤਰ ਇਹ ਜਾਣਨ ਵਾਸਤੇ ਵੀ ਸਹਾਇਤਾ ਕਰਦਾ ਹੈ ਕਿ ਉਹ ਕਿਹੜੇ ਹਾਲਾਤ ਹੁੰਦੇ ਹਨ, ਜੋ ਕਿਸੇ ਕਿਸਮ ਦੀ ਮਨੁੱਖੀ ਸਮਝ ਨਾਲ ਜੁੜੀਆਂ ਹੋਈਆਂ ਭਾਵਨਾਵਾਂ ਨੂੰ ਉਜਾਗਰ ਕਰਦੇ ਹਨ?
੪. ਸਮਝ ਅਤੇ ਅਰਥਾਂ ਵਰਗੇ ਸੰਕਲਪਾਂ ਨਾਲ ਜੁੜੇ ਵਿਵਾਦਾਂ ਨੂੰ ਕਿਸ ਤਰ੍ਹਾਂ ਸੁਲਝਾਇਆ ਜਾਣਾ ਹੈ, ਇਹ ਵੀ ਵਿਆਖਿਆ-ਸ਼ਾਸਤਰ ਨਾਲ ਜੁੜਿਆ ਹੋਇਆ ਹੈ।"[੩]

'Hermeneutics' ਸ਼ਬਦ ਦੇ ਅਰੰਭ ਅਤੇ ਮੂਲ ਧਾਤੂ ਬਾਰੇ ਜਾਣਕਾਰੀ ਦੇਣ ਉਪਰੰਤ ਡਾ. ਗੁਰਮੇਲ ਸਿੰਘ ਇਸ ਦੇ ਅਰਥ ਅਤੇ ਪ੍ਰਯੋਜਨ ਬਾਰੇ ਵਿਚਾਰ ਪ੍ਰਗਟਾਉਂਦੇ ਹਨ "ਅੰਗਰੇਜ਼ੀ ਰੂਪ ਵਿਚ ਪ੍ਰਾਪਤ ਜਰਮਨ ਸ਼ਬਦ 'hermeneutics' ਯੂਨਾਨੀ (greek) ਦੇ ਤੋਂ ਬਣਿਆ ਹੈ, ਜਿਸ ਦਾ ਮੂਲ ਧਾਤੂ 'hermeneia' ਹੈ। ਇਸ ਦਾ ਭਾਵ ਵਿਆਖਿਆ/interpretation ਹੈ। ਇਸਾਈ/ਪੱਛਮੀ ਵਿਦਵਾਨ ਇਸ ਦੀ ਨਿਰੁਕਤੀ etymology ਗਰੀਕ/ਯੂਨਾਨ ਦੇ ਦੇਵਤਾ (god) Hermas ਨਾਲ ਵੀ ਸੰਬੰਧਿਤ ਕਰਦੇ ਹਨ। ਇਹ ਦੇਵਤਾ ਪਾਰਗਾਮੀ ਗੱਲਾਂ ਨੂੰ ਲੋਕਾਂ ਤਕ ਪਹੁੰਚਾਉਂਦਾ ਸੀ ਤੇ ਇਸ ਤਰ੍ਹਾਂ 'Hermas' ਇਕ ਸੰਦੇਸ਼ (message) ਦੇ ਚਿੰਨ੍ਹ (sign) ਵਜੋਂ ਸਥਾਪਿਤ ਹੋ ਗਿਆ। ਇਸੇ ਤਰ੍ਹਾਂ ਦਾ ਇਕ ਸ਼ਬਦ 'Hermeious' ਵੀ ਹੈ, ਜੋ ਰਵਾਇਤ ਅਨੁਸਾਰ ਯੂਨਾਨ ਦੇ ਸ਼ਹਿਰ ਡਿਲਫੇ (Delphy) ਵਿਚ ਸਥਿਤ ਅਪੋਲੋ ਦੇ ਮੰਦਿਰ ਵਿਚਲੇ ਪੁਜਾਰੀ ਨੂੰ ਸੰਬੋਧਿਤ ਹੈ। ਇਹ ਪੁਜਾਰੀ ਅਪੋਲੋ ਦੇਵਤੇ ਦੇ ਸ਼ਰਧਾਲੂਆਂ ਨੂੰ, ਅਪੋਲੋ ਦੇ ਸੰਦੇਸ਼ (ਭਵਿੱਖਬਾਣੀਆਂ) ਸਰਲ ਅਰਥਾਂ ਵਿਚ ਸਮਝਾਉਂਦਾ ਸੀ। ਇਸ ਤਰ੍ਹਾਂ ਇਹ ਸ਼ਬਦ, ਵਿਆਖਿਆ ਨਾਲ ਜੁੜਿਆ ਰਿਹਾ ਤੇ ਇਕ ਸਮੇਂ ਉੱਤੇ ਆ ਕੇ ਇਸ ਕਿਸਮ ਦੇ ਅਕਾਦਮਿਕ ਅਨੁਸ਼ਾਸ਼ਨ ਵਿਚ ਬੱਝ ਗਿਆ।"[੪] ਵਿਆਖਿਆ-ਸ਼ਾਸਤਰ ਦਾ ਅਰਥ/ਪ੍ਰਯੋਜਨ ਬਿਆਨ ਕਰਦੇ ਹੋਏ ਇਸ ਦੇ ਪ੍ਰਮੁੱਖ ਕਾਰਜ ਬਾਰੇ ਜਾਣਕਾਰੀ ਦਿੰਦੇ ਹਨ ਜਿਵੇਂ, ਵਿਆਖਿਆ-ਸ਼ਾਸਤਰ ਇਲਹਾਮੀ ਰਚਨਾ ਦੇ ਮੂਲ ਜਾਂ ਸਹੀ ਭਾਵਾਂ ਨੂੰ ਸਮਝਣਾ ਚਾਹੁੰਦਾ ਹੈ। ਸੋ, ਇਹ ਇਕ ਸਿਧਾਂਤਕ ਜਾਂ ਬੌਧਿਕ ਪੱਧਰ 'ਤੇ ਸੂਚਨਾ ਦੇਣ ਵਾਲਾ ਅਜਿਹਾ ਬੌਧਿਕ ਅਨੁਸ਼ਾਸਨ ਹੈ ਜੋ ਧਾਰਮਿਕ ਰਚਨਾ ਦੇ ਅਰਥ/ਵਿਆਖਿਆ ਨਾਲ ਸੰਬੰਧਿਤ ਹਰੇਕ ਪੱਖ ਨੂੰ ਬਿਆਨਦਾ ਹੈ। ਵਿਆਖਿਆ-ਸ਼ਾਸਤਰ ਨੂੰ ਉਸ ਰੋਸ਼ਨੀ ਦੀ ਤਰ੍ਹਾਂ ਸਮਝਿਆ ਜਾਂਦਾ ਹੈ ਜਿਸ ਦੇ ਪ੍ਰਕਾਸ਼ ਵਿਚ ਅਰਥਾਂ ਨੂੰ ਮਾਣਿਆ ਜਾਂ ਸਮਝਿਆ ਜਾ ਸਕਦਾ ਹੈ। ਇਸ ਦਾ ਭਾਵ ਸਿਰਫ਼ ਵਿਆਖਿਆ ਤੋਂ ਨਹੀਂ ਹੈ ਬਲਕਿ ਵਿਆਖਿਆ ਕਿਸ ਤਰ੍ਹਾਂ ਕੀਤੀ ਜਾ ਸਕਦੀ ਹੈ? ਜਾਂ ਇਸ ਦੇ ਨੇਮ, ਸਿਧਾਂਤ ਜਾਂ ਮਾਪਦੰਡ ਕੀ ਹਨ?, ਤੋਂ ਹੈ। ਵਿਆਖਿਆ-ਸ਼ਾਸਤਰ ਦਾ ਭਾਵ ਵਿਸ਼ਲੇਸ਼ਣ ਕਰਨਾ ਨਹੀਂ ਹੈ ਬਲਕਿ ਇਹ ਪ੍ਰਤੱਖਣ ਨਾਲ ਸੰਬੰਧਿਤ ਇਕ ਬੌਧਿਕ ਉੱਦਮ ਹੈ।[੫] ਵਿਆਖਿਆ-ਸ਼ਾਸਤਰ

ਦੀ ਮਦਦ ਨਾਲ ਕੁਝ ਸਿਧਾਂਤਾਂ ਨੂੰ ਅਪਣਾਅ ਕੇ ਨਿਸ਼ਚਿਤ ਮਾਪਦੰਡ 'ਤੇ ਆਧਾਰਿਤ ਇਕ ਚੌਖਟੇ ਅਧੀਨ ਰੋਸ਼ਨੀ, ਚੇਤਨਾ ਜਾਂ ਗਿਆਨ ਅਧੀਨ ਵਿਆਖਿਆਕਾਰੀ ਕੀਤੀ ਜਾਂਦੀ ਹੈ। ਇਸ ਵਿਆਖਿਆ-ਸ਼ਾਸਤਰ ਦੁਆਰਾ ਵਿਆਖਿਆਕਾਰੀ ਨਾਲ ਸੰਬੰਧਿਤ ਹਰੇਕ ਸੰਕਲਪ ਨੂੰ ਜਾਂ ਉਸ ਦੀ ਸੀਮਾ ਨੂੰ ਨਿਰਧਾਰਿਤ ਕੀਤਾ ਜਾਂਦਾ ਹੈ।[੬]

ਡਾ. ਜਗਬੀਰ ਸਿੰਘ, ਵਿਆਖਿਆ-ਸ਼ਾਸਤਰ ਨੂੰ ਸ਼ਾਬਦਿਕ ਦ੍ਰਿਸ਼ਟੀ ਅਨੁਸਾਰ ਬਿਆਨਦੇ ਹਨ, "ਵਿਆਖਿਆ-ਸ਼ਾਸਤਰ (ਵਿਆਖਿਆ+ਸ਼ਾਸਤਰ) ਵਿਆਖਿਆਕਾਰੀ ਦੇ ਸਿਧਾਂਤਕ ਪਰਿਪੇਖ ਨਾਲ ਸੰਬੰਧਿਤ ਅਨੁਸ਼ਾਸਨ ਹੈ। ਇਸ ਦਾ ਮੁੱਖ ਉਦੇਸ਼ ਕਿਸੇ ਮਾਨਵ ਸਿਰਜਿਤ ਪਾਠ ਦੀ ਤਰਕ-ਸੰਗਤ ਵਿਆਖਿਆ ਕਰਨਾ ਜਾਂ ਉਸ ਦੇ ਅਰਥਾਂ ਨੂੰ ਸਪੱਸ਼ਟ ਕਰਨਾ ਹੈ।"[੭]

ਖੋਜਾਰਥਣ ਪਲਵਿੰਦਰ ਕੌਰ ਆਪਣੇ ਖੋਜ ਕਾਰਜ ਵਿਚ ਵਿਆਖਿਆ-ਸ਼ਾਸਤਰ ਨੂੰ 'ਮਰਸੀਆ ਇਲਿਆਡੇ' ਵੱਲੋਂ ਰਚਿਤ 'encyclopedia of religion' ਦੇ ਹਵਾਲੇ ਨਾਲ ਪੇਸ਼ ਕਰਦੇ ਲਿਖਦੇ ਹਨ, "ਵਿਆਖਿਆ-ਸ਼ਾਸਤਰ ਵਿਆਖਿਆਕਾਰੀ ਨਹੀਂ ਹੈ। ਇਹ ਇਕ ਸ੍ਵੈ-ਅਨੁਸ਼ਾਸਤ ਵਿਗਿਆਨ ਹੈ, ਜਿਹੜਾ 'ਪਾਠ', ਖਾਸਕਰ 'ਧਾਰਮਿਕ' ਪਾਠ ਨੂੰ ਸਮਝਣ ਦੇ ਕੁਝ ਨਿਯਮਾਂ ਵੱਲ ਸੰਕੇਤ ਕਰਦਾ ਹੈ। ਵਿਆਖਿਆ-ਸ਼ਾਸਤਰ ਕਿਸੇ ਘਟਨਾ ਦੇ ਵਾਪਰਨ ਸਮੇਂ ਤੇ ਬਿਆਨ ਕਰਨ ਦੇ ਸਮੇਂ ਦੇ ਖਲਾਅ ਨੂੰ ਭਰਨ ਦਾ ਜਤਨ ਹੈ। ਇਹ ਧਾਰਮਿਕ ਪਾਠ ਦੀ ਸਮਝ ਚਾਹੁੰਦਾ ਹੈ। ਵਿਆਖਿਆ-ਸ਼ਾਸਤਰ ਧਰਮ ਦੀ ਬੋਲੀ ਨੂੰ ਜਗਿਆਸੂ ਦੀ ਬੋਲੀ 'ਚ ਅਨੁਵਾਦ ਕਰਕੇ ਦੱਸਦਾ ਹੈ। ਇਸੇ ਕਰਕੇ 'hermeneutics' ਦਾ ਇਕ ਅਰਥ 'Translation' ਵੀ ਕੀਤਾ ਗਿਆ ਹੈ।"[੮]

Oxford Dictionary Of English ਵਿਚ 'ਐਕਸੀਜੀਸਿਸ', 'ਹਰਮੈਨਿਊਟਿਕਸ' ਅਤੇ 'ਇੰਟਰਪਰੀਟੇਸ਼ਨ' ਦੀ ਪਰਿਭਾਸ਼ਾ ਇਸ ਪ੍ਰਕਾਰ ਹੈ:

"Exegesis-Noun-Critical explanation or interpretation of a text, especially of scripture, the task of biblical exegesis."[੯] ਭਾਵ ਕਿਸੇ ਪਾਠ ਦੀ ਖਾਸ ਤੌਰ 'ਤੇ 'ਬਾਈਬਲ' ਦੀ ਆਲੋਚਨਾਤਮਕ ਵਿਆਖਿਆ।

"Hermeneutics- The branch of knowledge that deals with Interpretation, especially of the Bible of Litrary texts."[੧੦] ਭਾਵ ਗਿਆਨ ਦੀ ਉਹ ਸ਼ਾਖਾ, ਜਿਸ ਦਾ ਸੰਬੰਧ ਵਿਆਖਿਆਕਾਰੀ ਨਾਲ ਹੈ ਖਾਸ ਤੌਰ 'ਤੇ 'ਬਾਈਬਲ' ਦੇ ਸਾਹਿਤ ਨਾਲ।

ਇਨ੍ਹਾਂ ਦੋਨਾਂ ਸ਼ਬਦਾਂ ਤੋਂ ਇਲਾਵਾ ਇਕ ਆਮ ਪ੍ਰਚਲਨ ਵਾਲੇ ਸ਼ਬਦ ਦੀ ਵੀ ਵਰਤੋਂ ਹੁੰਦੀ ਹੈ, ਜਿਸ ਨੂੰ 'ਇੰਟਰਪਰੀਟੇਸ਼ਨ' (Interpretaion) ਕਿਹਾ ਜਾਂਦਾ ਹੈ।

"Interpretation- The action of explaining the meaning of something the interpretation of data."[੧੧] ਉਹ ਵਿਧੀ, ਜਿਸ ਦੁਆਰਾ ਕਿਸੇ ਵੀ ਅਰਥ ਦੀ ਵਿਆਖਿਆ ਕੀਤੀ ਜਾਵੇ।

ਪ੍ਰਸਿੱਧ ਡਿਕਸ਼ਨਰੀ 'The New International webstar's comphrehensive dictionary of the English language' ਵਿਚ ਵੀ ਐਕਸੀਜਿਸਿਸ ਦਾ ਸੰਬੰਧ ਕਿਸੇ ਸਾਹਿਤਕ ਰਚਨਾ ਦੀ ਭਾਸ਼ਾ ਅਤੇ ਵਿਚਾਰ ਦੀ ਵਿਆਖਿਆ, ਖਾਸ ਤੌਰ 'ਤੇ ਬਾਈਬਲ ਦੀ ਵਿਆਖਿਆ ਨਾਲ ਹੈ। "Exegesis- Explanation of the language and thought of a literary work, especially, biblical exposition or interpretation."[੧੨]

Anand Spencer ਦੇ ਸ਼ਬਦਾਂ ਵਿਚ Hermeneutics ਇਕ ਅਜਿਹਾ ਵਿਗਿਆਨ ਹੈ ਜੋ ਧਾਰਮਿਕ ਰਚਨਾ ਲਈ ਨਿਯਮ, ਸਿਧਾਂਤ ਅਤੇ ਵਿਧੀਆਂ ਸਥਾਪਿਤ ਕਰ ਕੇ ਇਸ ਦਾ ਸੰਬੰਧ ਸਮਾਜ ਨਾਲ ਜੋੜਦਾ ਹੈ।[੧੩] Anand Spencer 'Hermeneutics' ਦਾ ਸੰਬੰਧ ੬ ਕਾਰਜਾਂ ਜਾਂ ਧਾਰਨਾਵਾਂ ਨਾਲ ਜੋੜਦੇ ਹਨ। ਜਿਵੇਂ:

੧. ਸਚਾਈ ਦੀ ਧਾਰਨਾ ਜਾਂ ਸਮਝ
੨. ਅਰਥ ਦੀ ਸਮਝ
੩. ਅਸਲ ਅਰਥ ਦੀ ਪੁਨਰ-ਸਥਾਪਤੀ
੪. ਸਮਝ ਵਿਚ ਸੋਧ, ਸੁਧਾਰ ਅਤੇ ਵਿਕਾਸ
੫. ਅਰਥ ਦੀ ਪ੍ਰਸੰਗਤਾ : ਪਾਠ ਜਾਂ ਸੇਧ ਨੂੰ ਪ੍ਰਸੰਗਿਕ ਬਣਾਉਣਾ
੬. Hermeneutics ਅਰਥ ਨੂੰ ਨਿਰੰਤਰਤਾ ਪ੍ਰਦਾਨ ਕਰਦਾ ਹੈ।[੧੪]

ਡਾ. ਗੁਰਮੇਲ ਸਿੰਘ Hermeneutics (ਵਿਆਖਿਆ-ਸ਼ਾਸਤਰ) ਨੂੰ ਪੰਜ ਪ੍ਰਕਾਰ ਨਾਲ ਪਰਿਭਾਸ਼ਿਤ ਕਰਦੇ ਹਨ :

੧. "ਵਿਆਖਿਆ ਦਾ ਵਿਗਿਆਨ (the science of interpretation)
੨. ਵਿਆਖਿਆ ਦਾ ਸਿਧਾਂਤ (theory of interpretation)
੩. ਅਨੁਵਾਦ (translation)
੪. ਵਿਆਖਿਆ ਦਾ ਫ਼ਲਸਫ਼ਾ (philosophy of interpretation)
੫. ਸਮਝ ਦਾ ਸਿਧਾਂਤ (theory of understanding)"[੧੫]

ਡਾ. ਗੁਰਮੇਲ ਸਿੰਘ ਵਿਆਖਿਆ-ਸ਼ਾਸਤਰ ਨਾਲ ਸੰਬੰਧਿਤ ਸਮੱਸਿਆਵਾਂ ਨੂੰ ਹੱਲ ਕਰਨ ਦੇ ਲਈ ਕੀਤੇ ਯਤਨਾਂ ਵਿੱਚੋਂ ਕੁਝ ਇਕ ਨੂੰ ਨਿਮਨਲਿਖਤ ਅਨੁਸਾਰ ਪੇਸ਼ ਕਰਦੇ ਹਨ :

੧. "ਧਾਰਮਿਕ ਪਾਠ ਨੂੰ ਉਸ ਸਮੇਂ ਵਿਚ ਰੱਖ ਕੇ ਵੇਖਣਾ।
੨. ਪਾਠ ਦੇ ਸਮਕਾਲੀ ਸਮਾਜਿਕ/ਸੱਭਿਆਚਾਰਕ ਰੂਪਾਂ ਵਿੱਚੋਂ ਅਰਥ ਗ੍ਰਹਿਣ ਕਰਨੇ।

੩. ਕਰਤੇ/ਲੇਖਕ ਦੀ ਉਸ ਸਮੇਂ, ਪਲ ਦੀ ਮਾਨਸਿਕ ਸਥਿਤੀ ਤਕ ਪਹੁੰਚਣ ਦੀ ਕੋਸ਼ਿਸ਼ ਕਰਨਾ, ਜਿਸ ਸਮੇਂ ਸੰਬੰਧਿਤ ਰਚਨਾ ਰਚੀ/ਲਿਖੀ ਗਈ।

੪. ਸਮਕਾਲ ਦੇ ਹੋਰਾਂ ਪਾਠਾਂ ਦੀ ਸਹਾਇਤਾ ਲੈਣਾ।

੫. ਪਰੰਪਰਾਵਾਂ ਨੂੰ ਵਿਸਤ੍ਰਿਤ ਧਰਾਤਲ ਉੱਪਰ ਰੱਖ ਕੇ ਵਡੇਰੇ ਪ੍ਰਸੰਗਾਂ ਵਿਚ ਸਮਝਣਾ।

੬. ਧਾਰਮਿਕ ਪਾਠ ਦੇ ਸਮਕਾਲੀ ਇਤਿਹਾਸਿਕ ਹਾਲਾਤ ਨੂੰ ਵਿਚਾਰਾਧੀਨ ਕਰਨਾ।

੭. ਪਾਠ ਵਿਚ ਉਸ ਮੁਹਾਵਰੇ ਦੀ ਟੋਹ ਲਾਉਣੀ, ਜਿਸ ਕਿਸਮ, ਸਥਿਤੀ ਜਾਂ ਸੰਬੋਧਨਾਂ ਵਿਚ ਧਾਰਮਿਕ ਕਥਨ (theological statements) ਉਚਾਰੇ ਗਏ।

੮. ਕਰਤਿਆਂ ਦੀ ਭਾਵਨਾ, ਉਦੇਸ਼ ਤੇ ਪਿਛੋਕੜ ਨੂੰ ਗ੍ਰਹਿਣ ਕਰਨਾ ਤੇ ਸ਼ਾਬਦਿਕ ਅਰਥਾਂ ਦੀ ਥਾਂ 'ਭਾਵ' ਗ੍ਰਹਿਣ ਕਰਨ ਦੀ ਕੋਸ਼ਿਸ਼ ਕਰਨਾ ਆਦਿ।"[੧੬]

ਵਿਆਖਿਆ-ਸ਼ਾਸਤਰ ਦੀ ਮੁੱਢਲੀ ਜਾਣਕਾਰੀ ਦੇ ਕੇ ਇਸ ਦਾ ਉਦੇਸ਼ ਬਿਆਨਦੇ ਡਾ. ਗੁਲਜਾਰ ਸਿੰਘ (ਕੰਗ) ਲਿਖਦੇ ਹਨ, "ਵਿਆਖਿਆ-ਸ਼ਾਸਤਰ ਜਿਸ ਨੂੰ ਹਿੰਦੀ ਵਾਲਿਆਂ ਨੇ 'ਅਰਥ-ਮੀਮਾਂਸਾ' ਅਤੇ ਅੰਗਰੇਜ਼ੀ ਵਿਚ 'ਹਰਮੈਨਿਊਟਿਕਸ' (Hermeneutics) ਕਿਹਾ ਗਿਆ ਹੈ, ਇਕ ਸਵੈ-ਅਨੁਸ਼ਾਸਤ ਅਧਿਐਨ ਵਿਧੀ ਹੈ ਜੋ ਕਿਸੇ ਧਾਰਮਿਕ ਪਾਠ ਨੂੰ ਸਮਝਣ-ਸਮਝਾਉਣ ਲਈ ਨਿਯਮ ਨਿਰਧਾਰਿਤ ਕਰਦੀ ਹੈ। ਵਿਆਖਿਆ-ਸ਼ਾਸਤਰ ਵਿਆਖਿਆਕਾਰੀ ਨਹੀਂ ਸਗੋਂ ਵਿਆਖਿਆਕਾਰੀ ਕਰਨੀ ਕਿਵੇਂ ਹੈ? ਅਤੇ ਕਿਹੜੇ ਵਿਗਿਆਨਕ ਮਾਪ-ਦੰਡ ਅਪਣਾਉਣੇ ਹਨ? ਉਨ੍ਹਾਂ ਬਾਰੇ ਸੇਧ ਦਿੰਦਾ ਹੈ।"[੧੭]

**ਹਵਾਲੇ :**


੧. ਡਾ. ਬਲਵੰਤ ਸਿੰਘ (ਢਿੱਲੋਂ) (ਸੰਪਾ.), ਗੁਰਬਾਣੀ : *ਵਿਆਖਿਆ ਅਤੇ ਵਿਆਖਿਆ ਸ਼ਾਸਤਰ*, ਪਰਮਜੀਤ ਸਿੰਘ (ਸਿੱਧੂ) (ਡਾ.), *'ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਵਿਆਖਿਆਕਾਰੀ : ਸਿਧਾਂਤ ਅਤੇ ਸੰਭਾਵਨਾਵਾਂ'*, ਪੰਨੇ ੪੦-੪੨

੨. ਡਾ. ਸਰਬਜਿੰਦਰ ਸਿੰਘ (ਸੰਪਾ.), *ਵਿਆਖਿਆ ਸ਼ਾਸਤਰ ਅਤੇ ਵਿਆਖਿਆਕਾਰੀ* 'ਵਿਸ਼ੇਸ਼ ਅੰਕ', ਸਤਵਿੰਦਰ ਸਿੰਘ (ਡਾ.), *'ਵਿਆਖਿਆ ਸ਼ਾਸਤਰ ਅਤੇ ਸਿੱਖ ਵਿਆਖਿਆ ਸ਼ਾਸਤਰ'*, ਪੰਨਾ ੯੯

੩. ਡਾ. ਸਰਬਜਿੰਦਰ ਸਿੰਘ (ਸੰਪਾ.), *ਵਿਆਖਿਆ ਸ਼ਾਸਤਰ ਅਤੇ ਵਿਆਖਿਆਕਾਰੀ* 'ਵਿਸ਼ੇਸ਼ ਅੰਕ', ਸਤਵਿੰਦਰ ਸਿੰਘ (ਡਾ.), *'ਵਿਆਖਿਆ ਸ਼ਾਸਤਰ ਅਤੇ ਸਿੱਖ ਵਿਆਖਿਆ ਸ਼ਾਸਤਰ'*, ਪੰਨਾ ੧੦੨

੪. ਸਰਬਜਿੰਦਰ ਸਿੰਘ (ਸੰਪਾ.), *ਵਿਆਖਿਆ ਸ਼ਾਸਤਰ ਅਤੇ ਵਿਆਖਿਆਕਾਰੀ* 'ਵਿਸ਼ੇਸ਼ ਅੰਕ', ਗੁਰਮੇਲ ਸਿੰਘ (ਡਾ.), *'ਗੁਰਬਾਣੀ ਵਿਆਖਿਆਕਾਰੀ ਦੇ ਸਿਧਾਂਤ ਗੁਰਬਾਣੀ ਵਿਆਖਿਆ-ਸ਼ਾਸਤਰ ਦੀ ਸਿਰਜਣ-ਸੰਭਾਵਨਾ'*, ਪੰਨਾ ੪੪

੫. ਡਾ. ਸਰਬਜਿੰਦਰ ਸਿੰਘ (ਸੰਪਾ.), *ਵਿਆਖਿਆ ਸ਼ਾਸਤਰ ਅਤੇ ਵਿਆਖਿਆਕਾਰੀ* 'ਵਿਸ਼ੇਸ਼ ਅੰਕ', ਗੁਰਮੇਲ ਸਿੰਘ (ਡਾ.), *'ਗੁਰਬਾਣੀ ਵਿਆਖਿਆਕਾਰੀ ਦੇ ਸਿਧਾਂਤ ਗੁਰਬਾਣੀ ਵਿਆਖਿਆ-ਸ਼ਾਸਤਰ ਦੀ ਸਿਰਜਣ-ਸੰਭਾਵਨਾ'*, ਪੰਨਾ ੪੭

੬. ਗੁਰਮੇਲ ਸਿੰਘ (ਡਾ.), *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ (ਇਤਿਹਾਸ ਅਤੇ ਮੁਲਾਂਕਣ)*, ਪੰਨਾ ੨੩

੭. ਡਾ. ਬਲਵੰਤ ਸਿੰਘ (ਢਿੱਲੋਂ) (ਸੰਪਾ.), *ਗੁਰਬਾਣੀ : ਵਿਆਖਿਆ ਅਤੇ ਵਿਆਖਿਆ-ਸ਼ਾਸਤਰ*, ਜਗਬੀਰ ਸਿੰਘ (ਡਾ.), *'ਗੁਰਬਾਣੀ ਦਾ ਵਿਆਖਿਆ-ਸ਼ਾਸਤਰ: ਭਾਰਤੀ ਪਰੰਪਰਾ ਤੇ ਸੰਦਰਭ'*, ਪੰਨਾ ੨੭

੮. ਪਲਵਿੰਦਰ ਕੌਰ (ਖੋਜਾਰਥਣ), *ਸ਼ੇਰ ਸਿੰਘ ਦਾ ਗੁਰਮਤਿ ਵਿਆਖਿਆ ਵਿਚ ਯੋਗਦਾਨ* (ਖੋਜ-ਨਿਬੰਧ), ਪੰਨਾ ੫੫

੯. Catherine Soanes & Stevenson, *oxford dictionary of English,* oxford university press, UK, 2005, P-606

੧੦. *ਉਹੀ* ੨੦੦੫, Page ੮੧੨

੧੧. *ਉਹੀ* ੨੦੦੫, Page ੯੦੬

੧੨. *The New International webstar's comphrehensive dictionary of the English language,* Trident Press International, 1999, P- 444

੧੩. 'Hermeneutics is the science which established rules, principles and methods of interpreting religion and its scriprure, and its relation to society.' Anand Spencer, *Understanding Religion Theories and Methodology,* Vision & Venture New Delhi, 1997, P-158

੧੪. *ਉਹੀ* Page 159-163

੧੫. ਡਾ. ਬਲਵੰਤ ਸਿੰਘ (ਢਿੱਲੋਂ) (ਸੰਪਾ.), *ਗੁਰਬਾਣੀ : ਵਿਆਖਿਆ ਅਤੇ ਵਿਆਖਿਆ-ਸ਼ਾਸਤਰ*, ਗੁਰਮੇਲ ਸਿੰਘ (ਡਾ.), *'ਵਿਆਖਿਆਕਾਰੀ ਦੇ ਪ੍ਰਮੁੱਖ ਸਿਧਾਂਤ'*, ਪੰਨਾ ੧੩੫

੧੬. ਡਾ. ਸਰਬਜਿੰਦਰ ਸਿੰਘ (ਸੰਪਾ.), *ਵਿਆਖਿਆ ਸ਼ਾਸਤਰ ਅਤੇ ਵਿਆਖਿਆਕਾਰੀ* 'ਵਿਸ਼ੇਸ਼ ਅੰਕ', ਗੁਰਮੇਲ ਸਿੰਘ (ਡਾ.), *'ਗੁਰਬਾਣੀ ਵਿਆਖਿਆਕਾਰੀ ਦੇ ਸਿਧਾਂਤ ਗੁਰਬਾਣੀ ਵਿਆਖਿਆ-ਸ਼ਾਸਤਰ ਦੀ ਸਿਰਜਣ-ਸੰਭਾਵਨਾ'*, ਪੰਨੇ ੪੬-੪੭

੧੭. ਗੁਲਜਾਰ ਸਿੰਘ (ਕੰਗ) (ਡਾ.), *ਗੁਰਬਾਣੀ ਵਿਆਖਿਆ-ਵਿਖਿਆਨ*, ਪੰਨਾ ੫੬ ■

***ਸੁਣੀ ਪੁਕਾਰਿ ਦਾਤਾਰ ਪ੍ਰਭੁ ਗੁਰੁ ਨਾਨਕ ਜਗ ਮਾਹਿ ਪਠਾਇਆ।***

***(ਵਾਰ ੧:੨੩)***

# ਸ੍ਰੀ ਗੁਰੂ ਪੰਥ ਪ੍ਰਕਾਸ਼ : ਵਿਵਰਨਾਤਮਿਕ ਅਧਿਐਨ

*-ਬੀਬੀ ਜਸਪ੍ਰੀਤ ਕੌਰ**

**ਵਿਸ਼ਾ ਪ੍ਰਵੇਸ਼ :** ਸ੍ਰੀ ਗੁਰੂ ਪੰਥ ਪ੍ਰਕਾਸ਼ ਗਿਆਨੀ ਗਿਆਨ ਸਿੰਘ ਜੀ ਰਚਿਤ ਸਿੱਖ ਇਤਿਹਾਸ ਦਾ ਅਹਿਮ ਗੁਰਮੁਖੀ ਸ੍ਰੋਤ ਹੈ। ਇਹ ਪਹਿਲਾ ਗ੍ਰੰਥ ਹੈ ਜਿਹੜਾ ਸਿੱਖ ਇਤਿਹਾਸ ਦੇ ਲੰਮੇ ਕਾਲ-ਖੰਡ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਅਠਾਰ੍ਹਵੀਂ ਸਦੀ ਤਕ ਦੇ ਇਤਿਹਾਸ ਨੂੰ ਘੇਰੇ ਵਿਚ ਲੈਂਦਾ ਹੈ। ਇਸ ਲੇਖ ਵਿਚ ਮੈਂ ਇਸ ਵਡਮੁੱਲੇ ਸ੍ਰੋਤ ਦੇ ਪਹਿਲੇ ਤਿੰਨ ਭਾਗਾਂ ਦਾ ਵਿਵਰਨਾਤਮਿਕ ਅਧਿਐਨ ਪੇਸ਼ ਕਰ ਰਹੀ ਹਾਂ, ਜੋ ਕਿ ਦਸ ਗੁਰੂ ਸਾਹਿਬਾਨ ਨਾਲ ਸੰਬੰਧਿਤ ਹਨ। ਵਿਸ਼ੇ ਦਾ ਭਾਵ-ਜਗਤ ਗ੍ਰਹਿਣ ਕਰਨ ਲਈ ਜ਼ਰੂਰੀ ਹੈ ਕਿ ਗਿਆਨੀ ਗਿਆਨ ਸਿੰਘ ਜੀ ਬਾਰੇ ਵੀ ਦੋ ਸ਼ਬਦ ਲਿਖੇ ਜਾਣ। ਇਸ ਲਈ ਪਹਿਲੇ (ੳ) ਭਾਗ ਵਿਚ ਉਨ੍ਹਾਂ ਦਾ ਵੇਰਵਾ ਅਤੇ ਦੂਜੇ ਭਾਗ ਵਿਚ ਹਥਲੇ ਵਿਸ਼ੇ ਨੂੰ ਲਿਆ ਗਿਆ ਹੈ।

**(ੳ)**

ਗਿਆਨੀ ਗਿਆਨ ਸਿੰਘ ਸਿੱਖ ਧਰਮ ਦੇ ਮਹਾਨ ਵਿਦਵਾਨ, ਇਤਿਹਾਸਕਾਰ ਅਤੇ ਕਵੀ ਹੋਏ, ਜਿਨ੍ਹਾਂ ਨੇ ਸਿੱਖ ਸਾਹਿਤ ਰਚਨਾ ਵਿਚ ਅਹਿਮ ਯੋਗਦਾਨ ਪਾਇਆ। ਗਿਆਨੀ ਜੀ ਦਾ ਜਨਮ ੧੮੨੨ ਈ. ਨੂੰ ਭਾਗ ਸਿੰਘ ਦੇ ਘਰ ਮਾਤਾ ਦੇਸ ਕੌਰ (ਮਾਤਾ ਦੇਸਾਂ) ਦੀ ਕੁੱਖੋਂ ਪਿੰਡ ਲੌਂਗੋਂਵਾਲ ਜ਼ਿਲ੍ਹਾ ਸੰਗਰੂਰ ਵਿਚ ਹੋਇਆ। ਆਪ ਜੀ ਭਾਈ ਮਨੀ ਸਿੰਘ ਜੀ ਦੀ ਪੀੜ੍ਹੀ ਵਿੱਚੋਂ ਸਨ। ਬਚਪਨ ਵਿਚ ਆਪ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ, ਦਸਮ ਗ੍ਰੰਥ, ਵਾਰਾਂ ਭਾਈ ਗੁਰਦਾਸ ਜੀ, ਕਬਿੱਤ, ਸਵਈਏ ਆਦਿ ਦਾ ਅਰਥਾਂ ਸਾਹਿਤ ਅਧਿਐਨ ਕੀਤਾ। ਫਿਰ ਆਪ ਜੀ ਨੇ ਮਹਾਰਾਜਾ ਰਣਜੀਤ ਸਿੰਘ ਪਾਸ ਨੌਕਰੀ ਕੀਤੀ, ਮਹਾਰਾਜਾ ਆਪ ਜੀ ਤੋਂ ਰੋਜ਼ਾਨਾ ਇਕ ਸੁਖਮਨੀ ਸਾਹਿਬ ਦਾ ਪਾਠ ਸੁਣਦੇ ਸੀ। ਫਿਰ ਆਪ ਜੀ ਨੇ ਮਹਾਰਾਜਾ ਕਰਮ ਸਿੰਘ ਪਾਸ ਨੌਕਰੀ ਕੀਤੀ। ਇਸ ਸਮੇਂ ਦੌਰਾਨ ਆਪ ਜੀ ਦੀ ਇਕ ਲੱਤ ਨਿਕਾਰੀ ਗਈ। ਆਪ ਜੀ ਨੇ ਪ੍ਰਯਾਗਰਾਜ, ਨਾਗਪੁਰ, ਅਕੋਲਾ, ਬਨਾਰਸ, ਪਟਨਾ, ਮੁੰਗੇਰ, ਹੁਗਲੀ, ਢਾਕਾ, ਕਲਕੱਤਾ, ਬਰਦਮਾਨ, ਜਗਨਨਾਥ ਪੁਰੀ, ਨੇਪਾਲ, ਕੋਇਟਾ, ਕਰਾਚੀ, ਦੁਆਰਕਾ, ਜੂਨਾਗੜ੍ਹ ਆਦਿ ਥਾਵਾਂ ਤਕ ਲੰਮੀਆਂ ਯਾਤਰਾਵਾਂ ਕੀਤੀਆਂ। ਅਖੀਰ ਆਪ ਜੀ ੧੯੨੧ ਈ. ਵਿਚ ਅਕਾਲ ਚਲਾਣਾ ਕਰ ਗਏ।

ਆਪ ਜੀ ਦੀਆਂ ਪ੍ਰਸਿੱਧ ਰਚਨਾਵਾਂ ਸ੍ਰੀ ਗੁਰੂ ਪੰਥ ਪ੍ਰਕਾਸ਼, ਤਵਾਰੀਖ ਗੁਰੂ ਖਾਲਸਾ, ਨਿਰਮਲ ਪੰਥ ਪ੍ਰਦੀਪਕਾ, ਰਿਪੁਦਮਨ ਪ੍ਰਕਾਸ਼, ਸੂਰਜ ਪ੍ਰਕਾਸ਼ (ਵਾਰਤਕ), ਖਾਲਸਾ

**ਖੋਜਾਰਥਣ, ਧਰਮ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ-੧੪੭੦੦੨ : ਮੋ. +੯੧੯੭੭੯੮-੩੮੩੩੫*

ਧਰਮ ਪਤਿਤ ਪਾਵਨ, ਤਵਾਰੀਖ ਸ੍ਰੀ ਅੰਮ੍ਰਿਤਸਰ, ਤਵਾਰੀਖ ਲਾਹੌਰ, ਇਤਿਹਾਸ ਰਿਆਸਤ ਬਾਗੜੀਆਂ, ਗੁਰਪੁਰਬ ਪ੍ਰਕਾਸ਼, ਗੁਰਧਾਮ ਸੰਗ੍ਰਹਿ ਆਦਿ ਹਨ।

**(ਅ)**

ਸ੍ਰੀ ਗੁਰੁ ਪੰਥ ਪ੍ਰਕਾਸ਼ ਕਾਵਿ ਰੂਪ, ਛੰਦ ਬੱਧ, ਪੰਜਾਬੀ ਰਲੀ ਬ੍ਰਜ ਭਾਸ਼ਾ ਵਿਚ ਲਿਖਿਆ ਗਿਆ ਗ੍ਰੰਥ ਹੈ। ਇਸ ਦੇ ਕੁੱਲ ੧੩੧ ਅਧਿਆਇ ਹਨ। ਇਨ੍ਹਾਂ ਨੂੰ ਦੋ ਭਾਗਾਂ ਵਿਚ ਵੰਡਿਆ ਗਿਆ ਹੈ। ਪੂਰਬਾਰਧ ਵਿਚ ੭੧ ਅਧਿਆਇ ਅਤੇ ਉਤਰਾਰਧ ਵਿਚ ੬੦ ਅਧਿਆਇ ਹਨ। ਪੰਥ ਪ੍ਰਕਾਸ਼ ੧੯੭੮ ਈ. ਵਿਚ ਸੰਪੂਰਨ ਹੋਇਆ। ਪੰਥ ਪ੍ਰਕਾਸ਼ ਵਿਚ ਕੁੱਲ ੧੨੯੮ ਪ੍ਰਸੰਗ ਆਏ ਹਨ। ਇਸ ਗ੍ਰੰਥ ਦੇ ਪ੍ਰਸਤਾਵਨਾ ਤੋਂ ਇਲਾਵਾ ਪੰਜ ਭਾਗ ਹਨ। ਪਹਿਲੇ ਭਾਗ ਵਿਚ ੧-੨੮ ਤਕ ਬ੍ਰਿਸਾਮ, ਦੂਜੇ ਭਾਗ ਵਿਚ ੨੯-੫੦ ਤਕ ਬ੍ਰਿਸਾਮ, ਤੀਜੇ ਭਾਗ ਵਿਚ ੫੧-੭੧ ਤਕ ਬ੍ਰਿਸਾਮ, ਚੌਥੇ ਭਾਗ ਵਿਚ ੧-੩੬ ਤਕ ਬ੍ਰਿਸਾਮ, ਪੰਜਵੇਂ ਭਾਗ ਵਿਚ ੩੭-੬੦ ਤਕ ਬ੍ਰਿਸਾਮ ਹਨ। ਇੱਥੇ ਅਸੀਂ ਸ੍ਰੀ ਗੁਰੁ ਪੰਥ ਪ੍ਰਕਾਸ਼ ਸੰਪਾਦਕ ਸਿੰਘ ਸਾਹਿਬ ਗਿਆਨੀ ਕਿਰਪਾਲ ਸਿੰਘ ਜੀ ਹੈੱਡ ਗ੍ਰੰਥੀ ਸ੍ਰੀ ਦਰਬਾਰ ਸਾਹਿਬ ਸ੍ਰੀ ਹਰਿਮੰਦਰ ਸਾਹਿਬ, ਪ੍ਰਕਾਸ਼ਕ ਮਨਮੋਹਨ ਸਿੰਘ ਬਰਾੜ ਆਧਾਰਿਤ ਅਧਿਐਨ ਕਰ ਰਹੇ ਹਾਂ।

**੧. ਮੰਗਲਾਚਰਨ, ਗ੍ਰੰਥ ਰਚਣ ਦਾ ਕਾਰਨ :** ਸ੍ਰੀ ਗੁਰੁ ਪੰਥ ਪ੍ਰਕਾਸ਼ ਦੇ ਕੁੱਲ ਪੰਜ ਭਾਗ ਹਨ, ਇਸ ਦੇ ਪਹਿਲੇ ਭਾਗ ਦੀ ਸ਼ੁਰੂਆਤ ਮੁੱਖ ਬੰਧ ਤੋਂ ਹੁੰਦੀ ਹੈ ਜਿਸ ਤੋਂ ਬਾਅਦ ਇਸ ਗ੍ਰੰਥ ਦੇ ਆਰੰਭ ਵਿਚ ੧ੴ ਸਤਿਗੁਰ ਪ੍ਰਸਾਦਿ ॥ 'ਅਥ' ਲਿਖਿਆ ਹੈ ਜਿਸ ਦਾ ਅਰਥ ਪ੍ਰਾਚੀਨ ਰਿਸ਼ੀਆਂ ਦਾ ਮੰਗਲ ਪ੍ਰਗਟ ਕਰਨ ਵਾਲਾ ਸ਼ਬਦ। ਜਿਸ ਨੂੰ ਹਰ ਕਵੀ ਆਪਣੇ ਗ੍ਰੰਥ ਦੇ ਨਾਮ ਦੇ ਆਰੰਭ ਵਿਚ ਲਿਖਦੇ ਹਨ। ਉਸ ਤੋਂ ਬਾਅਦ ਪਹਿਲਾ ਬਿਸ੍ਰਾਮ ਆਉਂਦਾ ਹੈ ਜਿਸ ਦਾ ਅਰਥ ਪਹਿਲਾ ਅਧਿਆਇ। ਪਹਿਲੇ ਬਿਸ੍ਰਾਮ ਵਿਚ ਗਿਆਨੀ ਜੀ ਨੇ ਆਪਣੇ ਇਸ਼ਟ ਦੇਵਾਂ ਦੇ ਮੰਗਲ ਅਤੇ ਗ੍ਰੰਥ ਰਚਣ ਦੇ ਕਾਰਨ ਦਾ ਜ਼ਿਕਰ ਕੀਤਾ ਹੈ। ਫਿਰ ਮੰਗਲਾਚਰਨ ਆਉਂਦਾ ਹੈ ਇਸ ਵਿਚ ਕੁੱਲ ੧੮ ਮੰਗਲ ਹਨ ਤਿੰਨ ਤੇ ਚਾਰ ਨੰਬਰ ਛੰਦ ਇਸ਼ਟ ਮੰਗਲ ਨਹੀਂ ਸਿਰਫ਼ ਕਾਵਿ-ਸੰਕੇਤਕ ਮਰਯਾਦਾ ਦੇ ਮੰਗਲ ਹੀ ਸਮਝਣੇ ਚਾਹੀਦੇ ਹਨ। ਸਭ ਤੋਂ ਪਹਿਲਾ ਮੰਗਲਾਚਰਨ ਇਸ਼ਟ-ਦੇਵਾਂ ਦਾ ਸਾਂਝਾ ਮੰਗਲ ਹੈ ਜਿਸ ਵਿਚ ਗਿਆਨੀ ਜੀ ਨੇ ਸਭ ਤੋਂ ਪਹਿਲਾਂ ਇਕ ਅਕਾਲ ਪੁਰਖ, ਦਸ ਗੁਰੂ ਸਾਹਿਬਾਨ, ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਖਾਲਸਾ ਪੰਥ ਨੂੰ ਨਮਸਕਾਰ ਕੀਤੀ ਹੈ।

ਦੂਜਾ ਗੁਰਮੰਤ੍ਰ, ਵਾਹਿਗੁਰੂ ਨਾਮ ਦਾ ਮੰਗਲ ਹੈ ਜਿਸ ਵਿਚ ਵਾਹਿਗੁਰੂ ਮੰਤ੍ਰ ਨੂੰ ਸ੍ਰੇਸ਼ਟ, ਸਭ ਮੰਤ੍ਰਾਂ ਦਾ ਰਾਜਾ ਭਾਵ ਸ਼੍ਰੋਮਣੀ ਮੰਤ੍ਰ, ਜਨਮ-ਮਰਨ ਕੱਟਣ ਵਾਲਾ, ਸਾਰੇ ਪਦਾਰਥਾਂ ਦੀ ਪ੍ਰਾਪਤੀ ਕਰਵਾਉਣ ਵਾਲਾ, ਅਨੰਦ ਤੇ ਖੁਸ਼ੀਆਂ ਦੇਣ ਵਾਲਾ ਦੱਸਿਆ ਹੈ ਅਤੇ ਕਵੀ ਜੀ ਨੇ ਉਸ ਦੀ ਸ਼ਰਨ ਲਈ ਹੈ।

ਤੀਜਾ ਕਾਵਿ-ਸੰਕੇਤ ਮਰਯਾਦਾ ਦਾ ਮੰਗਲ, (ਅ) ਕਾਵਿ-ਸੰਕੇਤ ਮਰਯਾਦਾ ਦਾ ਦੂਜਾ ਮੰਗਲ। ਕਵੀ ਨੇ ਸਿਰਫ਼ ਇਸ ਮੰਗਲ ਨੂੰ ਪ੍ਰਾਚੀਨ ਕਵੀਆਂ ਦੀ ਕਾਵਿ ਸੰਕੇਤਕ ਮਰਯਾਦਾ ਜਾਣ ਕੇ ਹੀ ਕੀਤਾ। ਇਸ ਮੰਗਲ ਦਾ ਉਨ੍ਹਾਂ ਦੀ ਇਸ਼ਟਾਪਤੀ ਨਾਲ ਕੋਈ ਸੰਬੰਧ ਨਹੀ ਹੈ।

ਚੌਥਾ ਸ੍ਰੀ ਅਕਾਲ ਪੁਰਖ ਜੀ ਦਾ ਮੰਗਲ ਵਿਚ ਕਵੀ ਜੀ ਅਕਾਲ ਪੁਰਖ ਨੂੰ ਸਤਿ ਚਿੱਤ ਤੇ ਅਨੰਦ ਸਰੂਪ ਕਹਿੰਦੇ ਹਨ। ਇਸ ਵਿਚ ਸਤਿਗੁਰਾਂ ਤੋਂ ਪਹਿਲਾਂ ਦੀ ਹਾਲਤ, ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਧਾਰਨ ਕਰਨ ਤੋਂ ਪਹਿਲਾਂ ਦੀ ਸਥਿਤੀ ਨੂੰ ਪੇਸ਼ ਕੀਤਾ ਹੈ, ਜਿਸ ਵਿਚ ਦੱਸਿਆ ਹੈ ਕਿ ਉਸ ਸਮੇਂ ਜ਼ਾਲਮ ਹੁਕਮਰਾਨ ਗ਼ਰੀਬ ਜਨਤਾ ਨੂੰ ਕੁਚਲ ਰਹੇ ਸਨ। "ਵਾਹਿਗੁਰੂ ਜੀ ਦਾ ਗੁਰੂ ਅਵਤਾਰ" ਇਸ ਵਿਚ ਕਵੀ ਜੀ ਨੇ ਦੱਸਿਆ ਹੈ ਕਿ ਧਰਤੀ ਦੀ ਪੁਕਾਰ ਸੁਣ ਕੇ ਵਾਹਿਗੁਰੂ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਧਰਤੀ 'ਤੇ ਭੇਜਿਆ, ਉਨ੍ਹਾਂ ਦੇ ਆਉਣ ਨਾਲ ਤੁਰਕ ਰਾਜ ਦੇ ਤੇਜ ਦਾ ਹਨ੍ਹੇਰਾ ਮਿਟ ਗਿਆ। ਵਾਹਿਗੁਰੂ-ਗੁਰੂ ਨਾਨਕ ਸਰੂਪ ਵਿਚ ਵਾਹਿਗੁਰੂ ਜੀ ਦੇ ਨਾਨਕ ਰੂਪ ਹੋ ਕੇ ਸੰਸਾਰ ਵਿਚ ਆਉਣ ਦਾ ਵਰਣਨ ਕੀਤਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦਸ ਸਰੂਪ ਵਿਚ ਦੱਸਿਆ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਗਤ ਨੂੰ ਤਾਰਨ ਲਈ ਦਸ ਸਰੂਪ ਧਾਰੇ ਸਨ।

ਪੰਜਵਾਂ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਮੰਗਲ। ਇਸ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਸੂਰਜ ਵਾਂਗ ਪ੍ਰਕਾਸ਼ ਰੂਪ ਦੱਸ ਕੇ ਉਨ੍ਹਾਂ ਨੂੰ ਨਮਸਕਾਰ ਕੀਤੀ ਹੈ। ਛੇਵਾਂ ਸ੍ਰੀ ਗੁਰੂ ਅੰਗਦ ਦੇਵ ਜੀ ਦਾ ਮੰਗਲ। ਸ੍ਰੀ ਗੁਰੂ ਅੰਗਦ ਦੇਵ ਜੀ ਦੀ ਗੁਰਮੁਖੀ ਲਿਪੀ ਦੀ ਮਹਾਨ ਦੇਣ ਕਰਕੇ ਕਵੀ ਨੇ ਉਨ੍ਹਾਂ ਨੂੰ ਨਮਸਕਾਰ ਕੀਤੀ ਹੈ। ਸੱਤਵਾਂ ਸ੍ਰੀ ਗੁਰੂ ਅਮਰਦਾਸ ਜੀ ਦਾ ਮੰਗਲ। ਕਵੀ ਨੇ ਸ੍ਰੀ ਗੁਰੂ ਅਮਰਦਾਸ ਜੀ ਨੂੰ ਈਸ਼ਰ ਰੂਪ ਤੇ ਰਾਜਾ ਜੋਗੀ, ਭਾਰੀ ਖਿਮਾ ਧਾਰਨ ਕਰਨ ਵਾਲੇ, ਨਿਰਖੋਭ, ਗੋਇੰਦਵਾਲ ਸਾਹਿਬ ਬਾਉਲੀ ਦਾ ਨਿਰਮਾਣ ਕਰਾਉਣ ਵਾਲੇ ਦੱਸਿਆ ਹੈ। ਅੱਠਵਾਂ ਸ੍ਰੀ ਗੁਰੂ ਰਾਮਦਾਸ ਜੀ ਦਾ ਮੰਗਲ। ਗਿਆਨੀ ਜੀ ਕਹਿੰਦੇ ਹਨ ਕਿ ਮੈਂ ਸ੍ਰੀ ਗੁਰੂ ਰਾਮਦਾਸ ਜੀ ਨੂੰ ਨਮਸਕਾਰ ਕਰਦਾ ਹਾਂ ਜਿਨ੍ਹਾਂ ਨੇ ਮਨੋ-ਕਾਮਨਾਵਾਂ ਪੂਰੀਆਂ ਕਰਨ ਵਾਲਾ ਅੰਮ੍ਰਿਤਸਰ ਸਰੋਵਰ ਬਣਾਇਆ ਹੈ। ਨੌਵਾਂ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਮੰਗਲ। ਕਵੀ ਜੀ ਗੁਰੂ ਅਰਜਨ ਦੇਵ ਜੀ ਦੀ ਮਹਾਨ ਦੇਣ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕਰਕੇ ਉਨ੍ਹਾਂ ਨੂੰ ਨਮਸਕਾਰ ਕਰਦੇ ਹਨ।

ਦਸਵਾਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਮੰਗਲ। ਕਵੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਮੀਰੀ-ਪੀਰੀ ਦੀ ਕਿਰਪਾਨ ਧਾਰਨ ਕਰਨ ਵਾਲੇ, ਸੱਚੇ ਪਾਤਸ਼ਾਹ ਕਹਿੰਦਾ ਹੈ ਅਤੇ ਆਪਣੇ ਗ੍ਰੰਥ ਰਚਣ ਵਿਚ ਪੈਣ ਵਾਲੇ ਵਿਘਨਾਂ ਤੋਂ ਛੁਟਕਾਰਾ ਹਾਸਲ ਕਰਨ ਲਈ ਆਪ ਅੱਗੇ ਨਮਸਕਾਰ ਕਰਦਾ ਹੈ। ਗਿਆਰ੍ਹਵਾਂ ਸ੍ਰੀ ਗੁਰੂ ਹਰਿਰਾਇ

ਸਾਹਿਬ ਜੀ ਦਾ ਮੰਗਲ। ਕਵੀ ਜੀ ਨੇ ਦੱਸਿਆ ਹੈ ਕਿ ਸ੍ਰੀ ਗੁਰੂ ਹਰਿਰਾਇ ਜੀ ਮਿੱਠੇ ਸੁਭਾਅ ਦੇ ਮਾਲਕ ਸਨ, ਗ਼ਰੀਬਾਂ ਦੀ ਸਹਾਇਤਾ ਕਰਨ ਵਾਲੇ, ਬਖ਼ਸ਼ਿਸ਼ਾਂ ਕਰਨ ਵਾਲੇ ਸਨ। ਕਵੀ ਨੇ ਆਪਣੇ ਗ੍ਰੰਥ ਰਚਣ ਵਿਚ ਪੈਣ ਵਾਲੇ ਬਿਘਨਾਂ ਤੋਂ ਬਚਣ ਲਈ ਉਨ੍ਹਾਂ ਅੱਗੇ ਬੰਦਨਾ ਕੀਤੀ ਹੈ। ਬਾਰ੍ਹਵਾਂ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦਾ ਮੰਗਲ। ਕਵੀ ਜੀ ਉਪਮਾ ਰਹਿਤ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦੇ ਪਵਿੱਤ੍ਰ ਚਰਨਾਂ ਨੂੰ ਹਿਰਦੇ ਅੰਦਰ ਧਿਆਉਂਦੇ ਹਨ।

ਤੇਰ੍ਹਵਾਂ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਮੰਗਲ। ਕਵੀ ਨੇ ਦੱਸਿਆ ਹੈ ਕਿ ਜੇ ਸ੍ਰੀ ਗੁਰੂ ਤੇਗ ਬਹਾਦਰ ਜੀ ਹਿੰਦੂ ਧਰਮ ਦੀ ਰੱਖਿਆ ਲਈ ਸੀਸ ਨਾ ਦਿੰਦੇ ਤਾਂ ਭਾਰਤ ਦਾ ਨਕਸ਼ਾ ਅੱਜ ਜਿਹਾ ਨਾ ਹੁੰਦਾ ਸਗੋਂ ਅਜਿਹਾ ਹੁੰਦਾ ਜੋ ਔਰੰਗਜ਼ੇਬ ਦੇ ਮਨ ਵਿਚ ਉਲੀਕਿਆ ਹੋਇਆ ਸੀ। ਚੌਦਵਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਮੰਗਲ। ਕਵੀ ਜੀ ਕਹਿੰਦੇ ਹਨ ਕਿ ਮੈਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਰਨ ਕੰਵਲਾਂ ਦਾ ਧਿਆਨ ਆਪਣੇ ਹਿਰਦੇ ਵਿਚ ਧਰਦਾ ਹਾਂ। ਜੋ ਵਿਆਪਕ ਬ੍ਰਹਮ ਦਾ ਸਰੂਪ ਹਨ ਕੇਵਲ ਜੋ ਜਗਤ ਤਾਰਨ ਲਈ ਜਗਤ ਵਿਚ ਆਏ। ਜਿਨ੍ਹਾਂ ਨੇ ਖਾਲਸਾ ਪੰਥ ਸਾਜਿਆ।

ਪੰਦਰ੍ਹਵਾਂ ਗੁਰਮੁਖਿ, ਸਿੱਖਿਆ-ਦਾਤੇ ਦਾ ਮੰਗਲ। ਇਸ ਛੰਦ ਵਿਚ ਕਵੀ ਨੇ ਆਪਣੇ ਨਾਮ-ਅਭਿਆਸ ਦਾਤੇ ਸੰਤ ਬੀਰ ਸਿੰਘ ਜੀ ਦਾ ਮੰਗਲ ਕੀਤਾ ਹੈ। ਉਨ੍ਹਾਂ ਨੂੰ ਨਮਸਕਾਰ ਕੀਤੀ ਹੈ ਤੇ ਉਨ੍ਹਾਂ ਨੂੰ ਸੂਰਜ ਨਾਲ ਤੁਲਨਾ ਦਿੱਤੀ ਹੈ, ਉਨ੍ਹਾਂ ਤੋਂ ਆਪ ਜੀ ਨੇ ਸਿੱਖੀ ਜੀਵਨ ਤੇ ਉੱਚ-ਆਚਰਨ ਦੀ ਸਿੱਖਿਆ ਨੂੰ ਅਮਲੀ ਰੂਪ ਵਿਚ ਸਿੱਖਿਆ। ਸੋਲ੍ਹਵਾਂ ਗੁਰਪੁਰੀ ਸ੍ਰੀ ਅੰਮ੍ਰਿਤਸਰ ਸ਼ਹਿਰ ਦੀ ਮਹਿਮਾ ਦਾ ਮੰਗਲ। ਇਸ ਮੰਗਲਾਚਰਨ ਵਿਚ ਕਵੀ ਜੀ ਨੇ ਸ੍ਰੀ ਅੰਮ੍ਰਿਤਸਰ ਦੀ ਸੁੰਦਰਤਾ, ਸੁਖ, ਸੰਪਤੀ, ਆਬਾਦੀ, ਵਪਾਰ ਆਦਿ ਦਾ ਵਰਣਨ ਕਰਕੇ ਇਸ ਸ਼ਹਿਰ ਦੀ ਮਹਿਮਾ ਕੀਤੀ ਹੈ। ਸਤਾਰ੍ਹਵਾਂ ਗੁਰ ਸਰਵਰ, ਸ੍ਰੀ ਅੰਮ੍ਰਿਤਸਰ ਸਰੋਵਰ ਦੀ ਮਹਿਮਾ ਦਾ ਮੰਗਲ। ਇਸ ਵਿਚ ਕਵੀ ਨੇ ਅੰਮ੍ਰਿਤਸਰ ਸਰੋਵਰ ਦੀ ਮਹਿਮਾ ਕੀਤੀ ਹੈ ਜਿਸ ਦਾ ਜਲ ਅੰਮ੍ਰਿਤ ਸਮਾਨ ਦੱਸਿਆ ਹੈ। ਜਿਸ ਦੇ ਦਰਸ਼ਨ ਨਾਲ ਪਾਪ ਕੱਟ ਜਾਂਦੇ ਹਨ, ਛਕਣ ਨਾਲ ਪਵਿੱਤ੍ਰ ਹੋ ਜਾਈਦਾ ਹੈ, ਇਸ਼ਨਾਨ ਨਾਲ ਆਤਮ ਗਿਆਨ ਹਿਰਦੇ ਵਿਚ ਆ ਵਸਦਾ ਹੈ। ਸਰੋਵਰ ਦੀ ਪਰਕਰਮਾ ਦਾ ਸੰਗਿ ਮਰਮਰੀ ਫਰਸ਼। ਇਸ ਅੰਕ ਵਿਚ ਸਰੋਵਰ ਦੀ ਪਰਕਰਮਾ ਵਿਚ ਲੱਗੇ ਸੰਗਮਰਮਰ ਦੀ ਉਸਤਤ ਕੀਤੀ ਗਈ ਹੈ।

ਅਠਾਰ੍ਹਵਾਂ ਸ੍ਰੀ ਹਰਿਮੰਦਰ ਸਾਹਿਬ ਜੀ ਦਾ ਮੰਗਲ। ਚਿੱਤ੍ਰ-ਕਲਾ, ਇਸ ਵਿਚ ਕਵੀ ਨੇ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਦੇ ਸੰਗਮਰਮਰ ਵਿਚ ਕੀਤੀ ਜੜਤਕਾਰੀ, ਚਿੱਤ੍ਰਕਾਰੀ ਕਲਾ ਦਾ ਸੁੰਦਰ ਵਰਣਨ ਕੀਤਾ ਹੈ। ਸੁਨਹਿਰੀ ਸੁੰਦਰਤਾ, ਸ੍ਰੀ ਹਰਿਮੰਦਰ ਸਾਹਿਬ ਜੀ ਦੇ ਉਪਰ ਤੇ ਬਾਹਰਲੇ ਹਿੱਸੇ ਵਿਚ ਹੋਏ ਸੋਨੇ ਤੇ ਸੁੰਦਰ ਕੀਮਤੀ ਕਲਾ ਦਾ ਵਰਣਨ ਕੀਤਾ ਹੈ। ਅੰਦਰ ਦੀ ਸੁੰਦਰਤਾ, ਇਸ ਅੰਕ ਵਿਚ ਸ੍ਰੀ

ਹਰਿਮੰਦਰ ਸਾਹਿਬ ਜੀ ਦੀ ਅੰਦਰਲੀ ਸੁੰਦਰਤਾ, ਬੇਸ਼ਕੀਮਤੀ ਸੋਨੇ ਤੇ ਆਪਣੇ ਹੁਨਰ ਵਿਚ ਨਿਪੁੰਨ ਉੱਚ-ਕੋਟੀ ਦੇ ਕਾਰੀਗਰਾਂ ਵੱਲੋਂ ਕੀਤੇ ਕੰਮ ਦਾ ਵਰਣਨ ਹੈ। ਸ੍ਰੀ ਹਰਿਮੰਦਰ ਸਾਹਿਬ ਜੀ ਦੀ ਮਹਿਮਾ, ਇਸ ਅੰਕ ਵਿਚ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਮਹਿਮਾ ਕੀਤੀ ਗਈ ਹੈ। ਕਵੀ ਜੀ ਦੀ ਆਪਣੇ ਬਾਰੇ ਜਾਣ-ਪਛਾਣ, ਇਸ ਅੰਕ ਵਿਚ ਦੱਸਿਆ ਹੈ ਕਿ ਮੈਂ ਅੰਮ੍ਰਿਤਸਰ ਦੀ ਨਿਰਮਲ ਸੰਪ੍ਰਦਾਇ ਦਾ ਸਾਧੂ ਹਾਂ। ਮੇਰਾ ਨਾਮ ਗਿਆਨ ਸਿੰਘ ਹੈ, ਮੇਰੀ ਉਪਾਧੀ ਗਿਆਨੀ ਹੈ, ਮੈਂ ਇੱਥੇ ਰਹਿ ਕੇ ਗੁਰੂ ਸਾਹਿਬਾਨ ਤੇ ਖਾਲਸਾ ਪੰਥ ਦੀ ਕਥਾ ਲਿਖੀ ਹੈ। ਇਸ ਤੋਂ ਅਗਾਂਹ ਗਿਆਨੀ ਜੀ ਨੇ ਗ੍ਰੰਥ ਰਚਣ ਦਾ ਕਾਰਨ ਦੱਸਿਆ ਹੈ ਜਿਸ ਵਿਚ ਵਿਚ ਉਨ੍ਹਾਂ ਦੱਸਿਆ ਹੈ ਕਿ ਉਨ੍ਹਾਂ ਨੂੰ ਇਹ ਗ੍ਰੰਥ ਲਿਖਣ ਲਈ ਪੰਡਿਤ ਤਾਰਾ ਸਿੰਘ ਨਰੋਤਮ ਜੀ ਨੇ ਕਿਹਾ।

**੨. ਅਕਾਲ ਪੁਰਖ ਤੇ ਚੰਡੀ ਮੰਗਲ, ਪ੍ਰਸੰਗਾਂ ਦੀ ਸੂਚੀ, ਨਵੇਂ ਤੇ ਪੁਰਾਣੇ ਪੰਥ ਪ੍ਰਕਾਸ਼ ਗ੍ਰੰਥਾਂ ਦੇ ਰਚਣ ਦੇ ਕਾਰਨ :** ਇਸ ਬਿਸ੍ਰਾਮ ਵਿਚ ਅਕਾਲ ਪੁਰਖ ਤੇ ਚੰਡੀ ਦਾ ਮੰਗਲ ਕੀਤਾ ਗਿਆ ਹੈ। ਫਿਰ ਪ੍ਰਸੰਗਾਂ ਦੀ ਸੂਚੀ ਦਿੱਤੀ ਗਈ ਹੈ ਜਿਸ ਵਿਚ ਸ੍ਰੀ ਗੁਰ ਨਾਨਕ ਦੇਵ ਜੀ ਦਾ ਅਵਤਾਰ, ਫਿਰ ਦਸ ਗੁਰੂ ਸਾਹਿਬਾਨ ਦੀ ਕਥਾ, ਬਾਬਾ ਬੰਦਾ ਸਿੰਘ ਬਹਾਦਰ ਬਾਰੇ, ਵੱਖ-ਵੱਖ ਪੰਥਾਂ ਆਦਿ ਬਾਰੇ ਪ੍ਰਸੰਗਾਂ ਦਾ ਵਰਣਨ ਕੀਤਾ ਗਿਆ ਹੈ। ਇਸ ਤੋਂ ਬਾਅਦ ਨਵੇਂ ਤੇ ਪੁਰਾਣੇ ਪੰਥ ਪ੍ਰਕਾਸ਼ ਗ੍ਰੰਥਾਂ ਦੇ ਰਚਨ ਦੇ ਕਾਰਨਾਂ ਦਾ ਵਰਣਨ ਕੀਤਾ ਹੈ।

**੩. ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਅਵਤਾਰ (ਪ੍ਰਕਾਸ਼) ਧਾਰਨ ਦਾ ਕਾਰਨ :** ਇਸ ਵਿਚ ਕਵੀ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਅਵਤਾਰ ਧਾਰਨ ਦਾ ਕਾਰਨ ਦੱਸਿਆ ਹੈ ਕਿ ਜਦੋਂ-ਜਦੋਂ ਧਰਮ ਦੀ ਹਾਨੀ ਹੁੰਦੀ ਹੈ ਤਾਂ ਈਸ਼ਵਰ ਆਪ ਸਰੂਪ ਧਾਰ ਕੇ ਧਰਮ ਦੀ ਰੱਖਿਆ ਕਰਦਾ ਹੈ। ਇਹ ਰੀਤ ਆਦਿ ਕਾਲ ਤੋਂ ਹੀ ਚੱਲੀ ਆ ਰਹੀ ਹੈ। ਕਦੇ ਉਹ ਧਰਮ ਦੀ ਰੱਖਿਆ ਕਿਰਪਾਨ ਪਕੜ ਕੇ ਕਦੇ ਧਰਮ ਦਾ ਉਪਦੇਸ਼ਕ ਬਣ ਕੇ ਕਰਦਾ ਹੈ। ਇਸ ਬਿਸ੍ਰਾਮ ਵਿਚ ਕਵੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਹੋਏ ਪੀਰਾਂ, ਸਿੱਧਾਂ, ਜੋਗੀਆਂ ਦੁਆਰਾ ਚਲਾਏ ਵੱਖ-ਵੱਖ ਧਰਮਾਂ ਬਾਰੇ ਦੱਸਿਆ ਹੈ ਕਿ ਕਿਸ ਤਰ੍ਹਾਂ ਲੋਕ ਇਕ ਈਸ਼ਵਰ ਨੂੰ ਭੁੱਲ ਕੇ ਦੇਵੀ-ਦੇਵਤਿਆਂ ਤੇ ਮੂਰਤੀ ਪੂਜਾ ਆਦਿ ਹੋਰ ਅਨੇਕਾਂ ਕਰਮ-ਕਾਂਡਾਂ ਵਿਚ ਉਲਝੇ ਹੋਏ ਸਨ। ਸਭ ਆਪਣੇ-ਆਪਣੇ ਮਤਾਂ ਨੂੰ ਸ੍ਰੇਸ਼ਟ ਮੰਨਦੇ ਸਨ ਤੇ ਦੂਸਰਿਆਂ ਦਾ ਖੰਡਨ ਕਰਦੇ ਸਨ। ਜਦੋਂ ਕਰਤੇ ਨੇ ਇਹ ਸਭ ਦੇਖਿਆ ਤਾਂ ਉਸ ਕਰਤੇ ਨੇ ਗੁਰੂ ਦਾ ਰੂਪ ਧਾਰਨ ਕੀਤਾ।

**੪. ਭਾਰਤ ਦੀ ਪਹਿਲੀ ਦਸ਼ਾ, ਗੁਰੂ ਜੀ ਦਾ ਅਵਤਾਰ (ਪ੍ਰਕਾਸ਼) ਧਾਰਨਾ :** ਕਵੀ ਨੇ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਬੰਦਨਾ ਕਰ ਕੇ ਦੱਸਿਆ ਹੈ ਕਿ ਇਸ

ਦੇਸ਼ ਵਿਚ ਬਿਕ੍ਰਮੀ ਸੰਮਤ ਇਕ ਹਜ਼ਾਰ ਤੋਂ ਬਾਅਦ ਤੁਰਕ ਇੱਥੇ ਆਏ ਤੇ ਉਨ੍ਹਾਂ ਨੇ ਇਸ ਨੂੰ ਲੁੱਟਿਆ, ਫਿਰ ਸੱਯਦ, ਲੋਧੀਆਂ ਨੇ ਰਾਜ ਕੀਤਾ ਤੇ ਉਸ ਸਮੇਂ ਦੀ ਜਨਤਾ ਨੂੰ ਦੁਖੀ ਕੀਤਾ, ਬਹਿਲੋਲ ਲੋਧੀ ਦੇ ਪੁੱਤਰ ਸਿਕੰਦਰ ਲੋਧੀ ਦੇ ਰਾਜ ਸਮੇਂ ਹੀ ਗੁਰੂ ਨਾਨਕ ਦੇਵ ਜੀ ਨੇ ਪ੍ਰਕਾਸ਼ ਧਾਰਨ ਕੀਤਾ। ਫਿਰ ਮੁਗ਼ਲਾਂ ਨੇ ਰਾਜ ਕੀਤਾ, ਉਸ ਸਮੇਂ ਦੀ ਸਥਿਤੀ ਬਹੁਤ ਖਰਾਬ ਹੋ ਗਈ ਸੀ, ਰਾਜੇ ਪਰਜਾ ਨੂੰ ਲੁੱਟ ਰਹੇ ਸਨ, ਕਾਮ, ਕ੍ਰੋਧ, ਲੋਭ ਵਧ ਗਏ ਸਨ। ਇਸ ਸਮੇਂ ਧਰਤੀ ਦੀ ਪੁਕਾਰ ਸੁਣ ਕੇ ਈਸ਼ਵਰ ਨੇ ਆਪ ਸੰਮਤ ੧੫੨੬ ਜ਼ਿਲ੍ਹਾ ਲਾਹੌਰ ਨਗਰ ਤਲਵੰਡੀ ਵਿਚ ਪ੍ਰਕਾਸ਼ ਧਾਰਿਆ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਦਸ ਜਾਮੇ ਧਾਰਨ ਕੀਤੇ ਤੇ ਦਸਵੇਂ ਜਾਮੇ ਸਮੇਂ ਤੁਰਕਾਂ ਦਾ ਨਾਸ਼ ਕੀਤਾ।

**੫. ਸ੍ਰੀ ਗੁਰੂ ਜੀ ਦੀ ਬਾਲ-ਲੀਲ੍ਹਾ, ਸੱਪ ਨੇ ਛਾਂ ਕਰਨੀ, ਖੇਤ ਹਰਾ ਕੀਤਾ, ਪਾਂਧੇ ਨੂੰ ਉਪਦੇਸ਼, ਵੈਦ ਦਾ ਉੱਧਾਰ, ਖਰਾ ਸੌਦਾ, ਮੋਦੀਖਾਨਾ, ਸ਼ਾਦੀ, ਸੱਚਖੰਡ, ਜੰਗਲ 'ਚ ਮੰਗਲ, ਮਸੀਤ 'ਚ ਨਮਾਜ਼ ਪੜ੍ਹਨ ਗਏ :** ਇਸ ਵਿਚ ਆਪ ਜੀ ਨੇ ਗੁਰੂ ਅਮਰਦਾਸ ਜੀ ਨੂੰ ਬੰਦਨਾ ਕਰਕੇ ਇਸ ਬਿਸ੍ਰਾਮ ਦੀ ਸ਼ੁਰੂਆਤ ਕੀਤੀ ਹੈ, ਫਿਰ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਧਾਰਨ ਕਰਨ ਬਾਰੇ ਦੱਸਿਆ ਹੈ ਕਿ ਪਿਤਾ ਕਾਲੂ (ਕਲਿਆਣ ਦਾਸ) ਦੇ ਘਰ ਉਨ੍ਹਾਂ ਦਾ ਜਨਮ ਹੋਇਆ, ਉਨ੍ਹਾਂ ਦੇ ਬਚਪਨ ਦੀਆਂ ਘਟਨਾਵਾਂ ਜਿਵੇਂ-ਮੱਝਾਂ ਚਾਰਨਾ, ਸੱਪ ਦਾ ਛਾਂ ਕਰਨਾ, ਪਾਂਧੇ ਕੋਲ ਪੜ੍ਹਨ ਜਾਣਾ, ਛਾਂ ਦਾ ਨਾ ਫਿਰਨਾ, ਵੈਦ ਬੁਲਾਉਣਾ, ਸੱਚਾ ਸੌਦਾ, ਸੁਲਤਾਨਪੁਰ ਨੌਕਰੀ ਕਰਨਾ, ਗੁਰੂ ਜੀ ਦਾ ਵਿਆਹ, ਪੁੱਤਰਾਂ ਦਾ ਜਨਮ, ਵੇਈਂ ਨਦੀ ਪ੍ਰਵੇਸ਼, ਮੂਲ ਮੰਤ੍ਰ ਉਚਾਰਨਾ, ਵਾਹਿਗੁਰੂ ਮੰਤ੍ਰ ਉਚਾਰਿਆ, ਕਾਜੀ ਨਾਲ ਨਿਮਾਜ ਪੜ੍ਹਨਾ ਆਦਿ ਘਟਨਾਵਾਂ ਦਾ ਵਰਣਨ ਕੀਤਾ ਹੈ।

**੬. ਪਹਿਲੀ ਉਦਾਸੀ (ਪੂਰਬ ਦੀ), ਏਮਨਾਬਾਦ ਮਲਕ ਭਾਗੋ, ਕੁਰੁਖੇਤ੍ਰ ਸੂਰਜ ਗ੍ਰਹਣ, ਨਾਨੂ ਪੰਡਿਤ ਨਾਲ ਚਰਚਾ, ਪਾਨੀਪਤ ਸ਼ੇਖ਼ ਸ਼ਰਫ਼ ਮਿਲਿਆ, ਦਿੱਲੀ ਮਜਨੂੰ ਦੇ ਟਿੱਲੇ, ਇਬਰਾਹੀਮ ਬਾਦਸ਼ਾਹ ਦੀ ਕੈਦ 'ਚੋਂ ਸਾਧੂ ਛੁਡਾਏ, ਕਾਂਸ਼ੀ 'ਚੋਂ ਪੰਡਿਤਾਂ ਨਾਲ ਚਰਚਾ :** ਇਸ ਵਿਚ ਕਵੀ ਜੀ ਨੇ ਸ੍ਰੀ ਗੁਰੂ ਰਾਮਦਾਸ ਜੀ ਨੂੰ ਬੰਦਨਾ ਕੀਤੀ ਹੈ, ਦੱਸਿਆ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਸੁਲਤਾਨਪੁਰ ਤੋਂ ਚੱਲ ਕੇ ਲਾਹੌਰ ਗਏ ਉੱਥੋਂ ਹੀ ਏਮਨਾਬਾਦ ਗਏ। ਜਿੱਥੇ ਭਾਈ ਲਾਲੋ ਜੀ ਨੇ ਸੇਵਾ ਕੀਤੀ। ਬਾਬਰ ਦੇ ਹਮਲੇ ਦੀ ਨਿੰਦਾ ਕੀਤੀ। ਫਿਰ ਤਲਵੰਡੀ ਆ ਗਏ। ਫਿਰ ਕੁਰਕਸ਼ੇਤਰ ਸੂਰਜ ਗ੍ਰਹਿਣ ਮੌਕੇ 'ਤੇ ਗਏ, ਪੰਡਤ ਨਾਨੂ ਨਾਲ ਚਰਚਾ ਹੋਈ। ਅੱਗੇ ਪਾਨੀਪਤ ਵਿਚ ਸ਼ੇਖ ਸ਼ਰਫ਼ ਨੂੰ ਮਿਲੇ। ਦਿੱਲੀ ਮਜਨੂੰ ਦੇ ਟਿੱਲੇ, ਇਬਰਾਹੀਮ ਬਾਦਸ਼ਾਹ ਦੀ ਕੈਦ 'ਚੋਂ ਸਾਧੂ ਛੁਡਾਏ। ਫਿਰ ਆਪ ਜੀ ਆਗਰੇ, ਕਾਂਸ਼ੀ ਗਏ ਜਿੱਥੇ ਪੰਡਿਤ ਨਾਲ ਚਰਚਾ ਕੀਤੀ, ਭਗਤ ਨੂੰ ਮਿਲੇ।

**੭. ਪਹਿਲੀ ਉਦਾਸੀ ਬਿਹਾਰ, ਬੰਗਾਲ, ਕਾਮਰੂਪ, ਉੜੀਸਾ ਤੇ ਬੰਧਯਾਚਲ ਦੀ, ਪਖੰਡੀ ਮੱਤਾਂ ਦਾ ਖੰਡਨ, ਸਾਲਸ ਰਾਇ ਜੌਹਰੀ, ਨੂਰ ਸ਼ਾਹ, ਦੇਵ ਲੂਤ ਤੇ ਕੌਡੇ ਆਦਿਕਾਂ ਦਾ ਉੱਧਾਰ :** ਕਵੀ ਜੀ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਬੰਦਨਾ ਕਰਕੇ ਦੱਸਿਆ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਵੱਖ-ਵੱਖ ਥਾਵਾਂ 'ਤੇ ਗਏ, ਕਈ ਲੋਕਾਂ ਦਾ ਉੱਧਾਰ ਕੀਤਾ।

**੮. ਦੂਜੀ ਉਦਾਸੀ ਸ਼ੁਰੂ, ਦੱਖਣ ਦੇਸ਼ ਦੀ, ਪਖੰਡੀ ਮਤਾਂ ਦਾ ਖੰਡਨ :** ਇਸ ਵਿਚ ਕਵੀ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਨਮਸਕਾਰ ਕਰ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਦੂਜੀ ਉਦਾਸੀ ਜੋ ਪੰਦ੍ਰਾਂ ਸੈ ਉਨਸਠ ਨੂੰ ਸ਼ੁਰੂ ਕੀਤੀ ਉਸ ਬਾਰੇ ਦੱਸਿਆ ਹੈ। ਗੁਰੂ ਜੀ ਇਸ ਸਮੇਂ ਬੀਕਾਨੇਰ, ਹਿਸਾਰ ਆਦਿ ਸਥਾਨਾਂ 'ਤੇ ਗਏ।

**੯. ਦੱਖਣੀ ਭਾਰਤ ਤੇ ਲੰਕਾ ਦੀ, ਪਖੰਡੀ ਮਤਾਂ ਦਾ ਖੰਡਨ, ਦੂਜੀ ਉਦਾਸੀ ਸਮਾਪਤਿ :** ਕਵੀ ਜੀ ਨੇ ਦੱਸਿਆ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਕੁੰਭ ਦੇ ਮੇਲੇ 'ਤੇ ਗਏ, ਫਿਰ ਸੰਗਲਾਦੀਪ ਰਾਜਾ ਸ਼ਿਵਨਾਭ ਪਾਸ ਗਏ। ਲੰਕਾ ਦੀ ਫੇਰੀ ਕੀਤੀ।

**੧੦. ਤੀਜੀ ਉਦਾਸੀ-ਉੱਤ੍ਰ ਦਿਸ਼ਾ ਦਾ ਪ੍ਰਸੰਗ :** ਕਵੀ ਜੀ ਨੇ ਸ੍ਰੀ ਗੁਰੂ ਹਰਿਗੋਬਿੰਦ ਜੀ ਨੂੰ ਨਮਸਕਾਰ ਕੀਤੀ ਹੈ। ਗੁਰੂ ਜੀ ਕੀਰਤਪੁਰ ਆਏ ਪੀਰ ਬੁੱਢਣ ਸ਼ਾਹ ਨੂੰ ਮਿਲੇ। ਫਿਰ ਹਰਿਦੁਆਰ, ਨੈਨੀਤਾਲ, ਗੋਰਖਮੱਤੇ, ਲਖਨਊ, ਤਾਮਲੁੰਗ, ਖਟਮੰਡੂ (ਕਾਠਮੰਡੂ), ਬੱਦਰੀਨਾਥ, ਕੈਲਾਸ, ਸੁਮੇਰ ਪਰਬਤ ਆਦਿ ਸਥਾਨਾਂ 'ਤੇ ਗਏ।

**੧੧. ਤੀਜੀ ਉਦਾਸੀ-ਸੁਮੇਰ ਪਰਬਤ :** ਕਵੀ ਜੀ ਗੁਰੂ ਹਰਿਰਾਇ ਜੀ ਦੇ ਚਰਨਾਂ ਦਾ ਧਿਆਨ ਧਰਦੇ ਹਨ, ਗੁਰੂ ਜੀ ਸੁਮੇਰ ਪਰਬਤ ਆਦਿ ਸਥਾਨਾਂ 'ਤੇ ਗਏ।

**੧੨. ਚੌਥੀ ਉਦਾਸੀ-ਤੁਰਕ ਦੇਸਾਂ ਦੀ ਫੇਰੀ, ਜੋਤੀ ਜੋਤਿ ਸਮਾਉਣਾ :** ਕਵੀ ਜੀ ਇਸ ਬਿਸ੍ਰਾਮ ਵਿਚ ਵਾਹਿਗੁਰੂ ਜੀ ਨੂੰ ਨਮਸਕਾਰ ਕਰਦੇ ਹਨ। ਇਸ ਉਦਾਸੀ ਸਮੇਂ ਗੁਰੂ ਨਾਨਕ ਦੇਵ ਜੀ ਪੱਛਮ ਵੱਲ ਗਏ। ਕਰਤਾਰਪੁਰ ਸਾਹਿਬ ਦੀ ਸਥਾਪਨਾ ਕੀਤੀ। ਆਪ ਜੀ ਏਮਨਾਬਾਦ, ਮੱਕਾ, ਵਜੀਰਾਬਾਦ, ਕਰਾਚੀ, ਕੰਧਾਰ, ਗਜ਼ਨੀ, ਅਫਗਾਨਿਸਤਾਨ, ਪਿਸ਼ਾਵਰ, ਹਸਨ ਅਬਦਾਲ, ਰੁਹਤਾਸ ਆਦਿ ਥਾਵਾਂ 'ਤੇ ਗਏ। ਫਿਰ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਗੁਰੂ ਥਾਪਿਆ 'ਤੇ ਜੋਤੀ-ਜੋਤ ਸਮਾ ਗਏ।

***ਚਲਦਾ. . .***

***ਸਤਿਗੁਰੁ ਨਾਨਕੁ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣੁ ਹੋਆ।***
***ਜਿਉ ਕਰਿ ਸੂਰਜੁ ਨਿਕਲਿਆ ਤਾਰੇ ਛਪਿ ਅੰਧੇਰੁ ਪਲੋਆ।***

*(ਵਾਰ ੧:੨੭)*

# ਨਵੰਬਰ ੧੯੮੪ ਦੇ ਸਿੱਖ ਕਤਲ-ਏ-ਆਮ ਦਾ ਦਰਦਨਾਕ ਦ੍ਰਿਸ਼

*-ਡਾ. ਤੇਜਿੰਦਰ ਪਾਲ ਸਿੰਘ**

ਸਿੱਖ ਧਰਮ, ਦਸ ਗੁਰੂ ਸਾਹਿਬਾਨ ਦੇ ਅਧਿਆਤਮਕ ਅਨੁਭਵ ਦੁਆਰਾ ਸਥਾਪਿਤ ਹੋਇਆ ਧਰਮ ਹੈ। ਅਕਾਲ ਪੁਰਖ ਵਾਹਿਗੁਰੂ ਦੀ ਗੁਰੂ-ਸਰੂਪ ਜੋਤਿ ਹੀ ਮੂਰਤੀਮਾਨ ਹੋ ਕੇ 'ਨਾਨਕ' ਨਾਮ ਧਾਰ, ਮਾਤ ਲੋਕ ਵਿਚ ਪ੍ਰਗਟ ਹੋਈ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਉਦੇਸ਼ ਮੂਲ ਰੂਪ ਵਿਚ 'ਜਗਤ ਉਧਾਰਨ' ਦਾ ਸੀ। ਗੁਰੂ ਸਾਹਿਬਾਨ ਨੇ ਜਿਹੜੇ ਵੀ ਕੰਮ ਕੀਤੇ, ਲੋਕ-ਭਲਾਈ ਲਈ ਕੀਤੇ। ਇਸ ਉਦੇਸ਼ ਦੀ ਪੂਰਤੀ ਹਿੱਤ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਭ ਤੋਂ ਪਹਿਲਾਂ ਹਿੰਦੂ ਧਰਮ ਵਿਚ ਪ੍ਰਚਲਿਤ ਜਾਤ-ਪਾਤੀ ਵਿਚਾਰਧਾਰਾ ਨੂੰ ਮੂਲੋਂ ਨਕਾਰਿਆ, ਜਿਸ ਕਾਰਨ ਸਿੱਖ ਧਰਮ ਉੱਤੇ ਹਮਲਿਆਂ ਦਾ ਮੁਢ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਹੀ ਬੰਨ੍ਹਿਆ ਗਿਆ।

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਉਤਰਾਧਿਕਾਰੀਆਂ ਨੇ ਵੀ ਉਕਤ ਸਿਧਾਂਤ ਉੱਤੇ ਪਹਿਰਾ ਦਿੰਦੇ ਹੋਏ ਆਪੋ-ਆਪਣੇ ਸਮੇਂ ਕਾਰਗਰ ਜਤਨ ਕੀਤੇ। ਫਲਸਰੂਪ ਸਿੱਖ ਧਰਮ ਆਪਣੇ ਉਦੇਸ਼ ਦੀ ਪ੍ਰਾਪਤੀ ਹਿੱਤ ਨਿਰੰਤਰ ਅੱਗੇ ਵਧਦਾ ਗਿਆ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ਼ਖ਼ਸੀ ਗੁਰੂ ਪਰੰਪਰਾ ਖਤਮ ਕਰਦੇ ਹੋਏ ਖਾਲਸਾ ਪੰਥ ਨੂੰ ਆਪਣੀ ਅਗਵਾਈ ਆਪ ਕਰਨ ਦੇ ਸਮਰਥ ਬਣਾਇਆ। ਖਾਲਸਾ ਪੰਥ ਦੀ ਸਾਜਣਾ ਤੋਂ ਥੋੜੀ ਦੇਰ ਬਾਅਦ ਹੀ ਸਿੱਖ ਧਰਮ ਨੂੰ ਮੁਗ਼ਲ ਹਕੂਮਤ ਦੇ ਜ਼ੁਲਮ ਦਾ ਸ਼ਿਕਾਰ ਹੋਣਾ ਪਿਆ। ਗਹੁ ਨਾਲ ਵਿਚਾਰੀਏ ਤਾਂ ਸਿੱਖ ਧਰਮ ਦੇ ਅਰੰਭ ਤੋਂ ਹੀ ਲਗਾਤਾਰ ਵਿਰੋਧੀ ਤਾਕਤਾਂ ਇਸ ਨੂੰ ਹਜ਼ਮ ਨਾ ਕਰਦੇ ਹੋਏ ਹਮਲਾਵਰ ਰੁਖ਼ ਰੱਖਦੀਆਂ ਆਈਆਂ ਹਨ। ੧੭ਵੀਂ ਸਦੀ ਵਿਚ ਮੁਗ਼ਲਾਂ ਨੇ ਧਾਰਮਿਕ ਅਤੇ ਰਾਜਨੀਤਕ ਕਾਰਨਾਂ ਕਰਕੇ ਸਿੱਖ ਧਰਮ ਪ੍ਰਤੀ ਹਮਲਾਵਰ ਰੁਖ਼ ਅਖਤਿਆਰ ਕਰ ਲਿਆ। ਮੁਗ਼ਲਾਂ ਨੇ ੧੮ਵੀਂ ਸਦੀ ਤਕ ਸਿੱਖਾਂ ਦਾ ਖੁਰਾ-ਖੋਜ ਮਿਟਾਉਣ ਦੀ ਹਰ ਸੰਭਵ ਕੋਸ਼ਿਸ਼ ਕਰਦੇ ਹੋਏ ਵਹਿਸ਼ੀ ਜਬਰ ਦਾ ਨਮੂਨਾ ਪੇਸ਼ ਕੀਤਾ। ਅਬਦ-ਅਲ-ਸਮਦ ਖਾਂ (੧੭੧੩-੨੬ ਈ.) ਤੋਂ ਲੈ ਕੇ ਮੀਰ ਮੰਨੂੰ (੧੭੪੮-੫੩ ਈ.) ਤਕ ਹਰ ਸੂਬੇਦਾਰ ਨੇ ਸਿੱਖਾਂ ਉਤੇ ਬਹੁਤ ਜ਼ੁਲਮ ਕੀਤੇ। ਇੱਥੋਂ ਤਕ ਕਿ ਸਿੱਖਾਂ ਦੇ ਬੰਦ-ਬੰਦ ਕੱਟੇ ਗਏ, ਆਰਿਆਂ ਨਾਲ ਚੀਰੇ ਗਏ, ਸਿਰਾਂ ਦੀਆਂ ਖੋਪਰੀਆਂ ਲਾਹੀਆਂ ਗਈਆਂ, ਸਿੰਘਾਂ ਦੇ ਸਿਰਾਂ ਦੇ ਮੁੱਲ ਰੱਖੇ ਗਏ। ਬੇਅੰਤ ਸਿੰਘਾਂ, ਸਿੰਘਣੀਆਂ ਅਤੇ ਭੁਝੰਗੀਆਂ ਨੂੰ ਸ਼ਹੀਦ ਕੀਤਾ ਗਿਆ। ਇੱਥੋਂ ਤਕ ਕਿ ਦੋ ਘੱਲੂਘਾਰੇ ਵੀ ਕੀਤੇ ਗਏ, ਜਿਨ੍ਹਾਂ ਦੌਰਾਨ ਵੱਡੀ ਗਿਣਤੀ ਵਿਚ ਸ਼ਹੀਦੀਆਂ ਹੋਈਆਂ।

**ਅਸਿਸਟੈਂਟ ਪ੍ਰੋਫ਼ੈਸਰ (ਧਰਮ ਅਧਿਐਨ), ਯੂਨੀਵਰਸਿਟੀ ਕਾਲਜ ਮੀਰਾਂਪੁਰ, ਪਟਿਆਲਾ- ੧੪੭੧੧੧; ਮੋ: ੯੯੯੮੦੦੪੭੩੩*

ਇਸ ਦੌਰਾਨ ਇਕ ਸਮਾਂ ਅਜਿਹਾ ਵੀ ਆਇਆ ਜਦੋਂ ਖਾਲਸੇ ਨੇ ਆਪਣਾ ਰਾਜ ਸਥਾਪਿਤ ਕੀਤਾ। ਬੇਸ਼ਕ ਇਤਿਹਾਸਿਕ ਦ੍ਰਿਸ਼ਟੀ ਤੋਂ ਇਹ ਸਮਾਂ ਬਹੁਤ ਘੱਟ ਸੀ, ਪਰੰਤੂ ਫਿਰ ਵੀ ਖਾਲਸਾ ਰਾਜ ਨੇ ਇਤਿਹਾਸ ਦੇ ਵਰਕਿਆਂ ਉੱਤੇ ਅਮਿੱਟ ਪੈੜਾਂ ਛੱਡੀਆਂ। ੧੮੪੯ ਈ. ਦੀ ਜੰਗ ਪਿੱਛੋਂ ਸਿੱਖ ਰਾਜ ਦਾ ਖਾਤਮਾ ਹੋ ਗਿਆ ਅਤੇ ਅੰਗਰੇਜ਼ ਹਕੂਮਤ ਨੇ ਪੰਜਾਬ ਦੀ ਧਰਤੀ ਉੱਤੇ ਆਪਣੇ ਪੈਰ ਰੱਖੇ। ਇੱਥੇ ਇਹ ਲਿਖਣਾ ਸਾਰਥਿਕ ਹੋਵੇਗਾ ਕਿ ੧੮ਵੀਂ ਸਦੀ ਦੌਰਾਨ ਖਾਲਸਾ ਪੰਥ ਅੰਦਰ 'ਪਾਤਸ਼ਾਹੀ' ਦਾ ਜਜ਼ਬਾ ਐਨਾ ਪ੍ਰਬਲ ਸੀ ਕਿ ਉਹ ਸਤਿਗੁਰੂ ਤੋਂ ਬਿਨਾਂ ਕਿਸੇ ਹੋਰ ਦੁਨਿਆਵੀ ਤਾਕਤ ਦੀ ਅਧੀਨਗੀ ਪ੍ਰਵਾਨ ਨਹੀਂ ਕਰਦੇ ਸਨ। ਖਾਲਸੇ ਦੇ ਇਸ ਵਿਸ਼ਵਾਸ ਨੂੰ ਭਾਈ ਰਤਨ ਸਿੰਘ (ਭੰਗੂ) ਨੇ ਇਉਂ ਕਲਮਬੰਦ ਕੀਤਾ ਹੈ :

*ਖਾਲਸੋ ਹੋਵੈ ਖੁਦ ਖੁਦਾ ਜਿਮ ਖੂਬੀ ਖੂਬ ਖੁਦਾਇ।*
*ਆਨ ਨਾ ਮਾਨੈ ਆਨ ਕੀ ਇਕ ਸਚੈ ਬਿਨ ਪਤਿਸ਼ਾਹ॥*[੧]

੧੯ਵੀਂ ਸਦੀ ਦੇ ਅੰਤ ਤਕ ਭਾਰਤ ਦੇ ਰਾਜਨੀਤਕ ਮਹੌਲ ਵਿਚ ਬਹੁਤ ਬਦਲਾਅ ਆਇਆ। ਸਮੇਂ ਦੇ ਬਦਲਣ ਨਾਲ ਭਾਰਤ ਅੰਦਰ ਦੇਸ਼-ਭਗਤੀ (ਰਾਸ਼ਟਰਵਾਦ) ਦੇ ਜਜ਼ਬੇ ਨੇ ਬੜੀ ਰਫਤਾਰ ਫੜੀ। ਹਿੰਦੂ ਵਰਗ ਅੰਦਰ ਦੇਸ਼-ਭਗਤੀ ਦੀ ਭਾਵਨਾ ਜਿਉਂ-ਜਿਉਂ ਪ੍ਰਫੁਲਿਤ ਹੋਣ ਲਗੀ, ਤਿਉਂ-ਤਿਉ ਸਿੱਖਾਂ ਦੀਆਂ ਮੁਸੀਬਤਾਂ ਵਿਚ ਵਾਧਾ ਹੁੰਦਾ ਗਿਆ। ਹਿੰਦੂ ਕੂਟਨੀਤੀ ਕਾਰਨ ਸਿੱਖਾਂ ਨੂੰ ਹਿੰਦੂਆਂ ਦਾ ਅੰਗ ਦਰਸਾਇਆ ਜਾਣ ਲੱਗਾ ਤਾਂ ਜੋ ਸਿੱਖਾਂ ਦੀ ਲੜਨ-ਮਰਨ ਵਾਲੀ ਪ੍ਰਵਿਰਤੀ ਅਧੀਨ ਮੁਸਲਮਾਨਾਂ ਨਾਲ ਟੱਕਰ ਲਈ ਜਾ ਸਕੇ। ਇਸ ਕਰਕੇ ਹਿੰਦੂ ਰਾਸ਼ਟਰਵਾਦੀਆਂ ਦੁਆਰਾ ਸਿੱਖ ਜੁਝਾਰੂ ਪਰੰਪਰਾ ਨੂੰ ਹਥਿਆਉਣ ਦੀਆਂ ਸਾਜ਼ਿਸ਼ਾਂ ਅਰੰਭ ਹੋਈਆਂ। ਸਿੱਟੇ ਵਜੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ 'ਹਿੰਦੂ ਕੌਮ ਦੇ ਨਾਇਕ' ਵਜੋਂ ਉਭਾਰਨਾ ਸ਼ੁਰੂ ਕੀਤਾ ਗਿਆ।[੨]

੨੦ਵੀਂ ਸਦੀ ਦੇ ਸ਼ੁਰੂਆਤੀ ਦੌਰ ਵਿਚ ਗਾਂਧੀ ਨੇ 'ਸੱਭਿਆਚਾਰ' ਨੂੰ ਮਹੱਤਵ ਦਿੱਤਾ। ਉਸ ਅਨੁਸਾਰ ਹਿੰਦੂ ਰਾਸ਼ਟਰਵਾਦ ਬਣਾਉਣ ਲਈ ਘੱਟ ਗਿਣਤੀਆਂ ਨੂੰ 'ਸੱਭਿਆਚਾਰ' ਦੇ ਬੈਨਰ ਹੇਠ ਹਿੰਦੂ ਮੁੱਖ ਧਾਰਾ ਵਿਚ ਸ਼ਾਮਿਲ ਕੀਤਾ ਜਾ ਸਕਦਾ ਸੀ, ਕਿਉਂਕਿ ਧਾਰਮਿਕ ਵਖਰੇਵਿਆਂ ਦੇ ਬਾਵਜੂਦ ਸਾਰੇ ਧਰਮਾਂ ਦਾ 'ਸੱਭਿਆਚਾਰ' ਸਾਂਝਾ ਸੀ। ਗਾਂਧੀ ਦੀ ਧਾਰਨਾ ਸੀ ਕਿ ਭਾਰਤ ਦੇ ਸਾਰੇ ਧਰਮਾਂ ਦੇ ਲੋਕ ਪਹਿਲੋਂ-ਪਹਿਲ ਹਿੰਦੂ ਹੀ ਸਨ, ਬਾਅਦ ਵਿਚ ਜੇਕਰ ਕਿਸੇ ਨੇ ਆਪਣਾ ਧਰਮ ਤਬਦੀਲ ਕਰ ਵੀ ਲਿਆ ਤਾਂ ਉਸ ਦਾ ਮੂਲ 'ਸੱਭਿਆਚਾਰ' ਤਬਦੀਲ ਨਹੀਂ ਹੋਇਆ।[੩]

ਅਸਲ ਵਿਚ ਗਾਂਧੀ ਦੇ 'ਸੱਭਿਆਚਾਰ' ਵਾਲੇ ਪੈਂਤੜੇ ਪਿੱਛੇ ਉਸ ਦੀ ਕੂਟਨੀਤੀ ਅਤੇ ਸਿੱਖਾਂ ਪ੍ਰਤੀ ਉਸ ਦੀ ਨਫਰਤ ਕੰਮ ਕਰ ਰਹੀ ਸੀ। ਸਿੱਖਾਂ ਨੂੰ ਉਹ ਹਿੰਦੂ ਧਰਮ ਦਾ ਹੀ ਇਕ ਅੰਗ ਸਮਝਦਾ ਸੀ। ਉਸ ਦਾ ਕਹਿਣਾ ਸੀ ਕਿ— "ਸਿੱਖ ਗੁਰੂ

ਸਾਹਿਬਾਨ ਬਾਰੇ ਮੇਰਾ ਇਹ ਵਿਸ਼ਵਾਸ ਹੈ ਕਿ ਉਹ ਸਾਰੇ ਹਿੰਦੂ ਸਨ। ਮੈਂ ਸਿੱਖ ਧਰਮ ਨੂੰ ਹਿੰਦੂ ਧਰਮ ਨਾਲੋਂ ਅਲਗ ਨਹੀਂ ਸਮਝਦਾ। ਮੈਂ ਇਸ ਨੂੰ ਹਿੰਦੂਵਾਦ ਦਾ ਹੀ ਅੰਗ ਸਮਝਦਾ ਹਾਂ।"[੪] ਦੂਜੇ ਪਾਸੇ, ਸਿੱਖਾਂ ਦਾ ਮੁਢ ਤੋਂ ਹੀ ਵਿਸ਼ਵਾਸ ਹੈ ਕਿ ਉਹ ਆਪਣੇ ਜਨਮ ਤੋਂ ਲੈ ਕੇ ਖੁਦਮੁਖਤਿਆਰ ਹਨ। ਕੈਪਟਨ ਮੱਰੇ ਦੁਆਰਾ ਪੁੱਛੇ ਗਏ ਇਕ ਸਵਾਲ ਦੇ ਜਵਾਬ ਵਿਚ ਭਾਈ ਰਤਨ ਸਿੰਘ ਭੰਗੂ ਦੱਸਦਾ ਹੈ ਕਿ ਸਿੱਖਾਂ ਨੂੰ ਰਾਜ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਦਿੱਤਾ ਸੀ।[੫]

੨੦ਵੀਂ ਸਦੀ ਦੌਰਾਨ ਇਕ ਸਮਾਂ ਐਸਾ ਵੀ ਆਇਆ ਜਦੋਂ ਸਮੇਂ ਦੀ ਸਰਕਾਰ ਨੇ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲੇ, ਮੁਖੀ ਦਮਦਮੀ ਟਕਸਾਲ ਨੂੰ ਨਿਸ਼ਾਨਾ ਬਣਾਉਂਦੇ ਹੋਏ ਕਥਿਤ ਅਤਿਵਾਦੀਆਂ ਦਾ ਮੁਖੀ ਗਰਦਾਨਿਆ। ਇਸੇ ਸਾਜ਼ਿਸ਼ ਅਧੀਨ ਇੰਦਰਾ ਗਾਂਧੀ ਨੇ ੩ ਜੂਨ, ੧੯੮੪ ਈ. ਨੂੰ ਹਿੰਦੁਸਤਾਨੀ ਫੌਜ ਰਾਹੀਂ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਉੱਤੇ ਇਹ ਕਹਿ ਕੇ ਹਮਲਾ ਕਰਵਾ ਦਿੱਤਾ ਕਿ ਸ੍ਰੀ ਦਰਬਾਰ ਸਾਹਿਬ ਅੰਦਰ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਸਮੇਤ ਕਈ ਅੱਤਵਾਦੀ ਲੁਕੇ ਹੋਏ ਹਨ। ਇਸੇ ਦਿਨ ੩ ਜੂਨ ਨੂੰ ਹੀ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਗੁਰਪੁਰਬ ਸੀ। ਗੁਰਪੁਰਬ ਮਨਾਉਣ ਲਈ ਸਿੱਖ ਸੰਗਤ ਦੂਰੋਂ-ਨੇੜਿਉਂ ਹੁੰਮ-ਹੁੰਮਾ ਕੇ ਪਹੁੰਚੀ ਹੋਈ ਸੀ। ੩ ਜੂਨ, ੧੯੮੪ ਨੂੰ ਸਾਰੇ ਪੰਜਾਬ ਅੰਦਰ ਕਰਫਿਊ ਲਗਾ ਦਿੱਤਾ ਗਿਆ। ਪੰਜਾਬ ਨੂੰ ਪੂਰੀ ਤਰ੍ਹਾਂ ਰਹਿੰਦੇ ਸੰਸਾਰ ਨਾਲੋਂ ਤੋੜ ਦਿੱਤਾ ਗਿਆ। ਹਿੰਦੁਸਤਾਨ ਦੇ ਇਤਿਹਾਸ ਵਿਚ ਤਾਂ ਕੀ, ਇਹ ਸ਼ਾਇਦ ਸਾਰੇ ਏਸ਼ੀਆ ਦੇ ਇਤਿਹਾਸ ਵਿਚ ਪਹਿਲੀ ਮਿਸਾਲ ਸੀ ਕਿ ੫੦,੦੦੦ ਵਰਗ ਕਿਲੋਮੀਟਰ ਤੋਂ ਵੱਧ ਖੇਤਰ ਵਿਚ ਕਰਫਿਊ ਲਗਾਇਆ ਗਿਆ ਹੋਵੇ। ਇਸ ਕਰਫਿਊ ਦੌਰਾਨ ਸਾਰੇ ਪੰਜਾਬ ਵਿਚ ਸੜਕਾਂ ਉੱਤੇ ਹਰ ਤਰ੍ਹਾਂ ਦੀ ਆਵਾਜਾਈ ਉੱਤੇ ਪਾਬੰਦੀ ਲਗਾ ਦਿੱਤੀ ਗਈ। ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਇੰਨੇ ਵੱਡੇ ਇਲਾਕੇ ਵਿਚ ਅਜਿਹਾ ਕਰਫਿਊ ਭਾਰਤ-ਪਾਕਿ ਅਤੇ ਭਾਰਤ-ਚੀਨ ਜੰਗਾਂ ਵੇਲੇ ਵੀ ਨਹੀਂ ਸੀ ਲਗਾਇਆ ਗਿਆ। ਇੰਨੇ ਵੱਡੇ ਖੇਤਰ ਵਿਚ ਕਰਫਿਊ ਲਗਾਉਣਾ ਕਿਸੇ ਪਹਿਲਾਂ ਮਿੱਥੀ ਸਾਜ਼ਿਸ਼ ਅਧੀਨ ਹੀ ਸੀ।

ਸ੍ਰੀ ਦਰਬਾਰ ਸਾਹਿਬ ਅੰਦਰ ਮੌਜੂਦ ਸੰਗਤ ਨੂੰ ਫੌਜ ਨੇ ਕਿਸੇ ਵੀ ਤਰ੍ਹਾਂ ਦੀ ਕੋਈ ਚੇਤਾਵਨੀ ਦਿੱਤੇ ਬਿਨਾਂ ਗੋਲਾਬਾਰੀ ਸ਼ੁਰੂ ਕਰ ਦਿੱਤੀ। ਸਿੱਟੇ ਵਜੋਂ ਸੈਂਕੜੇ ਬੇਕਸੂਰ ਸ਼ਰਧਾਲੂ ਸਿੱਖ ਸ਼ਹੀਦ ਕਰ ਦਿੱਤੇ ਗਏ। ਲਗਾਤਾਰ ਤਿੰਨ ਦਿਨ ਇਹ ਗੋਲਾਬਾਰੀ ਜਾਰੀ ਰਹੀ, ਜਿਸ ਦੇ ਸਿੱਟੇ ਵਜੋਂ ਜੋ ਜਾਨੀ, ਮਾਲੀ, ਧਾਰਮਿਕ, ਸੱਭਿਆਚਾਰਕ ਤੇ ਇਤਿਹਾਸਿਕ ਨੁਕਸਾਨ ਹੋਇਆ ਅਤੇ ਜੋ ਬੇਅਦਬੀ ਸਿੱਖਾਂ ਦੇ ਮਹਾਨ ਕੇਂਦਰ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਅਤੇ ਸ੍ਰੀ ਅਕਾਲ ਤਖਤ ਸਾਹਿਬ ਦੀ ਹੋਈ, ਕਹਿਣ ਕਥਨੀ ਤੋਂ ਬਾਹਰ ਹੈ।

ਜੂਨ ੧੯੮੪ ਦੌਰਾਨ ਭਾਰਤੀ ਹਕੂਮਤ ਦੁਆਰਾ ਸ੍ਰੀ ਦਰਬਾਰ ਸਾਹਿਬ ਦੀ ਕੀਤੀ ਬੇਅਦਬੀ ਦਾ ਬਦਲਾ ਲੈਣ ਲਈ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਅੰਗ ਰੱਖਿਅਕਾਂ (ਭਾਈ ਸਤਵੰਤ ਸਿੰਘ ਤੇ ਭਾਈ ਬੇਅੰਤ ਸਿੰਘ) ਨੇ ਉਸ ਨੂੰ ੩੧ ਅਕਤੂਬਰ, ੧੯੮੪ ਡਿਊਟੀ ਦੌਰਾਨ ਗੋਲੀਆਂ ਨਾਲ ਭੁੰਨ ਦਿੱਤਾ। ਦੇਸ਼ ਦੇ ਪ੍ਰਧਾਨ ਮੰਤਰੀ ਦਾ ਕਤਲ ਹੋਣਾ ਕੋਈ ਛੋਟੀ ਗੱਲ ਨਹੀਂ ਸੀ, ਜਿਸ ਦਾ ਮਾਰੂ ਅਸਰ ਹੋਣਾ ਸੁਭਾਵਿਕ ਸੀ। ਇੰਦਰਾ ਦੇ ਕਤਲ ਪਿੱਛੋਂ ਖਾਸਕਰ ਰਾਜਧਾਨੀ ਦਿੱਲੀ ਅਤੇ ਹੋਰ ਸਿੱਖ ਵੱਸੋਂ ਵਾਲੇ ਸੂਬਿਆਂ ਵਿਚ ਸਿੱਖਾਂ ਦੀ ਸਾੜ-ਫੂਕ ਅਰੰਭ ਹੋਈ। ਕਾਂਗਰਸ ਦੇ ਕਾਰਕੁੰਨਾਂ ਨੇ ਸ਼ਹਿਰ ਦੀਆਂ ਗਲੀਆਂ-ਬਾਜ਼ਾਰਾਂ ਵਿਚ ਘੁੰਮਦੇ ਲੋਕਾਂ ਨੂੰ ਸਿੱਖਾਂ ਖਿਲਾਫ ਭੜਕਾਇਆ। ਸਿੱਖਾਂ ਦੀਆਂ ਦੁਕਾਨਾਂ ਲੱਭ-ਲੱਭ ਕੇ ਲੁੱਟੀਆਂ ਗਈਆਂ, ਫਿਰ ਸਾੜੀਆਂ ਗਈਆਂ, ਸਿੱਖਾਂ ਦੀਆਂ ਟੈਕਸੀਆਂ ਨੂੰ ਅੱਗ ਲਗਾਈ ਗਈ। ਸਿੱਖਾਂ ਨੂੰ ਘਰਾਂ ਵਿੱਚੋਂ ਕੱਢ-ਕੱਢ ਕੇ ਮਾਰਿਆ ਗਿਆ, ਉਨ੍ਹਾਂ ਦੇ ਗਲ਼ਾਂ ਵਿਚ ਟਾਇਰ ਪਾ ਕੇ ਜਿਉਂਦੇ ਸਾੜਿਆ ਗਿਆ, ਧੀਆਂ-ਭੈਣਾਂ ਦੀ ਬੇ-ਪਤੀ ਕੀਤੀ ਗਈ। ਸਿੱਖ ਕਤਲ-ਏ-ਆਮ ਦੇ ਮੁੱਖ ਦੋਸ਼ੀ ਸਨ, ਜਗਦੀਸ਼ ਟਾਈਟਲਰ, ਸੱਜਣ ਕੁਮਾਰ, ਐਚ. ਕੇ. ਐਲ. ਭਗਤ, ਕਮਲ ਨਾਥ, ਕੈਪਟਨ ਭਾਗਮੱਲ, ਗਿਰਧਾਰੀ ਲਾਲ, ਬਲਵਨ ਖੋਖਰ, ਕਿਸ਼ਨ ਖੋਖਰ, ਮਹੇਂਦਰ ਯਾਦਵ ਆਦਿ। ਇਸ ਬਿਖਮ ਘੜੀ ਵਿਚ ਨਾਨਕਸਰ ਸੰਪ੍ਰਦਾਇ ਨੇ ਨਵੰਬਰ, ੧੯੮੪ ਈ. ਵਿਚ ਦਿੱਲੀ ਵਿਖੇ ਹੋਏ ਸਿੱਖ ਕਤਲ-ਏ-ਆਮ ਦੌਰਾਨ ਸ਼ਰਧਾਲੂਆਂ ਨੂੰ ਆਸ਼ਰਮ ਵਿਚ ਪਨਾਹ ਦੇਣ ਦੇ ਨਾਲ-ਨਾਲ ਵੱਡੀ ਗਿਣਤੀ ਵਿਚ ਲੰਗਰ ਆਦਿ ਦਾ ਪ੍ਰਬੰਧ ਕੀਤਾ, ਜਿਸ ਦੀ ਪੂਰੀ ਰਿਪੋਰਟ ਨਾਗਰਿਕ ਏਕਤਾ ਮੰਚ ਦੁਆਰਾ ਇਕ ਸਾਲ ਬਾਅਦ PUCL BULLETIN[੬] ਨਾਮੀ ਮਹੀਨੇਵਾਰ ਅਖਬਾਰ ਵਿਚ ਲੱਗੀ।

ਨਵੰਬਰ, ੧੯੮੪ ਦੌਰਾਨ ਸਿੱਖਾਂ ਵਿਰੁੱਧ ਦਿੱਲੀ ਅਤੇ ਹੋਰ ਥਾਵਾਂ ਉੱਤੇ ਬਹੁਤ ਹੀ ਭਿਆਨਕ ਅਤੇ ਦਿਲ-ਕੰਬਾਊ ਹਿੰਸਾ ਫੈਲੀ, ਜਿਸ ਨੇ ਲੋਕਾਂ ਦੇ ਮਨਾਂ ਉੱਤੇ ਇਸ ਕਦਰ ਪੈੜ ਛੱਡੀ ਹੈ ਕਿ ਅੱਜ (੨੦੨੨ ਈ.) ੩੮ ਸਾਲ ਬੀਤ ਜਾਣ ਮਗਰੋਂ ਵੀ ਉਸ ਦ੍ਰਿਸ਼ ਨੂੰ ਲੋਕ ਭੁੱਲ ਨਹੀਂ ਸਕੇ। ਇਹ ਘੋਰ ਅਸ਼ਲੀਲਤਾ ਦਾ ਕੰਮ ਸੀ। ਇਸ ਮੌਕੇ ਸਰਕਾਰੀ ਇਸ਼ਾਰਿਆਂ ਉਤੇ ਹਜ਼ਾਰਾਂ ਸਿੱਖ ਲੋਕ, ਜਿਨ੍ਹਾਂ ਵਿਚ ਬਜ਼ੁਰਗ, ਜਵਾਨ, ਬੱਚੇ, ਮਾਵਾਂ, ਧੀਆਂ-ਭੈਣਾਂ ਵੀ ਸ਼ਾਮਿਲ ਸਨ, ਬੜੀ ਬੇਰਹਿਮੀ ਨਾਲ ਮਾਰ ਦਿੱਤੇ ਗਏ, ਸੈਂਕੜੇ ਤੇਲ ਪਾ ਕੇ, ਗਲ਼ਾਂ ਵਿਚ ਟਾਇਰ ਪਾ ਕੇ ਜਿਉਂਦੇ ਸਾੜ ਦਿੱਤੇ ਗਏ, ਕਈਆਂ ਦੀ ਕੁੱਟਮਾਰ ਕੀਤੀ ਗਈ। ਉਨ੍ਹਾਂ ਨਿਰਦੋਸ਼ ਲੋਕਾਂ ਦੇ ਘਰ ਲੁੱਟੇ ਗਏ, ਭੰਨ-ਤੋੜ ਕੀਤੀ ਗਈ, ਜਵਾਨ ਧੀਆਂ-ਭੈਣਾਂ ਦਾ ਸ਼ਰ-ਏ-ਆਮ ਬਲਾਤਕਾਰ ਕਰ ਕੇ ਉਨ੍ਹਾਂ ਨੂੰ ਸੜਕਾਂ 'ਤੇ ਜਾਂ ਤਾਂ ਸੁੱਟ ਦਿੱਤਾ ਗਿਆ ਜਾਂ ਮਾਰ ਦਿੱਤਾ ਗਿਆ।

**ਆਖਰ ਇਹ ਸਭ ਕਿਵੇਂ ਸ਼ੁਰੂ ਹੋਇਆ**

ਨਾਨਕਸਰ ਆਸ਼ਰਮ ਦਿੱਲੀ ਦੇ ਯਮੁਨਾ ਪਾਰ ਇਕ ਸ਼ਾਂਤਮਈ ਇਲਾਕੇ ਵਿਚ ਸਥਿਤ ਹੈ, ਜੋ ਵਜ਼ੀਰਾਬਾਦ ਤੋਂ ਇਕ ਫਰਲਾਂਗ ਦੀ ਦੂਰੀ ਉੱਤੇ ਹੈ। ਆਮ ਹਾਲਾਤ ਵਿਚ, ਆਸ਼ਰਮ ਕੇਵਲ ਪਵਿੱਤਰ ਰੂਹਾਨੀ ਲੋੜਾਂ ਪੂਰੀਆਂ ਕਰਦਾ ਹੈ। ਪਰੰਤੂ ੩ ਨਵੰਬਰ, ੧੯੮੪ ਈ. ਦੀ ਸ਼ਾਮ ਨੂੰ ਇਹ ਇਕ ਵੱਡੇ ਸ਼ਰਨਾਰਥੀ ਕੈਂਪ ਵਿਚ ਤਬਦੀਲ ਹੋ ਗਿਆ, ਜਿਸ ਵਿਚ ਨੰਦ ਨਾਗਰੀ, ਯਮੁਨਾ ਵਿਹਾਰ, ਭਜਨਪੁਰਾ, ਖਜ਼ੌਰੀ ਕਲੋਨੀ, ਗਮਰੀ, ਮੌਜਪੁਰ ਇਲਾਕਿਆਂ ਤੋਂ ਬਿਨਾਂ ਘੋਂਡ ਦੇ ਕੁਝ ਹਿਸਿਆਂ ਵਿੱਚੋਂ ਅੱਗ ਨਾਲ ਸੁਲਗਦੇ ਆਪਣੇ ਘਰਾਂ ਤੇ ਮੁਰਦਾ ਪਰਵਾਰਕ ਮੈਂਬਰਾਂ ਨੂੰ ਘਰਾਂ ਵਿਚ ਛੱਡ ਕੇ ਅਨੇਕ ਸਿੱਖ ਇੱਥੇ ਪਹੁੰਚੇ।

ਇਹ ਗੱਲ ਹੁਣ ਨਿਰਸੰਦੇਹ ਹੈ ਕਿ ਉਕਤ ਵਰਣਿਤ ਸਿੱਖ ਅਬਾਦੀ ਵਾਲੇ ਇਲਾਕਿਆਂ ਨੂੰ ਪੂਰਵ-ਨਿਸ਼ਚਿਤ ਅਤੇ ਯੋਜਨਾਬੱਧ ਤਰੀਕੇ ਨਾਲ ਤਬਾਹ ਕਰ ਦਿੱਤਾ ਗਿਆ ਸੀ। ੩੧ ਅਕਤੂਬਰ, ੧੯੮੪ ਈ. ਦੀ ਸ਼ਾਮ ਨੂੰ ਯਮੁਨਾ ਪਾਰ ਦੇ ਸਥਾਨਕ ਪੱਧਰ ਦੇ ਕਾਂਗਰਸੀ ਨੇਤਾਵਾਂ ਨੇ ਆਪੋ-ਆਪਣੇ ਇਲਾਕਿਆਂ ਵਿਚ ਮੀਟਿੰਗਾਂ ਬੁਲਾ ਕੇ ਅਗਲੀ ਸਵੇਰ ਨੂੰ ਦਹਿਸ਼ਤ ਫੈਲਾਉਣ ਦੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਸਨ। ਇਸ ਸਾਰੀ ਯੋਜਨਾ ਪਿੱਛੇ ਖਜ਼ੋਰੀ-ਭਜਨਪੁਰਾ (ਸੀ ਬਲਾਕ) ਇਲਾਕੇ ਦੀ ਪੰਚਾਇਤ ਦੇ ਚੇਅਰਮੈਨ ਕਾਦਮ ਸਿੰਘ ਗੁਜਰ ਦਾ ਹੱਥ ਸੀ। ਕਾਦਮ ਸਿੰਘ ਨੇ ੩੧ ਅਕਤੂਬਰ ਦੀ ਰਾਤ ਨੂੰ ਖਜ਼ੋਰੀ ਪਿੰਡ ਵਿਚ ਇਕ ਬੈਠਕ ਕੀਤੀ, ਜਿਸ ਵਿਚ ਇਸ ਨੇ ਅਗਲੇ ਦਿਨ੍ਹਾਂ ਵਿਚ ਕੀਤੇ ਜਾਣ ਵਾਲੇ ਵਿਨਾਸ਼ ਦਾ ਨਿਰੀਖਣ ਕਰਨ ਲਈ ੧੦ ਜਾਂ ਇਸ ਤੋਂ ਵੱਧ ਲੋਕਾਂ ਦੇ ਗਰੁੱਪ ਬਣਾਏ।

ਬੈਠਕ ਤੋਂ ਬਾਅਦ ਉਸ ਦੇ ਪੁੱਤਰ ਅਜੀਤ ਰਾਸ਼ਨਵਾਲਾ ਅਤੇ ਉਸ ਦੇ ਇਕ ਸਾਥੀ, ਜੈ ਸਿੰਘ, ਜਿਹੜਾ ਕਿ ਮਿੱਟੀ ਦੇ ਤੇਲ ਦਾ ਡਿਪੂ ਓਪਰੇਟਰ ਸੀ ਅਤੇ ਜਿਸ ਦੀ ਖਜ਼ੋਰੀ ਕਲੋਨੀ ਮਾਰਕੀਟ ਵਿਚ ਇਕ ਦੁਕਾਨ ਸੀ, ਨੇ ਸਥਾਨਕ ਸਿੱਖ ਪਰਵਾਰਾਂ ਦੀ ਸੂਚੀ ਤਿਆਰ ਕੀਤੀ ਤਾਂ ਜੋ ਅਗਲੀ ਸਵੇਰ ਉਨ੍ਹਾਂ ਨੂੰ ਲੁੱਟਿਆ ਅਤੇ ਮਾਰਿਆ ਜਾ ਸਕੇ। ਸੂਚੀ ਬਣਾਉਣ ਦੀ ਪ੍ਰਕਿਰਿਆ ਵਿਚ ਇਨ੍ਹਾਂ ਦੀ ਪੂਰੀ ਤਰ੍ਹਾਂ ਮਦਦ ਜਨ ਕਲਿਆਨ ਵਿਦਿਆਲਾ, ਭਜਨਪੁਰਾ ਦੇ ਪ੍ਰਿੰਸੀਪਲ ਰਾਜਬੀਰ ਨੇ ਕੀਤੀ ਸੀ। ਉਸ ਨੇ ਆਪਣੇ ਸਕੂਲ ਦੇ ਰਜਿਸਟਰ ਤੋਂ ਸਿੱਖਾਂ ਦੇ ਘਰ ਦੀ ਪਛਾਣ ਕੀਤੀ।

ਨਾਨਕਸਰ ਆਸ਼ਰਮ ਅੰਦਰ ਸ਼ਰਨਾਰਥੀਆਂ ਤੇ ਸਿੱਖ ਨੇਤਾਵਾਂ ਦੀ ਪਛਾਣ ਕਰਨ ਅਤੇ ਉਨ੍ਹਾਂ ਦੀ ਸਾੜ-ਫੂਕ ਕਰਨ ਲਈ ਲੋੜੀਂਦੇ ਤੇਲ ਦੀ ਸਪਲਾਈ ਕਰਨ ਵਿਚ ਕਾਂਗਰਸੀ ਆਗੂਆਂ ਅਤੇ ਉਨ੍ਹਾਂ ਦੇ ਗੁੰਡਿਆਂ ਦੀ ਭੂਮਿਕਾ ਬਹੁਤ ਅਹਿਮ ਰਹੀ।

੧ ਨਵੰਬਰ, ੧੯੮੪ ਈ. ਦੀ ਸਵੇਰ ਅਤੇ ਕੁਝ ਖੇਤਰਾਂ ਵਿਚ ੨ ਨਵੰਬਰ ਨੂੰ ਵੀ, ਕਾਦਮ ਅਤੇ ਜੈਨ ਸ੍ਰੀਨਗਰ ਸਦਨ ਦੇ ਮਾਲਕ ਟੁੰਡਾ ਜੈਨ ਦੋਵਾਂ ਨੇ ਖਜ਼ੋਰੀ

ਕਲੋਨੀ, ਗਮਰੀ ਅਤੇ ਭਜਨਪੁਰਾ ਵਿਚ ਰਹਿੰਦੇ ਸਿੱਖਾਂ ਦੇ ਇਕੱਲੇ ਇਕੱਲੇ ਘਰ ਦੀ ਨਿਸ਼ਾਨਦੇਹੀ ਕਰਕੇ ਉਨ੍ਹਾਂ ਦੇ ਬਾਹਰ ਸ਼, ਯ, (ਯ) ਦੇ ਰੂਪ ਵਿਚ ਨਿਸ਼ਾਨ ਲਗਾ ਦਿੱਤੇ ਤਾਂ ਜੋ ਉਨ੍ਹਾਂ ਦੇ ਘਰਾਂ ਨੂੰ ਪਛਾਣ ਕੇ ਅੱਗ ਲਗਾਈ ਜਾ ਸਕੇ, ਲੁੱਟਿਆ ਅਤੇ ਕਤਲ ਕੀਤਾ ਜਾ ਸਕੇ। ਇਹ ਸਭ ਕੁਝ ਦੋ ਘੰਟੇ ਦੇ ਅੰਦਰ-ਅੰਦਰ ਵਾਪਰਣਾ ਸ਼ੁਰੂ ਹੋ ਗਿਆ ਸੀ। ਬੇਸ਼ਕ ੧ ਤੋਂ ੩ ਨਵੰਬਰ ਤਕ ਮਿੱਟੀ ਦਾ ਤੇਲ ਕੇਵਲ ਡਿਪੋ ਤੋਂ ਸਿੱਧਾ ਹੀ ਮਿਲਦਾ ਆ ਰਿਹਾ ਸੀ ਪਰੰਤੂ ਫਿਰ ਵੀ ਜੈ, ਗਿਰਿਸ਼, ਕੁਲਦੀਪ ਅਤੇ ਸੱਜਨ ਨੇ ਗੁੰਡਾ ਅਨਸਰਾਂ ਨਾਲ ਮਿਲ ਕੇ ਰਿਕਸ਼ਿਆਂ ਵਿਚ ਮਿੱਟੀ ਦੇ ਤੇਲ ਦੇ ਪੀਪੇ ਢੋਏ।

ਜ਼ਿਕਰਯੋਗ ਹੈ ਕਿ ਕਦੀਮ ਨੇ ਤਿੰਨੋਂ ਦਿਨ ਲਾਊਡ ਸਪੀਕਰਾਂ ਉੱਤੇ ਭੜਕਾਊ ਭਾਸ਼ਣ ਦਿੱਤੇ, ਜਿਸਦੇ ਆਖ਼ਰੀ ਬੋਲ ਸਨ— "ਜਾਗਤੇ ਰਹੋ, ਲੂਟਤੇ ਰਹੋ, ਮਾਰਤੇ ਰਹੋ।" ਇਸ ਤੋਂ ਬਾਅਦ ਜੋ ਕੁਝ ਵਾਪਰਿਆ ਉਹ ਕਹਿਣ ਕਥਨ ਤੋਂ ਬਾਹਰ ਹੈ। ਉਹ ਬਹੁਤ ਹੀ ਭਿਆਨਕ ਦਹਿਸ਼ਤ ਸੀ, ਜਿਸ ਕਾਰਨ ੨-੩ ਦਿਨਾਂ ਵਿਚ ਹੀ ਨਾਨਕਸਰ ਆਸ਼ਰਮ ਵਿਚ ਪਨਾਹ ਲੈਣ ਵਾਲੇ ਪਰਵਾਰਾਂ ਵਿੱਚੋਂ ੧੫੫ ਲੋਕਾਂ ਦੀ ਮੌਤ ਹੋ ਗਈ। ਇਹ ਗਿਣਤੀ ਇਕ ਛੋਟੇ ਜਿਹੇ ਸਥਾਨ ਉੱਤੇ ਪਨਾਹ ਲੈਣ ਵਾਲੇ ਲੋਕਾਂ ਦੀ ਹੈ, ਜਿਨ੍ਹਾਂ ਦਾ ਬੜੀ ਬੇਰਹਿਮੀ ਨਾਲ ਕਤਲ ਕੀਤਾ ਗਿਆ। ਮਾਰੇ ਗਏ ਲੋਕਾਂ ਦੀ ਬਹੁਗਿਣਤੀ ਆਖਿਰਕਾਰ ਜਲਾ ਦਿੱਤੀ ਗਈ ਸੀ। ਜ਼ਿਕਰਯੋਗ ਹੈ ਕਿ ਪਹਿਲਾਂ ਉਨ੍ਹਾਂ ਨੂੰ ਘਰੋਂ ਬਾਹਰ ਕੱਢਿਆ ਗਿਆ, ਫਿਰ ਉਨ੍ਹਾਂ ਨੂੰ ਜੀਵਨ ਦੇ ਅੰਤਲੇ ਸੁਆਸ ਤਕ ਕੁੱਟਿਆ ਗਿਆ, ਉਨ੍ਹਾਂ ਦੀ ਦਾੜ੍ਹੀ ਅਤੇ ਕੇਸ ਪੁੱਟੇ ਗਏ। ਉਨ੍ਹਾਂ ਨੂੰ ਗਟਰਾਂ ਵਿਚ ਧੱਕਿਆ ਗਿਆ ਅਤੇ ਫਿਰ, ਜਦੋਂ ਕੋਈ ਲੱਗਭਗ ਬੇਹੋਸ਼ ਹੋ ਜਾਂਦਾ ਸੀ ਤਾਂ ਅੱਗ ਵਿਚ ਸੁੱਟਿਆ ਜਾਂਦਾ ਸੀ। ਇਹ ਸਭ ਕੁਝ ਇਸਤਰੀਆਂ ਅਤੇ ੧੦ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦੇ ਸਾਹਮਣੇ ਕੀਤਾ ਗਿਆ ਸੀ। ਜਦੋਂ ਉਨ੍ਹਾਂ ਨੇ ਆਪਣੇ ਰਿਸ਼ਤੇਦਾਰਾਂ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ ਤਾਂ ਉਨ੍ਹਾਂ ਨੂੰ ਵੀ ਕੁੱਟਿਆ ਗਿਆ। ਕਈ ਨੌਜਵਾਨ ਲੜਕੀਆਂ ਨਾਲ ਬਲਾਤਕਾਰ ਕੀਤਾ ਗਿਆ। ਪੁਰਸ਼ਾਂ ਦੀ ਹੱਤਿਆ ਦੇ ਬਾਅਦ, ਉਸ ਗੁੰਡਿਆਂ ਦੀ ਭੀੜ ਨੇ ਕਈ ਅੱਲੜ ਉਮਰ ਦੀਆਂ ਕੁੜੀਆਂ ਨਾਲ ਬਲਾਤਕਾਰ ਕੀਤਾ।

ਨਾਨਕਸਰ ਆਸ਼ਰਮ ਵਿਚ ਕੁੱਲ ੫੦੨ ਪਰਵਾਰਾਂ ਨੇ ਸ਼ਰਨ ਲਈ ਸੀ, ਜਿਨ੍ਹਾਂ ਦੀ ਗਿਣਤੀ ਲੱਗਭਗ ੩੦੦੦-੩੨੫੦ ਦੇ ਕਰੀਬ ਸੀ। ਨਾਗਰਿਕ ਏਕਤਾ ਮੰਚ ਦੇ ਵਲੰਟੀਅਰਾਂ ਨੇ ਇਸ ਗੱਲ ਦੀ ਵਧਦੀ ਪ੍ਰਸੰਸਾ ਦੇਖੀ ਕਿ ਕਿਵੇਂ ਨਾਨਕਸਰ ਆਸ਼ਰਮ ਦੇ ਮੁਖੀ ਬਾਬਾ ਜੀ (ਨਾਮਾਲੂਮ) ਨੇ ਦੋ ਹੋਰ ਲੋਕਾਂ (ਸ੍ਰੀ ਸ਼ਰਮਾ ਅਤੇ ਕਨਵਲ ਸਾਹਿਬ) ਅਤੇ ਸ਼ਾਇਦ ਤਿੰਨ ਦਰਜਨ ਸੇਵਾਦਾਰਾਂ ਦੀ ਮਦਦ ਨਾਲ ਵਡੇ ਲੰਗਰਾਂ ਦਾ ਪ੍ਰਬੰਧ ਕੀਤਾ। ਉਨ੍ਹਾਂ ਕਾਲੇ ਦਿਨਾਂ ਵਿਚ ਦੂਜੇ ਕੈਂਪ ਸਮੂਹਾਂ ਦੇ ਮੁਕਾਬਲੇ ਨਾਨਕਸਰ ਆਸ਼ਰਮ ਸ਼ਾਇਦ ਭੋਜਨ ਵੰਡਣ ਅਤੇ ਪਨਾਹ ਦੇਣ ਵਿਚ ਸਭ ਤੋਂ ਵਧੇਰੇ

ਕੁਸ਼ਲ ਸੰਸਥਾ ਰਹੀ।

ਉਕਤ ਰਿਪੋਰਟ ਭਾਵੇਂ ਵਿਸਤ੍ਰਿਤ ਰੂਪ ਵਿਚ ਮਿਲਦੀ ਹੈ, ਪਰੰਤੂ ਅਸੀਂ ਲੇਖ ਦੀ ਸੀਮਾ ਨੂੰ ਮੁੱਖ ਰੱਖਦੇ ਹੋਏ ਕੇਵਲ ਰਿਪੋਰਟ ਦਾ ਤਤ ਸਾਰ ਪੇਸ਼ ਕੀਤਾ ਹੈ।

**ਹਵਾਲੇ ਤੇ ਟਿੱਪਣੀਆਂ:**


੧. ਰਤਨ ਸਿੰਘ ਭੰਗੂ, *ਪ੍ਰਾਚੀਨ ਪੰਥ ਪ੍ਰਕਾਸ਼,* ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ, ੨੦੦੫, ਪੰਨਾ ੪੨.

੨. Joginder Singh, "The Bharat Mata Sabha", *The Panjab and Present,* Punjabi University, Patiala, April 1984, p.208.

੩. Ibid, p.74.

੪. *The Collected Works of Mahatma Gandhi,* Vol. 28, 1968, p. 263.

੫. ਰਤਨ ਸਿੰਘ ਭੰਗੂ, *ਸ੍ਰੀ ਗੁਰ ਪੰਥ ਪ੍ਰਕਾਸ਼,* (ਸੰਪਾ.), ਡਾ. ਬਲਵੰਤ ਸਿੰਘ (ਢਿੱਲੋਂ), ਸਿੰਘ ਬ੍ਰਦਰਜ਼, ਅੰਮ੍ਰਿਤਸਰ, ੨੦੦੪, ਪੰਨਾ ੭.

੬. ਸ੍ਰੀ ਜਯਾ ਪ੍ਰਕਾਸ਼ ਨਰਾਇਣ (ਜੇ ਪੀ) ਨੇ ਪਬਲਿਕ ਯੂਨੀਅਨ ਫਾਰ ਸਿਵਲ ਲਿਬਰਟੀਜ਼ ਐਂਡ ਡੈਮੋਕ੍ਰੇਟਿਕ ਰਾਈਟਸ (ਪੀ.ਯੂ.ਸੀ.ਐਲ.ਐਲ.ਆਰ.) ਦੀ ਸਥਾਪਨਾ ੧੯੭੬ ਵਿਚ ਕੀਤੀ ਸੀ। ਇਹ ਇਕ ਸਿਆਸੀ ਵਿਚਾਰਧਾਰਾ ਤੋਂ ਮੁਕਤ ਸੰਗਠਨ ਹੈ, ਜਿਹੜਾ ਸਿਵਲ ਲਿਬਰਟੀ ਅਤੇ ਮਨੁੱਖੀ ਅਧਿਕਾਰਾਂ ਦੀ ਰੱਖਿਆ ਲਈ ਵਚਨਬਧ ਹੈ। ਇਹ ਸੰਸਥਾ ਵੱਖ-ਵੱਖ ਸਿਆਸੀ ਪਾਰਟੀਆਂ ਨਾਲ ਸੰਬੰਧਿਤ ਲੋਕਾਂ ਨੂੰ ਇਕ ਸਾਂਝੇ ਪਲੇਟਫਾਰਮ 'ਤੇ ਇਕੱਠੇ ਕਰਨ ਲਈ ਜਤਨਸ਼ੀਲ ਹੈ। ਵਧੇਰੇ ਜਾਣਕਾਰੀ ਲਈ ਦੇਖੋ: http://www.pucl.org.

੭. ਗੁਰਮੁਖ ਸਿੰਘ, *ਸੰਖੇਪ ਤਵਾਰੀਖ : ਗੁਰਦੁਆਰਾ ਨਾਨਕਸਰ, ਅਨੰਦ ਪੁਸਤਕ ਭੰਡਾਰ,* ਜਗਰਾਉਂ (ਲੁਧਿਆਣਾ), ਮਿਤੀਹੀਣ, ਪੰਨਾ ੧੭੦.

੮. *ਮਹਾਨ ਕੋਸ਼,* ਪੰਨਾ ੬੯੨.

੯. *PUCL BULLETIIN,* (Vol. 5 No. 2), February 1985 ■


## ਪਿੰਡ ਫਤਿਹਗੜ੍ਹ ਸ਼ੁੱਕਰਚੱਕ ਵਿਖੇ ਅੰਮ੍ਰਿਤ-ਸੰਚਾਰ

ਭਾਈ ਖਜ਼ਾਨ ਸਿੰਘ ਪ੍ਰਚਾਰਕ ਵੱਲੋਂ ਪੁੱਜੀ ਰਿਪੋਰਟ ਅਨੁਸਾਰ ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰਦੁਆਰਾ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ, ਪਿੰਡ ਫਤਿਹਗੜ੍ਹ ਸ਼ੁੱਕਰਚੱਕ, ਜ਼ਿਲ੍ਹਾ ਸ੍ਰੀ ਅੰਮ੍ਰਿਤਸਰ ਵਿਖੇ ੦੨ ਜੁਲਾਈ, ੨੦੨੨ ਈ. ਨੂੰ ਕਰਵਾਏ ਗਏ ਅੰਮ੍ਰਿਤ-ਸੰਚਾਰ ਦੌਰਾਨ ੪੫ ਪ੍ਰਾਣੀ ਖੰਡੇ-ਬਾਟੇ ਦੀ ਪਾਹੁਲ ਹਾਸਲ ਕਰ ਕੇ ਗੁਰੂ ਵਾਲੇ ਬਣੇ।

# ਸਿੱਖਾਂ ਦੀ ਰਫ਼ਤਾਰ, ਗੁਫ਼ਤਾਰ ਤੇ ਦਸਤਾਰ ਦਾ ਵਿਰੋਧ ਕਿਉਂ?

*-ਡਾ. ਅਰਵਿੰਦਰ ਸਿੰਘ**

ਸਮੇਂ ਦੇ ਗੁਜ਼ਰਨ ਦੇ ਨਾਲ-ਨਾਲ ਦੇਸ਼ਾਂ-ਵਿਦੇਸ਼ਾਂ ਦੀਆਂ ਅਖ਼ਬਾਰਾਂ, ਵੱਖ-ਵੱਖ ਟੀਵੀ ਚੈਨਲਾਂ ਅਤੇ ਸੋਸ਼ਲ ਮੀਡੀਆ ਦੇ ਮਾਧਿਅਮ ਰਾਹੀਂ ਨਿੱਤ ਪੜ੍ਹਣ, ਸੁਣਨ ਅਤੇ ਦੇਖਣ ਨੂੰ ਮਿਲ ਰਿਹਾ ਹੈ ਕਿ ਕਦੇ ਜਲਸਿਆਂ-ਜਲੂਸਾਂ, ਧਰਨਿਆਂ, ਮੋਰਚਿਆਂ ਅਤੇ ਵਿਰੋਧ ਪ੍ਰਦਰਸ਼ਨਾਂ ਵਿਚ, ਕਦੇ ਮਜ਼ਹਬੀ ਜਨੂੰਨ ਦੀ ਆੜ ਵਿਚ, ਕਦੇ ਗੁਰਦੁਆਰਾ ਸਾਹਿਬਾਨ ਤੇ ਸੰਸਥਾਵਾਂ ਦੀਆਂ ਮੀਟਿੰਗਾਂ ਵਿਚ, ਕਦੇ ਵਿਆਹਾਂ ਤੇ ਧਾਰਮਿਕ ਸਮਾਗਮਾਂ ਵਿਚ, ਕਦੇ ਸੜਕਾਂ 'ਤੇ ਨਿੱਤ ਹੁੰਦੇ ਗੁੰਡਾਗਰਦੀ ਦੇ ਨਾਚ ਦੌਰਾਨ ਅਤੇ ਕਦੇ ਰਾਜਨੀਤਕ ਸੱਤਾ ਦੇ ਨਸ਼ੇ ਵਿਚ ਚੂਰ 'ਸਥਾਪਤੀ' ਦੇ ਹੱਥੋਂ ਸਿੱਖਾਂ ਦੀਆਂ ਦਸਤਾਰਾਂ ਅਤੇ ਕੇਸਾਂ ਦੀ ਬੇਅਦਬੀ ਦੀਆਂ ਘਟਨਾਵਾਂ ਆਮ ਵਾਪਰ ਰਹੀਆਂ ਹਨ । ਇਹ ਸਭ ਕੁਝ ਦੇਖ ਕੇ ਹਰੇਕ ਸੰਵੇਦਨਸ਼ੀਲ ਨਾਨਕ ਨਾਮ ਲੇਵਾ ਦਾ ਮਨ ਬੁਰੀ ਤਰ੍ਹਾਂ ਵਲੂੰਧਰਿਆ ਜਾਂਦਾ ਹੈ ਅਤੇ ਸਹਿਜ ਸੁਭਾਅ ਇਹ ਸਵਾਲ ਪੈਦਾ ਹੁੰਦਾ ਹੈ ਕਿ ਸਿੱਖਾਂ ਦੀ ਰਫ਼ਤਾਰ, ਗੁਫ਼ਤਾਰ ਅਤੇ ਦਸਤਾਰ ਆਖਰ ਕੁਝ ਲੋਕਾਂ ਨੂੰ ਕਿਉਂ ਨਹੀਂ ਭਾਉਂਦੀ ਹੈ? ਮੈਂ ਸੋਚਦਾ ਹਾਂ ਕਿ ਆਖਰ ਸਿੱਖੀ ਦੇ ਬੂਟੇ ਵਿਚ ਕੀ ਵਿਲੱਖਣ ਹੈ, ਜੋ ਜ਼ਮਾਨਾ ਇਸ ਬੂਟੇ ਨੂੰ ਸੁੱਕਾ ਅਤੇ ਮਧੋਲਿਆ ਹੋਇਆ ਦੇਖਣਾ ਚਾਹੁੰਦਾ ਹੈ? ਆਖ਼ਰ ਸਿੱਖਾਂ ਦੀ ਆਨ-ਬਾਨ ਅਤੇ ਸ਼ਾਨ ਕੁਝ ਲੋਕਾਂ ਨੂੰ ਰੜਕਦੀ ਕਿਉਂ ਹੈ? ਆਖਰ ਇਸ ਨਿਰਾਲੇ ਪੰਥ ਦੀ ਵਿਲੱਖਣਤਾ ਅਤੇ ਵੱਖਰਤਾ ਨੂੰ ਤਸਲੀਮ ਕੀਤਿਆਂ ਕਿਸ ਦੀ ਹਿੱਕ ਵਿਚ ਸੂਲ ਖੁੱਭਦਾ ਹੈ? ਆਖਰ ਗੁਰਦੁਆਰਿਆਂ ਵਿਚ ਸਰਬ-ਸਾਂਝੀਵਾਲਤਾ, ਮਨੁੱਖੀ ਏਕਤਾ ਅਤੇ ਪਰਮਾਤਮਾ ਨਾਲ ਇਕ-ਮਿਕ ਹੋਣ ਦਾ ਇਲਾਹੀ ਸੰਦੇਸ਼ ਦੇ ਰਹੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕਿਸੇ ਨੂੰ ਕਿਉਂ ਰੜਕਦੇ ਹਨ, ਆਖਰ ਗੁਰਦੁਆਰਾ ਸਾਹਿਬਾਨ ਵਿਚ ਲਹਿਰਾਉਂਦੇ ਨਿਸ਼ਾਨ ਸਾਹਿਬ ਕੁਝ ਲੋਕਾਂ ਨੂੰ ਕਿਉਂ ਰੜਕਦੇ ਹਨ, ਆਖਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਹੁਰਮਤੀ, ਸਿੱਖਾਂ ਦੇ ਲਹੂ-ਲੂਹਾਨ ਚਿਹਰੇ, ਸਿੱਖਾਂ ਦੀਆਂ ਸ਼ਰ-ਏ-ਆਮ ਨਿੱਤ ਲਾਹੀਆਂ ਜਾਂਦੀਆਂ ਪੱਗਾਂ, ਖਿੱਲਰੇ ਅਤੇ ਕੋਹੇ ਜਾਂਦੇ ਕੇਸ ਆਖਰ ਇਨਸਾਨੀਅਤ ਦੇ ਕਿਨ੍ਹਾਂ ਲੋਕਾਂ ਦੇ ਕਲੇਜੇ ਨੂੰ ਠਾਰਦੇ ਹਨ?

ਜੇਕਰ ਗਹੁ ਨਾਲ ਇਸ ਸਮੁੱਚੇ ਵਰਤਾਰੇ ਨੂੰ ਵਾਚਿਆ ਜਾਵੇ ਤਾਂ ਇਉਂ ਮਹਿਸੂਸ ਹੁੰਦਾ ਹੈ ਕਿ ਗੁਰੂ ਦੇ ਸਿੱਖ ਦਾ ਅਣਖੀਲਾ ਤੇ ਜੁਝਾਰੂ ਸੁਭਾਅ, ਸਵੈਮਾਣ ਨਾਲ ਜਿਊਣ ਦਾ ਜਨੂੰਨ ਅਤੇ ਹਰ ਜ਼ਾਲਮ ਦੀ ਵੰਗਾਰ ਦਾ ਖਿੜੇ ਮੱਥੇ ਜਵਾਬ ਦੇਣ ਦੀ ਬੁਨਿਆਦੀ ਫ਼ਿਤਰਤ, ਗੁਰੂ ਦੇ ਸਿੱਖ ਦਾ ਗੁਰਮਤਿ ਸਿਧਾਂਤਾਂ ਅਨੁਸਾਰ ਚੜ੍ਹਦੀ ਕਲਾ ਵਿਚ ਰਹਿਣ

**ਪ੍ਰਿੰਸੀਪਲ, ਗੁਜਰਾਂਵਾਲਾ ਗੁਰੂ ਨਾਨਕ ਖਾਲਸਾ ਕਾਲਜ, ਲੁਧਿਆਣਾ- ੧੪੧੦੦੩; ਮੋ: +੯੧੯੪੬੩੦੬੨੬੦੩*

ਦਾ ਸੰਕਲਪ, ਗੁਰੂ ਦੇ ਸਿੱਖ ਦੀ ਹਰੇਕ ਵਿੱਚੋਂ '੧ੴ' ਦੇ ਦੀਦਾਰ ਦੀ ਤਾਂਘ, ਗੁਰੂ ਦੇ ਸਿੱਖ ਕੋਲ ਹਰ ਅਜ਼ਮਾਇਸ਼ ਦੀ ਘੜੀ ਵਿਚ ਰੱਬ ਦੇ ਭਾਣੇ ਨੂੰ ਮਿੱਠਾ ਕਰ ਕੇ ਮੰਨਣ ਦਾ ਹੁਨਰ, ਗੁਰੂ ਦੇ ਸਿੱਖ ਦੇ ਸੀਨੇ ਅੰਦਰ ਹੱਕ-ਸੱਚ ਦੀ ਖ਼ਾਤਰ ਸੰਤ-ਸਿਪਾਹੀ ਦਾ ਰੂਪ ਧਾਰਨ ਕਰ ਕੇ ਜਾਨ ਦੀ ਪਰਵਾਹ ਕੀਤੇ ਬਿਨਾਂ ਤਲਵਾਰ ਦੀ ਧਾਰ ਵਰਗੀ ਸਿੱਖੀ ਦੇ ਮਾਰਗ ਉੱਪਰ ਚੱਲਣ ਦਾ ਜਜ਼ਬਾ, ਗੁਰੂ ਦੇ ਸਿੱਖ ਦਾ ਆਪਣੀ ਸੁਤੰਤਰ ਹਸਤੀ ਨੂੰ ਕਾਇਮ ਰੱਖਣ ਲਈ ਮੌਤ ਨੂੰ ਮਖੌਲ ਕਰਨ ਦਾ ਸੁਭਾਅ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਓਟ ਆਸਰੇ ਜੀਵਨ ਗੁਜ਼ਾਰਨ ਦੀ ਕੋਸ਼ਿਸ਼ ਕਰਨਾ ਆਦਿ ਸਮੁੱਚੇ ਤੌਰ ਉੱਪਰ ਗੁਰੂ ਦੇ ਸਿੱਖ ਦੀ ਜੀਵਨ-ਸ਼ੈਲੀ ਦੇ ਕੁਝ ਅਜਿਹੇ ਨਿਰਾਲੇ ਪਹਿਲੂ ਹਨ, ਜੋ ਗੁਰੂ ਦੇ ਸਿੱਖ ਨੂੰ ਦੂਜਿਆਂ ਨਾਲੋਂ ਨਿਖੇੜ ਕੇ ਇਕ ਵਿਲੱਖਣ ਪਹਿਚਾਣ ਪ੍ਰਦਾਨ ਕਰਦੇ ਹਨ, ਜਿਸ ਦੀ ਵਜ੍ਹਾ ਨਾਲ ਗੁਰੂ ਦੇ ਸਿੱਖਾਂ ਦੀ ਰਫ਼ਤਾਰ, ਗੁਫ਼ਤਾਰ ਅਤੇ ਦਸਤਾਰ ਨਿੱਤ ਆਪਣੀ ਧਾਂਕ ਜਮਾਉਣ ਦੇ ਨਾਲ ਨਾਲ ਗੁਰੂ ਦੇ ਸਿੱਖਾਂ ਲਈ ਨਿੱਤ ਨਵੀਆਂ ਅਜ਼ਮਾਇਸ਼ਾਂ ਦਾ ਸਬੱਬ ਬਣਦੀ ਹੈ।

ਇਸ ਅਤਿ ਸੰਵੇਦਨਸ਼ੀਲ ਮੁੱਦੇ ਉੱਤੇ ਗੌਰ ਕਰਦਿਆਂ ਮੁਹੰਮਦ ਇਕਬਾਲ ਦੇ 'ਤਰਾਨਾ-ਏ-ਹਿੰਦ' ਦੀਆਂ ਆਖਰੀ ਸਤਰਾਂ ਯਾਦ ਆ ਜਾਂਦੀਆਂ ਹਨ। ਇਕਬਾਲ ਲਿਖਦਾ ਹੈ ਕਿ— "ਕੁਛ ਬਾਤ ਹੈ ਕਿ ਹਸਤੀ ਮਿਟਤੀ ਨਹੀਂ ਹਮਾਰੀ, ਸਦੀਓਂ ਰਹਾ ਹੈ ਦੁਸ਼ਮਨ ਦੌਰੇ ਜ਼ਮਾਂ ਹਮਾਰਾ।" ਸੋਚਦਾ ਹਾਂ ਕਿ ਸ਼ਾਇਦ ਹਰ ਸੁੱਖ ਤੇ ਦੁੱਖ ਵੇਲੇ ਸੁਖਮਨੀ ਸਾਹਿਬ ਤੇ ਅਨੰਦ ਸਾਹਿਬ ਦੇ ਪਾਠ ਉਪਰੰਤ ਸਰਬੱਤ ਦੇ ਭਲੇ ਲਈ ਅਰਦਾਸ ਕਰਦਾ ਹੋਇਆ ਰੱਬ ਦੇ ਭਾਣੇ ਨੂੰ ਮਿੱਠਾ ਮਨ ਕੇ ਚੜ੍ਹਦੀ ਕਲਾ ਵਿਚ ਰਹਿਣ ਵਾਲੇ ਸਿੱਖ ਦੀ ਰਫ਼ਤਾਰ, ਗੁਫ਼ਤਾਰ ਤੇ ਦਸਤਾਰ ਵੀ ਕੁਝ ਲੋਕਾਂ ਨੂੰ ਰੜਕਦੀ ਹੈ; ਸ਼ਾਇਦ ਦੁਨੀਆ ਭਰ ਵਿਚ ਵੱਡੀ ਤੋਂ ਵੱਡੀ ਆਫ਼ਤ ਵੇਲੇ ਹਰੇਕ ਮਸਕੀਨ ਅਤੇ ਦੁਖੀ ਦੀ ਸਭ ਤੋਂ ਅੱਗੇ ਹੋ ਕੇ ਮਦਦ ਕਰਦੇ ਹੋਏ ਸਿੱਖ ਦੀ ਰਫ਼ਤਾਰ, ਗੁਫ਼ਤਾਰ ਤੇ ਦਸਤਾਰ ਵੀ ਕੁਝ ਲੋਕਾਂ ਨੂੰ ਰੜਕਦੀ ਹੈ; ਸ਼ਾਇਦ ਸਿੱਖ ਦੀ ਦਸਤਾਰ, ਦੁਮਾਲੇ ਅਤੇ ਗਾਤਰੇ ਕੁਝ ਲੋਕਾਂ ਨੂੰ ਰੜਕਦੇ ਹਨ; ਸ਼ਾਇਦ ਤੇਰਾਂ-ਤੇਰਾਂ ਕਹਿੰਦਿਆਂ, ਨਾਮ ਜਪੋ, ਕਿਰਤ ਕਰੋ, ਵੰਡ ਛਕੋ ਅਤੇ ੧ੴ ਦਾ ਪਾਠ ਪੜ੍ਹਾਉਂਦਿਆਂ ਬਾਬਰ ਨੂੰ ਜਾਬਰ ਕਹਿਣ ਵਾਲੇ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੀ ਸੰਗਤ ਦੀ ਰਫ਼ਤਾਰ, ਗੁਫ਼ਤਾਰ ਤੇ ਦਸਤਾਰ ਰੜਕਦੀ ਹੈ; ਸ਼ਾਇਦ ਹੱਕ-ਸੱਚ ਤੇ ਨਿਆਂ ਲਈ ਤੱਤੀ ਤਵੀ ਉੱਪਰ ਬੈਠੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਦੱਸੇ ਰਾਹ ਉੱਪਰ ਤੁਰਨ ਵਾਲਿਆਂ ਦੀ ਰਫ਼ਤਾਰ, ਗੁਫ਼ਤਾਰ ਤੇ ਦਸਤਾਰ ਰੜਕਦੀ ਹੈ; ਸ਼ਾਇਦ ਬੱਚਿਆਂ ਦੇ ਬੰਦ-ਬੰਦ ਕਟਾ ਕੇ ਝੋਲੀਆਂ ਵਿਚ ਪਵਾ ਕੇ ਨਾਮ ਸਿਮਰਦਿਆਂ ਦੀ ਰਫ਼ਤਾਰ, ਗੁਫ਼ਤਾਰ ਤੇ ਦਸਤਾਰ ਰੜਕਦੀ ਹੈ; ਸ਼ਾਇਦ ਧਰਮ ਲਈ ਸੀਸ ਭੇਟ ਕਰਨ ਵਾਲੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ, ਦੇਗਾਂ ਵਿਚ ਉਬਾਲੇ ਗਏ, ਆਰਿਆਂ ਨਾਲ ਚੀਰੇ ਗਏ, ਜਿਊਂਦੇ ਜਲਾਏ ਗਏ

ਅਤੇ ਨੀਹਾਂ ਵਿਚ ਖੜ੍ਹ ਕੇ ਜੈਕਾਰੇ ਲਾਉਂਦੇ ਸਾਹਿਬਜ਼ਾਦਿਆਂ ਦੀ ਰਫ਼ਤਾਰ, ਗੁਫ਼ਤਾਰ ਤੇ ਦਸਤਾਰ ਵੀ ਰੜਕਦੀ ਹੈ ਅਤੇ ਸ਼ਾਇਦ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਸਰਬੰਸ ਵਾਰਨਾ ਵੀ ਰੜਕਦਾ ਹੈ; ਸ਼ਾਇਦ ਸਿੱਖ ਨਸਲਕੁਸ਼ੀ ਨਵੰਬਰ-੧੯੮੪ ਈ. ਵਿਚ ਸਭ ਕੁਝ ਲੁਟਾਉਣ ਪਿੱਛੋਂ ਵਕਤ ਦੀ ਹਿੱਕ ਉੱਤੇ ਵਿਕਾਸ ਦੀ ਗਾਥਾ ਲਿਖਣ ਵਾਲਿਆਂ ਅਤੇ ਸ਼ਾਇਦ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ ਉੱਪਰ ਆਪਣੀ ਨਿਮਰਤਾ, ਪ੍ਰਤੀਬੱਧਤਾ, ਲਿਆਕਤ, ਈਮਾਨਦਾਰੀ ਅਤੇ ਮਿਹਨਤ ਨਾਲ ਆਪਣਾ ਸਿੱਕਾ ਜਮਾਉਣ ਵਾਲੇ ਸਿੱਖਾਂ ਦੀ ਰਫ਼ਤਾਰ, ਗੁਫ਼ਤਾਰ ਤੇ ਦਸਤਾਰ ਵੀ ਜ਼ਮਾਨੇ ਨੂੰ ਰੜਕਦੀ ਹੈ।

ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਅਜਿਹਾ ਕਿਉਂ ਵਾਪਰਦਾ ਹੈ? ਇਸ ਪ੍ਰਸ਼ਨ ਦਾ ਕਦੇ ਕੋਈ ਇੱਕ ਉੱਤਰ ਨਹੀਂ ਹੋ ਸਕਦਾ ਹੈ। ਸ਼ਾਇਦ ਕੁਝ ਲੋਕਾਂ ਨੂੰ ਸਿੱਖਾਂ ਦੀ ਰਫ਼ਤਾਰ, ਗੁਫ਼ਤਾਰ ਤੇ ਦਸਤਾਰ ਇਸ ਲਈ ਰੜਕਦੀ ਹੈ ਕਿਉਂਕਿ ਸਿੱਖਾਂ ਦੀ ਰਫ਼ਤਾਰ ਵਿਚ ਦੋ-ਧਾਰੀ ਖੰਡੇ ਦੀ ਧਾਰ ਵੀ ਹੈ, ਸਿੱਖਾਂ ਦੀ ਗੁਫ਼ਤਾਰ ਵਿਚ ਜ਼ਾਲਮਾਂ ਨੂੰ ਦਿੱਤੀ ਜਾਣ ਵਾਲੀ ਵੰਗਾਰ ਵੀ ਹੈ ਅਤੇ ਸਿੱਖਾਂ ਦੀ ਦਸਤਾਰ ਆਪਣੇ ਆਪ ਵਿੱਚ ਸਿੱਖਾਂ ਦੀ ਅਜ਼ਾਦ ਹਸਤੀ ਦਾ ਐਲਾਨ ਵੀ ਹੈ। ਗੁਰੂ ਦੇ ਸਿੱਖ ਦੀ ਰਫ਼ਤਾਰ ਵਿਚ ਦਸਮੇਸ਼ ਪਿਤਾ ਦੇ ਬਾਜ਼ ਅਤੇ ਤੀਰਾਂ ਵਰਗੀ ਰਫ਼ਤਾਰ ਵੀ ਹੈ; ਗੁਰੂ ਦੇ ਸਿੱਖ ਦੀ ਗੁਫ਼ਤਾਰ ਵਿਚ ਈਨ ਮੰਨਣ ਤੋਂ ਇਨਕਾਰ ਵੀ ਹੈ ਅਤੇ ਗੁਰੂ ਦੇ ਸਿੱਖ ਦੀ ਦਸਤਾਰ ਵਿੱਚੋਂ ਨਿਆਂ ਅਤੇ ਸੁਰੱਖਿਆ ਮਿਲਣ ਦੀ ਉਮੀਦ ਵੀ ਹੈ। ਗੁਰੂ ਦੇ ਸਿੱਖ ਦੀ ਰਫ਼ਤਾਰ ਵਿਚ ਕੁਝ ਕਰ ਗੁਜ਼ਰਨ ਦੀ ਇਕ ਤੀਬਰਤਾ ਵੀ ਹੈ, ਗੁਰੂ ਦੇ ਸਿੱਖ ਦੀ ਗੁਫ਼ਤਾਰ ਵਿਚ ਬਾਣੀ ਦੀ ਮਿਠਾਸ ਵੀ ਹੈ ਅਤੇ ਗੁਰੂ ਦੇ ਸਿੱਖ ਦੀ ਦਸਤਾਰ ਉਸ ਦੀ ਵਿਲੱਖਣਤਾ ਦੀ ਗਵਾਹੀ ਵੀ ਹੈ। ਗੁਰੂ ਦੇ ਸਿੱਖ ਦੀ ਰਫ਼ਤਾਰ ਵਿਚ ਇਕ ਮਟਕ ਵੀ ਹੈ ਤੇ ਇਕ ਸਲੀਕਾ ਵੀ ਹੈ, ਉਸ ਦੀ ਗੁਫ਼ਤਾਰ ਵਿਚ ਸੁਹਿਰਦਤਾ, ਵਜ਼ਨਦਾਰ ਦਲੀਲ ਅਤੇ ਸੰਵਾਦ ਰਚਾਉਣ ਦੀ ਸਮਰੱਥਾ ਵੀ ਹੈ। ਗੁਰੂ ਦੇ ਸਿੱਖ ਦੀ ਰਫ਼ਤਾਰ ਵਿਚ ਤਾਲ ਵੀ ਹੈ ਅਤੇ ਸੁਰ ਵੀ ਹੈ, ਗੁਰੂ ਦੇ ਸਿੱਖ ਦੀ ਗੁਫ਼ਤਾਰ ਵਿਚ ਕਿਸੇ ਦੇ ਦਿਲ ਨੂੰ ਜਿੱਤਣ ਦਾ ਫ਼ਨ ਵੀ ਹੈ ਅਤੇ ਉਸ ਦੀ ਦਸਤਾਰ ਉਸ ਦੀ ਸਵਾਧੀਨਤਾ ਦਾ ਐਲਾਨ ਵੀ ਹੈ। ਜਦੋਂ ਗੁਰੂ ਦੇ ਸਿੱਖ ਦੀ ਜੀਵਨ ਸ਼ੈਲੀ, ਉਸ ਦੀ ਕਥਨੀ, ਕਰਨੀ ਅਤੇ ਉਸ ਦੇ ਨੁਕਤਾ-ਏ-ਨਿਗਾਹ ਵਿਚ ਨਿਡਰਤਾ, ਨਿਰਵੈਰਤਾ ਤੇ ਨਿਰਭੈਤਾ ਅਤੇ ਖ਼ੁਦ ਨੂੰ ਇਕ ਅਜ਼ਾਦ ਹਸਤੀ ਦੇ ਤੌਰ ਪੇਸ਼ ਕਰਨ ਦਾ ਜਜ਼ਬਾ ਛੁਪਿਆ ਹੋਵੇ ਤਾਂ ਹਰ ਉਹ ਕੋਸ਼ਿਸ਼, ਵਰਤਾਰਾ, ਸਿਧਾਂਤ ਜਾਂ ਵੰਗਾਰ, ਜੋ ਉਸ ਦੀ ਅਜ਼ਾਦ ਪਰਵਾਜ਼ ਵਿਚ ਖਲਲ ਪੈਦਾ ਕਰਦੀ ਹੋਵੇ ਤਾਂ ਉਸ ਨਾਲ ਗੁਰੂ ਦੇ ਸਿੱਖ ਦਾ ਵਿਚਾਰਧਾਰਕ ਵਿਰੋਧ ਸੁਭਾਵਿਕ ਹੈ।

ਅੱਜਕਲ੍ਹ ਅਕਸਰ ਦੇਖਣ ਨੂੰ ਮਿਲਦਾ ਹੈ ਕਿ ਕਦੇ ਪੜ੍ਹੇ-ਲਿਖੇ, ਕਦੇ ਜ਼ਾਹਲ ਅਤੇ ਕਦੇ ਮਜ਼ਹਬੀ ਮੁਤੱਸਬੀਪੁਣੇ ਦਾ ਸ਼ਿਕਾਰ ਲੋਕਾਂ ਵੱਲੋਂ ਅਤੇ ਕਦੇ ਗ਼ੈਰ ਸਿੱਖਾਂ

ਵੱਲੋਂ ਜਾਣਬੁੱਝ ਕੇ ਸਿੱਖਾਂ ਨੂੰ ਸੜਕਾਂ ਉੱਪਰ ਜਾਨਵਰਾਂ ਦੀ ਤਰ੍ਹਾਂ ਘਸੀਟ ਕੇ ਕਦੇ ਸਿੱਖਾਂ ਦੀਆਂ ਪੱਗਾਂ ਅਤੇ ਕੇਸਾਂ ਦੀ ਬੇਪਤੀ ਕੀਤੀ ਜਾਂਦੀ ਹੈ, ਕਦੇ ਗੁਰਦੁਆਰਾ ਸਾਹਿਬਾਨ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕਰ ਕੇ ਜਾਂ ਕਰਵਾ ਕੇ ਤੇ ਕਦੇ ਗੁਰੂ ਸਾਹਿਬਾਨ ਦੇ ਜੀਵਨ, ਸਿੱਖੀ ਸਿਧਾਂਤਾਂ ਅਤੇ ਗੁਰਬਾਣੀ ਬਾਰੇ ਕਿਸੇ ਡੂੰਘੀ ਸਾਜ਼ਿਸ਼ ਹੇਠ ਵਾਦ-ਵਿਵਾਦ ਪੈਦਾ ਕਰ ਕੇ ਗੁਰੂ ਦੇ ਸਿੱਖ ਦੀ ਰਫ਼ਤਾਰ, ਗੁਫ਼ਤਾਰ ਤੇ ਦਸਤਾਰ, ਗੁਰੂ-ਗ੍ਰੰਥ ਤੇ ਗੁਰੂ-ਪੰਥ ਪ੍ਰਤੀ ਆਪਣੀ ਜ਼ਹਿਰ, ਅਸਹਿਣਸ਼ੀਲਤਾ ਅਤੇ ਨਫ਼ਰਤ ਦਾ ਪ੍ਰਗਟਾਵਾ ਕੀਤਾ ਜਾਂਦਾ ਹੈ। ਜਿਸ ਕੌਮ ਨੇ ਸੀਸ ਦੇ ਕੇ ਅਤੇ ਸੀਸ ਤਲੀ ਉੱਤੇ ਟਿਕਾ ਕੇ, ਤੋਪਾਂ ਹੇਠ ਮੋਢੇ ਦੇ ਕੇ ਅਤੇ ਸ਼ੂਕਦੇ ਦਰਿਆਵਾਂ ਦੀ ਪਰਵਾਹ ਕੀਤੇ ਬਿਨਾਂ ਅਰਦਾਸ ਕਰ ਕੇ ਹਮੇਸ਼ਾ ਚੜ੍ਹਦੀ ਕਲਾ ਵਿਚ ਰਹਿਣ ਦਾ ਢੰਗ ਸਿੱਖਿਆ ਹੋਵੇ ਅੱਜ ਉਸ ਕੌਮ ਨੂੰ ਆਪਣੇ ਆਪ ਵਿਚ ਇਹ ਸਵੈ-ਪੜਚੋਲ ਅਤੇ ਗਹਿਰੇ ਚਿੰਤਨ ਦੀ ਘੜੀ ਹੈ। ਅੰਦਰੂਨੀ ਅਤੇ ਬਾਹਰੀ ਤਾਕਤਾਂ ਨਾਲ ਗਿਆਨ, ਤਰਕ ਅਤੇ ਦ੍ਰਿੜ੍ਹ ਵਿਸ਼ਵਾਸ ਦੇ ਸਹਾਰੇ ਵਿਚਾਰ ਅਤੇ ਸੰਵਾਦ ਦੇ ਪੱਧਰ ਉੱਪਰ ਯਤਨ ਕਰਨ ਦੇ ਨਾਲ ਨਾਲ ਹਰ ਹੀਲੇ-ਵਸੀਲੇ ਕੌਮ ਨੂੰ ਚੜ੍ਹਦੀ ਕਲਾ ਵਿਚ ਰੱਖਣ ਦੇ ਨਾਲ ਨਾਲ ਸਿੱਖ ਸੰਸਥਾਵਾਂ ਅਤੇ ਗੁਰਮਤਿ ਸਿਧਾਂਤਾਂ ਦੀ ਸਰਵਉੱਚਤਾ ਨੂੰ ਕਾਇਮ ਕਰਨ ਅਤੇ ਸਿੱਖ ਦੀ ਰਫ਼ਤਾਰ, ਗੁਫ਼ਤਾਰ ਅਤੇ ਦਸਤਾਰ ਦੇ ਮਾਣ ਸਤਿਕਾਰ ਨੂੰ ਕਾਇਮ ਰੱਖਣ ਲਈ ਹਰ ਪੱਧਰ ਉੱਪਰ ਲਾਮਬੰਦ ਹੋ ਕੇ ਲੋਕਤੰਤਰੀ ਸਿਧਾਂਤਾਂ ਅਨੁਸਾਰ ਜੂਝਣ ਦੀ ਬੇਹੱਦ ਲੋੜ ਹੈ। ਲੋੜ ਇਹ ਹੈ ਕਿ ਜੋਸ਼ ਅਤੇ ਹੋਸ਼ ਤੋਂ ਕੰਮ ਲੈਂਦੇ ਹੋਏ ਗੁਰਮਤਿ ਸਿਧਾਂਤਾਂ ਦਾ ਲੜ ਫੜ ਕੇ ਗੁਰੂ ਸਾਹਿਬਾਨ ਦੀਆਂ ਵਿਸ਼ਵ-ਵਿਆਪੀ ਸਿੱਖਿਆਵਾਂ ਤੇ ਇਲਾਹੀ ਬਾਣੀ ਦੀ ਰੋਸ਼ਨੀ ਵਿਚ ਸਿੱਖ ਦੀ ਰਫ਼ਤਾਰ, ਗੁਫ਼ਤਾਰ ਤੇ ਦਸਤਾਰ, ਗ੍ਰੰਥ ਅਤੇ ਪੰਥ ਉੱਪਰ ਕਿਸੇ ਵੀ ਕਿਸਮ ਦੇ ਹਮਲੇ ਦਾ ਲੋਕਤੰਤਰੀ ਅਤੇ ਕਨੂੰਨੀ ਢੰਗ ਨਾਲ ਸਖ਼ਤ ਵਿਰੋਧ ਕਰਨ ਦੀ ਸੁਹਿਰਦ ਕੋਸ਼ਿਸ਼ ਕੀਤੀ ਜਾਵੇ। ਸਾਨੂੰ ਬੌਧਿਕ ਪੱਧਰ ਉੱਪਰ ਸੁਚੇਤ ਹੋਣ ਦੀ ਅਤੇ ਸਮੁੱਚੀ ਕੌਮ ਨੂੰ ਵਰਤਮਾਨ ਤੇ ਭਵਿੱਖ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਇਕ ਅਜਿਹਾ ਸਕਾਰਾਤਮਕ ਅਤੇ ਉਸਾਰੂ ਮਾਹੌਲ ਸਿਰਜਣ ਦੀ ਲੋੜ ਹੈ ਕਿ ਸਿੱਖ ਦੀ ਰਫ਼ਤਾਰ ਗੁਫ਼ਤਾਰ, ਦਸਤਾਰ, ਗੁਰੂ-ਗ੍ਰੰਥ ਅਤੇ ਗੁਰੂ-ਪੰਥ ਦੀ ਮਾਣ ਮਰਯਾਦਾ ਕਾਇਮ ਰਹੇ। ■

**ਨਾਮ ਜਪੋ, ਕਿਰਤ ਕਰੋ, ਵੰਡ ਛਕੋ**

# ਪੁਸਤਕ 'ਗੁਰਬਾਣੀ ਇਕ ਜੀਵਨ-ਜਾਚ' : ਇਕ ਅੰਤਰ-ਝਾਤ

*-ਗਿ. ਸੁਰਿੰਦਰ ਸਿੰਘ ਨਿਮਾਣਾ**

ਸ. ਸੁਖਦੇਵ ਸਿੰਘ ਸ਼ਾਂਤ ਦੁਆਰਾ ਨਵ-ਪ੍ਰਕਾਸ਼ਿਤ ਪੁਸਤਕ 'ਗੁਰਬਾਣੀ ਇਕ ਜੀਵਨ ਜਾਚ' ਵਿਦਵਾਨ ਸੱਜਣ ਦਾ ਇਕ ਬੜਾ ਹੀ ਸਾਰਥਕ ਉੱਦਮ ਹੈ। ਇਸ ਨੂੰ ਦੋ ਭਾਗਾਂ 'ਚ ਵੰਡ ਕੇ ਗੁਰਮਤਿ/ਪੰਜਾਬੀ ਪਾਠਕਾਂ ਦੇ ਭਰਪੂਰ ਲਾਹਾ ਲੈਣ ਦੇ ਨਿਸ਼ਕਾਮ ਉਦੇਸ਼ ਸਹਿਤ ਲੇਖਕ ਨੇ ਅਪਾਣੇ ਮੂਲ ਖੇਤਰ ਦੇ ਨਾਮਵਰ ਤੇ ਮਿਆਰੀ ਪ੍ਰਕਾਸ਼ਕ 'ਸੰਗਮ ਪਬਲਿਕੇਸ਼ਨ (ਪਟਿਆਲਾ) ਤੋਂ ਪ੍ਰਕਾਸ਼ਿਤ ਕਰਾਉਣ ਦਾ ਉਪਰਾਲਾ ਕੀਤਾ ਹੈ। ਇਹ ਲੇਖਕ ਦੁਆਰਾ ਉਮਰ ਭਰ ਦੇ ਆਪਣੇ ਗੁਰਬਾਣੀ ਪ੍ਰਤੀ ਸੱਚੀ ਖੋਜ ਅਤੇ ਗੁਰਮਤਿ ਜੀਵਨ-ਜਾਚ ਦਾ ਯਥਾਸੰਭਵ ਪ੍ਰਸਾਰ ਕਰਨ ਦੇ ਉਦੇਸ਼ ਨੂੰ ਸਾਹਮਣੇ ਰੱਖਦਿਆਂ ਪ੍ਰਕਾਸ਼ਿਤ ਕਰਵਾ ਕੇ ਗੁਰੂ ਸਾਹਿਬਾਨ ਅਤੇ ਗੁਰਬਾਣੀ ਪ੍ਰਤੀ ਆਪਣਾ ਡੂੰਘਾ ਸਤਿਕਾਰ ਪ੍ਰਗਟਾਇਆ ਗਿਆ ਹੈ। ਇਹ ਤੱਥ ਗੁਰਬਾਣੀ ਦੇ ਨਿਰੰਤਰ ਖੋਜੀ ਪਾਠਕ ਜਾਣਦੇ ਹਨ ਕਿ ਗੁਰੂ ਸਾਹਿਬਾਨ, ਭਗਤ ਸਾਹਿਬਾਨ, ਸੂਫੀ ਸੰਤਾਂ-ਫਕੀਰਾਂ ਅਤੇ ਗੁਰੂ-ਘਰ ਨਾਲ ਸੱਚੀ ਸ਼ਰਧਾ ਅਤੇ ਸਤਿਕਾਰ ਸਹਿਤ ਡੂੰਘੇਰੀ ਸਾਂਝ ਰੱਖਣ ਵਾਲੇ ਸਰਬ ਸਾਧਾਰਨ ਪਾਠਕਾਂ ਦੁਆਰਾ ਸ੍ਰੀ ਗੁਰੂ ਗ੍ਰੰਥ ਸਾਹਿਬ 'ਚ ਵਿਦਮਾਨ ਉੱਚੇ-ਸੁੱਚੇ ਵਿਚਾਰਾਂ ਅਤੇ ਸਿਧਾਂਤਾਂ ਨੂੰ ਪੜ੍ਹ-ਸਮਝ ਕੇ ਅਮਲ 'ਚ ਲਿਆ ਕੇ ਹੀ ਮਨੁੱਖ-ਮਾਤਰ ਅਤੇ ਸਮੁੱਚੇ ਸੰਸਾਰ ਦਾ ਬਹੁਪੱਖੀ ਭਲਾ ਸੰਭਵ ਹੋ ਸਕਦਾ ਹੈ। ਸ. ਸੁਖਦੇਵ ਸਿੰਘ ਵਰਗੇ ਗੁਰਮਤਿ ਵਿਚਾਰਧਾਰਾ ਨੂੰ ਡੂੰਘੀ ਤਰ੍ਹਾਂ ਸਮਝਣ ਵਾਲੇ ਲੇਖਕ ਆਪਣੇ ਸਮਕਾਲੀ ਪਾਠਕਾਂ ਨੂੰ ਗੁਰਮਤਿ ਸਿਧਾਂਤਾਂ ਨੂੰ ਹੋਰ ਵਧੇਰੇ ਚੰਗੀ ਤਰ੍ਹਾਂ ਸਮਝਣ, ਅਪਣਾਉਣ ਤੇ ਮੰਨਣ ਦੀ ਦਿਸ਼ਾ ਵੱਲ ਤੋਰਨ 'ਚ ਸਹਾਇਕ ਸਾਬਿਤ ਹੋ ਸਕਦੇ ਹਨ।

ਪੁਸਤਕ 'ਗੁਰਬਾਣੀ ਇੱਕ ਜੀਵਨ-ਜਾਚ' ਦੇ ਕੁੱਲ ੨੬ ਲੇਖ ਆਕਾਰ ਪੱਖੋਂ ਦਰਮਿਆਨੇ ਆਕਾਰ 'ਚ ਹਨ। ਲੇਖਕ ਦੁਆਰਾ ਖੁਦ ਇਸ ਜੀਵਨ-ਜਾਚ ਦੀਆਂ ਜੁਗਤਾਂ ਨੂੰ ਸਮਝ ਕੇ ਇਨ੍ਹਾਂ ਦੀ ਨਿਸ਼ਾਨਦੇਹੀ ਕਰਦਿਆਂ ਇਨ੍ਹਾਂ ਨੂੰ ਅਤਿ ਲੋੜੀਂਦੇ ਸਵੈ-ਕਾਬੂ ਅਧੀਨ ਰੱਖੀ ਗਈ ਵਿਚਾਰ-ਵਿਆਖਿਆ ਨਾਲ ਪਾਠਕਾਂ ਦੇ ਵਿਚਾਰ-ਗੋਚਰੇ ਕੀਤਾ ਗਿਆ ਹੈ। ਪਹਿਲਾ ਭਾਗ (ੳ) ਗੁਰਬਾਣੀ ਸਿਧਾਂਤ ਨਾਲ ਸੰਬੰਧਿਤ ੧੪ ਲੇਖਾਂ ਅਤੇ ਦੂਸਰਾ ਭਾਗ ਗੁਰਬਾਣੀ ਅਧਿਐਨ ਨਾਲ ਸੰਬੰਧਿਤ ੧੨ ਲੇਖਾਂ ਦਾ ਹੈ। ਇਨ੍ਹਾਂ ਲੇਖਾਂ ਨੂੰ ਪ੍ਰਸਤੁਤ ਕਰਦਿਆਂ ਲੇਖਕ ਨੇ ਇਕ ਤਰ੍ਹਾਂ ਆਪਣੀ ਦਹਾਕਿਆਂ ਤੋਂ ਅਧਿਐਨ-ਵਿਸ਼ਲੇਸ਼ਣ ਕਰਨ ਮਗਰੋਂ ਹਾਸਲ ਤੱਤ-ਸਾਰ ਨੂੰ ਆਪਣੇ ਪਾਠਕਾਂ ਦੇ

**#੫, ਹੰਸਲੀ ਕਵਾਟਰਜ਼, ਨਿਊ ਹੁਸੈਨਪੁਰਾ, ਸ੍ਰੀ ਅੰਮ੍ਰਿਤਸਰ- ੧੪੩੦੦੧; ਮੋ. +੯੧੯੮੭੨੨-੩੫੧੧੧*

ਧਿਆਨ 'ਚ ਇਸ ਉੱਪਰ ਅਮਲ ਦੀ ਆਸ ਰੱਖਦਿਆਂ ਸਾਂਝਾ ਕੀਤਾ ਗਿਆ ਹੈ।

ਪਹਿਲੇ ਭਾਗ (ੳ) ਦਾ ਪਹਿਲਾ ਲੇਖ ਇਕ ਪ੍ਰਸ਼ਨ ਸੂਚਕ ਢੰਗ 'ਚ ਇਸ ਪੁਸਤਕ ਦੇ ਪਾਠਕਾਂ ਦੀ ਜਗਿਆਸਾ ਨੂੰ ਜਗਾਉਂਦਿਆਂ ਇਹ ਨਿਚੋੜ ਪ੍ਰਸਤੁਤ ਕਰਨ ਦਾ ਮਨੋਭਾਵ ਰੱਖਦਾ ਹੈ ਕਿ ਮਨੁੱਖ ਸਰੀਰਿਕ ਵੀ ਹੈ, ਮਾਨਸਿਕ ਵੀ ਅਤੇ ਆਤਮਿਕ ਵੀ। ਲੇਖਕ ਨੇ ਇਹ ਸਿੱਟਾ ਵਿਵੇਕਪੂਰਨ ਵਿਚਾਰ-ਚਰਚਾ ਨੂੰ ਲੋੜੀਂਦੇ ਵਿਸਥਾਰ-ਸਹਿਤ ਗਤੀਸ਼ੀਲ ਕਰਦਿਆਂ ਵਿਚਾਰ, ਦਲੀਲ ਅਤੇ ਉੱਚਿਤਤਾ ਨੂੰ ਨਜ਼ਰ 'ਚ ਰੱਖਦਿਆਂ ਹੀ ਸਿੱਧ ਕਰਨ ਦਾ ਜਤਨ ਕੀਤਾ ਹੈ। ਇਸ ਰੂਪ 'ਚ ਪਾਠਕ ਨੂੰ ਆਪਣੇ ਵਿਚਾਰ-ਪ੍ਰਵਾਹ ਦੇ ਨਾਲ-ਨਾਲ ਤੋਰਦਿਆਂ ਅੰਤ 'ਚ ਭਲੀ-ਭਾਂਤ ਸਪੱਸ਼ਟ ਕੀਤਾ ਗਿਆ ਹੈ ਕਿ ਸਾਨੂੰ ਮਨੁੱਖ ਹੁੰਦਿਆਂ ਸਮੁੱਚੇ ਤੌਰ 'ਤੇ ਆਪਣੀ ਆਤਮਾ ਪ੍ਰਤੀ ਉੱਚਿਤ ਲੋੜੀਂਦੇ ਰੂਪ 'ਚ ਸੰਵੇਦਨਾਤਮਿਕ, ਸਰੀਰ ਦੀ ਉੱਚਿਤ ਆਵੱਸ਼ਕ ਸਾਂਭ-ਸੰਭਾਲ ਤੇ ਮਨ ਨੂੰ ਗੁਰੂ ਦੇ ਸੱਚੇ ਗਿਆਨ ਦੇ ਬਖਸ਼ੇ ਉਜਾਲੇ 'ਚ ਖੁਦ ਨੂੰ ਗਤੀਸ਼ੀਲ ਅਤੇ ਯੋਗ ਟਿਕਾਣੇ ਸਿਰ ਰੱਖਣ ਦੀ ਲੋੜ ਹੈ। ਲੇਖਕ ਨੇ ਗੁਰਬਾਣੀ ਦੇ ਨਾਲ-ਨਾਲ ਪ੍ਰਾਚੀਨ ਭਾਰਤੀ ਚਾਰਵਾਕ ਫ਼ਲਸਫ਼ੇ ਅਤੇ ਆਧੁਨਿਕਤਮ ਮਨੋਵਿਗਿਆਨੀਆਂ ਦੁਆਰਾ ਮਨ ਦੇ ਵਿਸ਼ਲੇਸ਼ਣ ਕਰਨ ਦੀ ਲੋੜ ਮਹਿਸੂਸ ਕਰਾਉਂਦਿਆਂ ਮਨੁੱਖ ਨੂੰ ਸਰੀਰਿਕ ਖੁਰਾਕ, ਮਾਨਸਿਕ ਖੁਰਾਕ ਅਤੇ ਆਤਮਿਕ ਹੁਲਾਸ ਰੂਪ ਖੁਰਾਕ ਪ੍ਰਤੀ ਸਮਤੋਲ ਸਿਰਜਣ ਦਾ ਮਹੱਤਵ ਦ੍ਰਿੜ੍ਹ ਕਰਾਉਣ ਦੀ ਕੋਸ਼ਿਸ਼ ਕੀਤੀ ਹੈ ਜਿਸ ਵਿਚ ਲੇਖ ਮੇਰੀ ਦ੍ਰਿਸ਼ਟੀ 'ਚ ਇੱਛਿਤ ਰੂਪ 'ਚ ਸਫਲ ਹੈ।

'ਆਪੁ ਪਛਾਣੈ ਸੋ ਸਭਿ ਗੁਣ ਜਾਣੈ' ਸਰਬੋਤਮ ਸਮਝੀ ਜਾਂਦੀ ਇਸ ਧਰਤੀ ਦੇ ਕਰੋੜਾਂ ਪ੍ਰਕਾਰ ਦੇ ਭਿੰਨ-ਭਿੰਨ ਜੀਵਾਂ-ਜੰਤੂਆਂ ਦੇ ਖੁਦ ਨੂੰ ਸਰਦਾਰ ਜਾਂ ਮੋਹਰੀ ਸਮਝਣ ਵਾਲੇ ਮਨੁੱਖ ਨੂੰ ਆਪਣੇ ਆਪ ਦੀ ਵਾਸਤਵਿਕ ਸੋਝੀ ਪ੍ਰਾਪਤ ਕਰਨ ਦੀ ਉੱਚਿਤ ਦਿਸ਼ਾ 'ਚ ਤੋਰਨ ਦਾ ਲੇਖਕ ਸ਼ਾਂਤ ਦਾ ਇਕ ਵਿਚਾਰਾਤਮਿਕ ਜਤਨ ਹੈ। ਲੇਖਕ ਇਸ ਲੇਖ ਦਾ ਅਰੰਭ ਜ਼ਿਆਦਾਤਰ ਅਗਿਆਨਤਾ 'ਚ ਫਸੇ ਮਨੁੱਖ ਦੀ ਇਸ ਅਵੇਸਲੇਪਣ ਰੂਪ ਕਮਜ਼ੋਰੀ ਥੱਲੇ ਲਕੀਰ ਲਾਉਂਦਾ ਹੋਇਆ ਕਰਦਾ ਹੈ। ਉਦਾਹਰਨ ਦੇ ਤੌਰ 'ਤੇ ਲੇਖ ਦਾ ਅਰੰਭ ਕਰਦਾ ਪਹਿਲਾ ਵਾਕ ਹੈ :

"ਦੁਨੀਆਂ ਵਿਚ ਅਜਿਹੇ ਵਿਅਕਤੀ ਬਹੁਤ ਵਿਰਲੇ ਹਨ, ਜੋ ਰਾਤ ਨੂੰ ਸੌਣ ਤੋਂ ਪਹਿਲਾਂ ਆਪਣੀਆਂ ਸਾਰੇ ਦਿਨ ਦੀਆਂ ਕਿਰਿਆਵਾਂ ਦਾ ਜਾਇਜ਼ਾ ਲੈਂਦੇ ਹੋਣ, ਆਪਣੀਆਂ ਦਿਨ ਭਰ ਵਿਚ ਕੀਤੀਆਂ ਗ਼ਲਤੀਆਂ ਅਤੇ ਬੋਲੇ ਬੁਰੇ ਬਚਨਾਂ ਦੀ ਪੜਤਾਲ ਕਰ ਕੇ, ਉਨ੍ਹਾਂ ਨੂੰ ਅੱਗੋਂ ਵਾਸਤੇ ਤਿਆਗਣ ਦਾ ਪ੍ਰਣ ਕਰਦੇ ਹੋਣ।"

"ਦੁਨੀਆ ਭਰ ਦੇ ਮਹਾਂਪੁਰਸ਼ ਵਿਦਵਾਨ ਤੇ ਪੈਗ਼ੰਬਰ ਸਦਾ ਆਪਣਾ ਆਪ ਪਛਾਣਨ 'ਤੇ ਜ਼ੋਰ ਦਿੰਦੇ ਆਏ ਹਨ।"

ਗੁਰਮਤਿ ਅਨੁਸਾਰ ਮਨੁੱਖ ਨੂੰ ਆਪਾ ਪਛਾਣਨ ਲਈ ਕ੍ਰਿਆਸ਼ੀਲ/ਯਤਨਸ਼ੀਲ

ਰਹਿਣ ਲਈ ਵਿਭਿੰਨ ਦਲੀਲਾਂ ਤੇ ਵਿਚਾਰ-ਉਦਾਹਰਨਾਂ ਨਾਲ ਆਪੇ ਦੀ ਪਛਾਣ ਕਰਨ ਦੇ ਰਾਹੇ ਤੋਰਨ ਦੀ ਭਰਪੂਰ ਕੋਸ਼ਿਸ਼ ਕੀਤੀ ਗਈ ਹੈ। ਨੌਵੇਂ ਮਹਲੇ ਦੇ ਸ਼ਬਦ ਨੂੰ ਸੰਪੂਰਨ ਕਰਦੀ ਅੰਤਲੀ ਪਾਵਨ ਪੰਕਤੀ :

*ਜਨ ਨਾਨਕ ਬਿਨੁ ਆਪਾ ਚੀਨੈ ਮਿਟੈ ਨ ਭ੍ਰਮ ਕੀ ਕਾਈ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੬੮੪)*

ਲੇਖ ਦੇ ਸੰਭਾਵੀ ਪਾਠਕਾਂ ਨੂੰ ਲੇਖ ਦਾ ਮੂਲ ਭਾਵ ਚੇਤੇ 'ਚ ਵਸਾਉਣਾ ਯਕੀਨੀ ਬਣਾ ਦਿੱਤਾ ਹੈ।

'ਸੁਚਿ ਹੋਵੈ ਤਾ ਸਚੁ ਪਾਈਐ' ਲੇਖ ਵਿਚ ਸੁੱਚ ਰੂਪੀ ਨਿਰਮਲਤਾ ਨਾਲ ਆਲਸ ਤੇ ਅਵੇਸਲਾਪਣ ਖਤਮ ਹੋ ਸਕਦਾ ਹੈ। ਗੁਰੂ ਨਾਨਕ ਸਾਹਿਬ ਅਨੁਸਾਰ ਕਿ ਸੁੱਚੇ ਕੀਤੇ ਹੋਏ ਭਾਂਡੇ 'ਚ ਹੀ ਕੋਈ ਚੀਜ਼ ਵਸਤ ਠੀਕ ਰਹਿੰਦੀ ਹੈ, ਲੇਖਕ ਨੇ ਅੰਦਰੋਂ ਅਤੇ ਬਾਹਰੋਂ ਦੋਨਾਂ ਪੱਖਾਂ ਤੋਂ ਨਿਰਮਲ ਹੋਣ ਲਈ ਮਾਰਗ ਦਰਸ਼ਨ ਕਰਨ ਦੀ ਚੇਸ਼ਟਾ ਕੀਤੀ ਹੈ।

'ਸਚੁ ਸਭਨਾ ਹੋਇ ਦਾਰੂ' ਕੀ ਇਸ ਸੰਸਾਰ 'ਚ ਅਤੇ ਕੀ ਉਸ ਪਰਮਾਤਮਾ ਦੇ ਸਨਮੁਖ ਸਮੇਂ ਕੇਵਲ ਤੇ ਕੇਵਲ 'ਸਚੁ' ਹੀ ਪ੍ਰਭਾਵਕਾਰੀ ਹੈ। 'ਜਪੁ' ਬਾਣੀ (ਮ:੧) ਦੇ ਅਰੰਭਕ ਸਲੋਕ ਤੋਂ ਮਗਰੋਂ ਪਹਿਲੇ ਗੁਰੂ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਉਚਰਿਤ ਪਾਵਨ ਪੰਕਤੀਆਂ ਦੇ ਵਿਚਾਰਾਂ-ਨੁਕਤਿਆਂ ਦੁਆਰਾ ਲੇਖਕ ਨੇ ਇਸ ਲੇਖ ਦੁਆਰਾ 'ਸਚੁ' ਦੀ ਪ੍ਰਭਾਵਿਕਤਾ ਨੂੰ ਪੁਸ਼ਟ ਕਰਨ ਦਾ ਬਾਕਮਾਲ ਯਤਨ ਕੀਤਾ ਹੈ। ਸਾਨੂੰ ਇਹ ਵੀ ਗਿਆਤ ਹੁੰਦਾ ਹੈ ਕਿ 'ਸਚੁ' ਨੂੰ ਗੁਰੂ ਜੀ ਨੇ ਸਿਧਾਂਤ ਪੇਸ਼ਕਾਰੀ 'ਚ ਵੀ ਕਿੰਨੀ ਅਹਿਮੀਅਤ ਦਿੱਤੀ ਸੀ। ਇਸੇ ਪ੍ਰਭਾਵ ਦੇ ਸਿੱਟੇ ਵਜੋਂ ਸਿੱਖ ਪੰਥ ਅਮਲੀ ਤੌਰ 'ਤੇ ਵੀ ਸਚੁ ਦਾ ਹੀ ਪਹਿਰੇਦਾਰ ਰਿਹਾ ਭਾਵੇਂ ਉਸ ਨੂੰ ਕਿੰਨੀ ਸਖ਼ਤ ਪ੍ਰੀਖਿਆ 'ਚੋਂ ਗੁਜ਼ਰਨਾ ਪਿਆ।

ਕਿਉਂ ਜੁ ਸਿੱਖ ਪੰਥ ਦੀਆਂ ਕੁਝ ਕੁ ਸੰਪਰਦਾਵਾਂ 'ਚ ਤਿਆਗ ਦਾ ਤੱਤ ਕਾਫੀ ਅਸਰਅੰਦਾਜ਼ ਹੈ ਜਿਸ ਕਰਕੇ ਲੇਖਕ ਨੇ 'ਗੁਰਮਤਿ ਅਤੇ ਤਿਆਗ' ਦੇ ਵਿਸ਼ੇ-ਵਸਤੂ ਨੂੰ ਗੁਰਮਤਿ ਦੇ ਵਿਸਤ੍ਰਿਤ ਅਧਿਐਨ ਵਿਸ਼ਲੇਸ਼ਣ ਕਰਨ ਦੀ ਬਿਨਾਅ 'ਤੇ ਇਸ ਨੂੰ ਸਪੱਸ਼ਟਤਾ ਦੇਣ ਦਾ ਹੀਲਾ-ਵਸੀਲਾ ਬਣਾਇਆ ਹੈ ਕਿ ਗੁਰਮਤਿ ਵਿਚ ਤਿਆਗ ਦੇਣ ਯੋਗ ਅਣਇੱਛਿਤ ਵਸਤਾਂ ਤੇ ਵਰਤਾਰੇ ਕਿਹੜੇ-ਕਿਹੜੇ ਹਨ। ਲੇਖਕ ਨੇ ਸਪੱਸ਼ਟ ਕੀਤਾ ਹੈ ਕਿ ਗੁਰਮਤਿ 'ਚ ਘਰ-ਗ੍ਰਿਹਸਤ ਦਾ ਤਿਆਗ ਕਤਈ ਪ੍ਰਵਾਨ ਨਹੀਂ। ਸਿਰਫ਼ ਕੁਝ ਸੰਪਰਦਾਵਾਂ ਅਤੇ 'ਅਖੌਤੀ ਸੰਤ' ਹੀ ਇਸ ਨੂੰ ਸੁਚੇਤ/ਅਚੇਤ ਉਭਾਰ ਕੇ ਗੁਰਮਤਿ ਪ੍ਰਤੀ ਸਮਝਦਾਰੀ 'ਚ ਕਮੀ ਦਾ ਸਬੂਤ ਦਿੰਦੇ ਹਨ। ਗ੍ਰਿਹਸਤ ਕਸੌਟੀ ਹੈ। ਇਹ ਵੀ ਤਪ ਹੈ ਬਲਕਿ ਇਹੀ ਸੱਚਾ ਤਪ ਹੈ। ਇਹੀ ਕਲਿਆਣਕਾਰੀ ਹੈ। ਸੰਸਾਰ ਦਾ ਭਾਵ ਕਿ ਪਰਵਾਰ, ਪਤਨੀ, ਬੱਚਿਆਂ ਨੂੰ ਪੂਰੀ ਤਰ੍ਹਾਂ ਅਣਗੌਲ ਕੇ ਉਨ੍ਹਾਂ ਪ੍ਰਤੀ

ਜ਼ਿੰਮੇ ਲਗਦੇ ਕਰਤੱਵ ਨਾ ਨਿਭਾ ਕੇ ਕੁਝ ਸਿੱਖ ਕਹਾਉਣ ਵਾਲੇ ਗੁਰਮਤਿ ਵਿਚਾਰਧਾਰਾ ਨਾਲ ਜੁੜਨ ਦਾ ਝੂਠਾ ਦਿਖਾਵਾ ਹੀ ਕਰਦੇ ਹਨ। ਲੇਖਕ ਦੇ ਇਸ ਦਿਸ਼ਾ 'ਚ ਸਿਰਫ਼ ਦੋ ਵਿਚਾਰ ਦੇਣਾ ਚਾਹਵਾਂਗਾ :-

"ਗੁਰਬਾਣੀ ਦਾ ਸਹਜ-ਯੋਗ ਸੰਜਮ ਦਾ ਮਾਰਗ ਹੈ। ਇਸ ਵਿਚ ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ ਨੂੰ ਦੂਰ ਕਰਨ ਲਈ ਇਨ੍ਹਾਂ ਦੀ ਥਾਂ ਗੁਣਾਂ ਨੂੰ ਅਪਣਾਉਣ 'ਤੇ ਜ਼ੋਰ ਦਿੱਤਾ ਗਿਆ ਹੈ। ਕਾਮ ਦੇ ਭੈੜੇ ਰੂਪ ਦੀ ਥਾਂ ਪਵਿੱਤਰ ਅਤੇ 'ਏਕਾ ਨਾਰੀ ਜਤੀ' ਵਾਲੇ ਗ੍ਰਹਿਸਤ ਨੂੰ ਅਪਣਾਉਣ ਦਾ ਸੰਦੇਸ਼ ਦਿੱਤਾ ਗਿਆ ਹੈ।" (ਸਫਾ ੨੯)

"ਕਈ ਵਾਰ ਇਹ ਦਲੀਲ ਘੜ ਕੇ ਕਿ ਸਿੱਖ ਧਰਮ ਸੰਨਿਆਸੀਆਂ ਤੇ ਜੋਗੀਆਂ ਦਾ ਧਰਮ ਨਹੀਂ, ਇਸ ਲਈ ਹਰ ਤਰ੍ਹਾਂ ਦੀ ਐਸ਼ੋ-ਇਸ਼ਰਤ ਮਾਣੀ ਜਾ ਸਕਦੀ ਹੈ, ਆਪਣੇ ਆਪ ਨੂੰ ਗੁਮਰਾਹ ਕੀਤਾ ਜਾਂਦਾ ਹੈ। ਇਹ ਠੀਕ ਹੈ ਕਿ ਗੁਰਮਤਿ ਦਾ ਮਾਰਗ ਸੰਨਿਆਸ ਦਾ ਮਾਰਗ ਨਹੀਂ ਪਰ ਇਹ ਯਾਦ ਰੱਖਣ-ਯੋਗ ਹੈ ਕਿ ਸਿੱਖ ਧਰਮ ਸਬਰ, ਸੰਤੋਖ ਤੇ ਸੰਜਮ ਦਾ ਮਾਰਗ ਹੈ ਸਰੀਰ ਨੂੰ ਕਸ਼ਟ ਵਾਲੇ ਤੱਥਾਂ ਦੀ ਨਿਖੇਧੀ ਕੀਤੀ ਗਈ ਹੈ ਪਰ ਸਰੀਰ ਨੂੰ ਵਿਲਾਸ-ਮਈ ਰੱਖਣ ਦੀ ਪ੍ਰੇਰਨਾ ਵੀ ਕਿਤੇ ਨਹੀਂ ਕੀਤੀ ਗਈ।" (ਸਫਾ ੩੦)

'ਸੰਗਤ ਅਤੇ ਮਨੁੱਖੀ ਵਿਕਾਸ' ਮਨੁੱਖ ਨੂੰ ਚੰਗੇ ਅਤੇ ਠੀਕ ਸੇਧ 'ਚ ਜੀਵਨ ਗੁਜ਼ਾਰਨ ਵਾਲੇ ਧੀਰਜਵਾਨ ਅਤੇ ਸੰਤੋਖੀ ਮਨੁੱਖਾਂ ਦਾ ਸੰਗ-ਸਾਥ ਰੱਖਣ ਅਤੇ ਭਟਕੇ ਹੋਏ ਸਮਾਜ ਵਿਰੋਧੀ ਅਨਸਰਾਂ ਨਾਲ ਕੋਈ ਲੈਣ-ਦੇਣ ਨਾ ਰੱਖਣ ਦਾ ਸੁਚੇਤਨਤਾ ਵਾਲਾ ਉਸਾਰੂ ਸੁਨੇਹਾ ਦਿੰਦਾ ਲੇਖ ਹੈ। ਲੇਖਕ ਨੇ ਸੁਹਣੇ ਸਪੱਸ਼ਟ ਸ਼ਬਦਾਂ ਤੇ ਸ਼ੈਲੀ 'ਚ ਖੂਬ ਸਪੱਸ਼ਟ ਕੀਤਾ ਹੈ ਕਿ ਸੰਗਤ ਕੀ ਹੈ:-

"ਜਿੱਥੇ ਪਰਮਾਤਮਾ ਦੇ ਨਾਮ ਦਾ ਚਰਚਾ ਹੈ, ਜਿੱਥੇ ਉਸ ਦੀ ਸਿਫਤ ਸਲਾਹ ਹੁੰਦੀ ਹੈ ਅਤੇ ਜਿੱਥੇ ਉਸ ਦੇ ਨਾਮ ਦਾ ਸਿਮਰਨ ਤੇ ਕੀਰਤਨ ਹੁੰਦਾ ਹੈ, ਉਹ ਸਤਿਸੰਗਤ ਹੈ।" (ਸਫਾ ੩੩)

'ਵਿੱਦਿਆ ਦਾ ਮਨੋਰਥ' ਬੜਾ ਹੀ ਅਰਥ ਭਰਪੂਰ ਤੇ ਉਪਯੋਗੀ ਲੇਖ ਹੈ ਜੋ ਕਿ ਇਕ ਅਤਿ ਮੁੱਲਵਾਨ ਨੁਕਤੇ ਨੂੰ ਉਭਾਰਦਾ ਹੈ ਕਿ ਵਿੱਦਿਆ ਦਾ ਮੂਲ ਮੁੱਢਲਾ ਮਨੋਰਥ ਮਨੁੱਖ ਦਾ ਸਰਬਪੱਖੀ ਵਿਕਾਸ ਯਕੀਨੀ ਬਣਾਉਣਾ ਹੈ ਭਾਵੇਂ ਕਿ ਅੱਜ ਦੇ ਯੁੱਗ 'ਚ ਇਸ ਨੂੰ ਵਿਚਾਰਾਤਮਿਕ ਵਿਕਾਸ ਤਕ ਸੀਮਿਤ ਨਾ ਰੱਖਦਿਆਂ ਮੂਲ ਗਿਆਨ, ਤਕਨੀਕੀ ਗਿਆਨ ਅਤੇ ਰੁਜ਼ਗਾਰ ਜਾਂ ਨੌਕਰੀ ਆਦਿ ਮਨੋਰਥਾਂ ਨਾਲ ਵੀ ਜੁੜਨਾ ਪਿਆ ਹੈ ਜਿਸ ਨੂੰ ਹੁਣ ਕਤਈ ਦਰਕਿਨਾਰ ਨਹੀਂ ਕੀਤਾ ਜਾ ਸਕਦਾ। ਇਹ ਜਿੱਥੇ ਵਿਦਿਆਰਥੀ ਨੂੰ ਪ੍ਰਸਪਰ ਮੇਲ-ਜੋਲ, ਸੇਵਾ-ਭਾਵ ਅਤੇ ਪਰਉਪਕਾਰ ਸਿਖਾਏ, ਉੱਥੇ ਰੁਜ਼ਗਾਰ ਦਾ ਯੋਗ ਵਸੀਲਾ ਵੀ ਬਣੇ ਜੋ ਕਿ ਗੁਰੂ ਸਾਹਿਬ ਦੇ ਯੁੱਗ 'ਚ ਅਜੋਕੇ ਯੁੱਗ ਵਾਲੀ ਸਥਿਤੀ ਨਾਲ ਹੋਣ ਕਰਕੇ ਬਹੁਤਾ ਵੱਡਾ ਪਾਸਾਰ ਨਹੀਂ ਸੀ। ਜਿੱਥੇ ਗੁਰੂ ਨਾਨਕ

ਪਾਤਸ਼ਾਹ ਦਾ ਸੇਧ ਪੂਰਨ ਬਚਨ *ਵਿਦਿਆ ਵੀਚਾਰੀ ਤਾਂ ਪਰਉਪਕਾਰੀ* ਚੇਤੇ ਰੱਖਣ ਦੀ ਲੋੜ ਹੈ, ਉੱਥੇ ਅਜੋਕੇ ਯੁੱਗ 'ਚ ਭਗਤ ਕਬੀਰ ਜੀ ਦੁਆਰਾ ਪ੍ਰਗਟ ਪਾਵਨ ਮੁੱਲਵਾਨ ਕਥਨ ਵੀ ਕਿ :

*ਮਾਇਆ ਕਾਰਨ ਬਿਦਿਆ ਬੇਚਹੁ ਜਨਮੁ ਅਬਿਰਥਾ ਜਾਈ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੦੩)*

ਕਦਾਚਿਤ ਵੀ ਨਹੀਂ ਅਣਗੌਲਿਆ ਜਾਣਾ ਚਾਹੀਦਾ, ਕਿਉਂਕਿ ਅੱਜ ਵਿੱਦਿਆ ਵਪਾਰੀਆਂ ਦੇ ਹੱਥਾਂ 'ਚ ਆਉਣ ਕਰਕੇ ਅਤੇ ਤਤਕਾਲੀ ਸਰਕਾਰਾਂ ਵੱਲੋਂ ਇਸ ਤੋਂ ਹੱਥ ਪਿਛਾਂਹ ਖਿੱਚਣੇ ਸ਼ੁਰੂ ਕਰ ਕੇ ਇਸ ਨੂੰ ਵੱਡੇ ਪੂੰਜੀਪਤੀ ਸਰਮਾਏਦਾਰਾਂ ਦੁਆਰਾ ਲੁੱਟਣ ਦਾ ਵਰਤਾਰਾ ਬਣਾ ਦਿੱਤਾ ਗਿਆ ਹੈ। ਗੁਰੂ ਨਾਨਕ ਪਾਤਸ਼ਾਹ ਅਸਲ ਪੰਡਿਤ (ਵਿਦਵਾਨ) ਨੂੰ ਪਰਿਭਾਸ਼ਤ ਕਰਦਿਆਂ ਹੋਇਆ ਦਰਸਾਉਂਦੇ ਹਨ ਕਿ ਪਰਮਾਤਮਾ ਦਾ ਨਾਮ ਕਮਾਉਣ ਵਾਲਾ ਅਸਲ ਪੰਡਿਤ/ਵਿਦਵਾਨ ਹੋ ਸਕਦਾ ਹੈ।

ਲੇਖ "ਭੈ ਕਾਹੂ ਕਉ ਦੇਤ ਨਹਿ . . ." ਨੌਵੇਂ ਪਾਤਸ਼ਾਹ ਜੀ ਦੇ ਇਕ ਸਲੋਕ ਦੀ ਪਹਿਲੀ ਪਾਵਨ ਪੰਕਤੀ ਦਾ ਅੱਧਾ ਹਿੱਸਾ ਸਿਰਲੇਖ ਦੇ ਤੌਰ 'ਤੇ ਰੱਖਦਿਆਂ ਲੇਖਕ ਨੇ ਗੁਰੂ ਨਾਨਕ ਸਾਹਿਬ ਦੁਆਰਾ ਆਪਣੇ ਯੁੱਗ ਦੀ ਰਾਜਾਸ਼ਾਹੀ ਤੇ ਬਾਦਸ਼ਾਹੀ ਨਿਜ਼ਾਮ ਦੀ ਅੰਨ੍ਹੀ ਬਹੁਪੱਖੀ ਲੋਕ-ਲੁੱਟ ਦਾ ਵਰਤਾਰਾ ਮੱਦੇਨਜ਼ਰ ਕਰਦਿਆਂ, ਅਜੋਕੇ ਸਿੱਖ ਸਮੁਦਾਇ ਨੂੰ ਵਿਕਾਰਾਂ ਵਿਗਾੜਾਂ ਤੋਂ ਸੁਚੇਤ ਕਰਦਿਆਂ ਨਿਰਭੈਤਾ ਅਤੇ ਨਿਰਵੈਰਤਾ ਨੂੰ ਦ੍ਰਿੜ੍ਹਤਾ ਸਹਿਤ ਅਪਣਾਉਣ ਦੀ ਪ੍ਰੇਰਨਾ ਕੀਤੀ ਹੈ।

"ਹਿੰਦੂ ਤੁਰਕ ਦੁਹ ਹੂੰ ਮਹਿ ਏਕੈ" ਗੁਰੂ-ਕਾਲ ਦੇ ਦੋ ਪ੍ਰਮੁੱਖ ਧਾਰਮਿਕ ਸਮੁਦਾਵਾਂ ਨੂੰ ਪ੍ਰਸਪਰ ਪਿਆਰ, ਮਿਲਵਰਤਨ ਤੇ ਰਵਾਦਾਰੀ ਨਾਲ ਮਿਲ-ਜੁਲ ਕੇ ਚਲਦਿਆਂ ਛਲ ਫਰੇਬ, ਫਿਰਕੂਵਾਦ ਤੇ ਸੰਪਰਦਾਇਕ ਵਿਵਾਦਾਂ ਤੋਂ ਸਾਵਧਾਨੀ ਸਹਿਤ ਬਚਣ ਤੇ ਸਾਰੀ ਮਨੁੱਖਤਾ ਨੂੰ ਇਕ ਪਿਆਰ ਦੇ ਧਾਗੇ 'ਚ ਪਿਰੋਣ ਦਾ ਸਮਰਥਨ ਕਰਦਾ ਲੇਖ ਹੈ ਜੋ ਕਿ ਸਪੱਸ਼ਟ ਕਰਦਾ ਹੈ ਕਿ ਧਰਮ ਪਰਮਾਤਮਾ ਦੇ ਘਰ ਨੂੰ ਲਿਜਾਣ ਵਾਲੇ ਰਾਹ-ਰਸਤੇ ਬਣਨੇ ਚਾਹੀਦੇ ਹਨ ਨਾ ਕਿ ਸੰਪਰਦਾਇਕਤਾ ਤੇ ਪ੍ਰਸਪਰ ਦੂਰੀਆਂ ਪੈਦਾ ਕਰਨ ਵਾਲੇ। ਜਾਤ-ਪਾਤ ਦੇ ਸਾਰੇ ਵਿਤਕਰੇ ਵਿਅਰਥ ਹਨ। ਸੰਸਾਰ ਭਰ 'ਚ ਇਨਸਾਨ ਇਕ ਸਮਾਨ ਹਨ।

'ਸੋ ਕਿਉ ਮੰਦਾ ਆਖੀਐ' ਅੱਜ ਦੇ ਏਨੇ ਅਗਾਂਹਵਧੂ ਯੁੱਗ 'ਚ ਵੀ ਅਜੇ ਤਕ ਲਿੰਗ ਵਿਤਕਰੇ ਹੋਣ ਦੇ ਸਵਾਲ ਉੱਪਰ ਸਾਨੂੰ ਡੂੰਘਾ ਚਿੰਤਨ ਕਰਦਿਆਂ ਇਸਤਰੀ ਜਾਤੀ ਨਾਲ ਅਜੇ ਵੀ ਹੋ ਰਹੇ ਬਹੁਪ੍ਰਕਾਰੀ ਵਖਰੇਵਿਆਂ ਤੇ ਭੇਦ-ਭਾਵਾਂ ਨੂੰ ਇਕਦਮ ਖਤਮ ਕਰ ਦੇਣ ਦੀ ਨਿਰਮਲ ਪ੍ਰੇਰਨਾ ਤੋਂ ਪ੍ਰੇਰਿਤ ਲੇਖ ਹੋਣ ਕਰ ਕੇ ਪੜ੍ਹਨ, ਜਾਣਨ ਤੇ ਅਮਲ 'ਚ ਲਿਆਉਣ ਯੋਗ ਵਿਚਾਰ-ਪ੍ਰਵਾਹ ਨੂੰ ਗਤੀਸ਼ੀਲ ਕਰਨ ਵਾਲਾ ਇਕ ਸਾਰਥਕ ਵਿਚਾਰਾਂ ਦਾ ਗੁਲਦਸਤਾ ਹੈ।

'ਸਿੱਖ ਸੱਭਿਆਚਾਰ ਅਤੇ ਬਾਣੀ' ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਰਬ-ਕਲਿਆਣਕਾਰੀ ਵਿਚਾਰਧਾਰਾ ਦੀ ਆਧਾਰਸ਼ਿਲ੍ਹਾ ਉੱਪਰ ਉੱਸਰੇ ਸਿੱਖ ਜੀਵਨ ਢੰਗ ਤੇ ਅਮਲ-ਓ-ਕਰਮ ਦੇ ਸਹੀ ਅਰਥਾਂ 'ਚ ਗੁਣਾਤਮਿਕ ਪੱਖ-ਪਾਸਾਰ ਨੂੰ ਅਜੋਕੇ ਨਕਾਰਾਤਮਿਕ ਬਦਲਾਵਾਂ ਦੇ ਯੁੱਗ 'ਚ ਇਸ ਦੇ ਵਾਸਤਵਿਕ ਮੂਲ ਨੂੰ ਸੰਭਾਲ ਕੇ ਸੁਰੱਖਿਅਤ ਕਰਦਿਆਂ ਹੀ ਵਿਕਾਸ-ਵਿਗਾਸ ਹੋਣ ਦੀ ਸੁਨਿਸ਼ਚਤਤਾ ਨੂੰ ਸਿੱਧ ਕਰਦਾ ਅਤਿ ਨਰੋਏ ਤੇ ਲਾਹੇਵੰਦ ਵਿਚਾਰਾਂ ਦਾ ਖ਼ਜ਼ਾਨਾ ਹੈ ਜਿਸ 'ਚੋਂ ਦਾਲ 'ਚੋਂ ਦਾਣਾ ਟੋਹਣ ਸਮਾਨ ਦੋ ਕੁ ਵਿਚਾਰ ਸੁਝਾਅ ਹੀ ਪਾਠਕਾਂ ਦੇ ਸਨਮੁਖ ਵਿਚਾਰ ਤੇ ਅਮਲ ਕਰਨ-ਕਮਾਉਣ ਹਿੱਤ ਰੱਖੇ ਜਾਣ ਦੀ ਗੁੰਜਾਇਸ਼ ਹੈ :-

**੧.** "ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚ ਮਨੁੱਖ ਦੇ ਜੀਵਨ ਦੇ ਹਰ ਪੱਖ ਨੂੰ ਚੰਗਾ ਬਣਾਉਣ ਲਈ ਉਪਦੇਸ਼ ਹੈ। ਗੁਰਬਾਣੀ ਵਿਚ ਇਹ ਸਮਰੱਥਾ ਹੈ ਕਿ ਇਸ ਦੇ ਅਨੁਸਾਰੀ ਹੋ ਕੇ ਚੱਲਣ ਨਾਲ ਮਨੁੱਖ ਸਹੀ ਅਰਥਾਂ ਵਿਚ ਸੱਭਿਅਕ ਬਣਦਾ ਹੈ। ਸੰਗਤ ਰੂਪ ਵਿਚ ਅਜਿਹੇ ਗੁਰਮੁਖ ਇਕ ਉੱਚੇ-ਸੁੱਚੇ ਸਮਾਜ ਦੀ ਸਿਰਜਨਾ ਕਰਨ ਦੇ ਯੋਗੇ ਹੁੰਦੇ ਹਨ। ਸ਼ਰਾਫਤ ਅਤੇ ਤਹਿਜ਼ੀਬ ਸਿੱਖਣ ਲਈ ਗੁਰਬਾਣੀ ਸਾਡੀ ਕਦਮ-ਕਦਮ 'ਤੇ ਅਗਵਾਈ ਕਰਦੀ ਹੈ। ਮਨੁੱਖਾਂ ਦੀ ਬੋਲ-ਚਾਲ, ਰਹਿਣੀ-ਬਹਿਣੀ, ਗੀਤਾਂ-ਰਸਮਾਂ, ਭਾਸ਼ਾ, ਪਹਿਰਾਵਾ, ਖਾਣ-ਪੀਣ, ਜੀਵਨ ਦੇ ਸੰਸਕਾਰ ਆਦਿ ਦਾ ਸੁਮੇਲ ਹੋ ਕੇ ਸੱਭਿਆਚਾਰ ਬਣਦਾ ਹੈ। ਜਿਹੜਾ ਸੱਭਿਆਚਾਰ ਗੁਰਬਾਣੀ ਦੀ ਸਿੱਖਿਆ ਦੁਆਰਾ ਸਿਰਜਿਆ ਗਿਆ ਹੈ, ਉਸ ਨੂੰ ਸਿੱਖ ਸੱਭਿਆਚਾਰ ਆਖਿਆ ਜਾ ਸਕਦਾ ਹੈ।" (ਸਫੇ ੫੫-੫੬)

**੨.** "ਵਿਚਾਰ, ਬਚਨ ਅਤੇ ਕਰਮ ਦਾ ਆਪਸ ਵਿਚ ਪੂਰਾ ਤਾਲਮੇਲ ਹੋਵੇ, ਕਥਨੀ ਅਤੇ ਕਰਨੀ ਵਿਚ ਸੁਮੇਲ ਹੋਵੇ ਤਾਂ ਹੀ ਗੁਰਸਿੱਖ ਦਾ ਜੀਵਨ ਗੁਰਬਾਣੀ ਦੇ ਅਨੁਕੂਲ ਮੰਨਿਆ ਜਾ ਸਕਦਾ ਹੈ।" (ਸਫਾ ੫੭)

**੩.** "ਗਾਲ੍ਹਾਂ ਅਤੇ ਕੌੜੇਪਨ ਤੋਂ ਬੋਲਚਾਲ ਨੂੰ ਮੁਕਤ ਕਰ ਕੇ ਹੀ ਸਿੱਖ ਸੱਭਿਆਚਾਰ ਗੁਰਬਾਣੀ ਦੇ ਅਨੁਕੂਲ ਮੰਨਿਆ ਜਾ ਸਕਦਾ ਹੈ।"

**੪.** "ਸਿੱਖ ਸੱਭਿਆਚਾਰ ਬਿਬੇਕ ਬੁਧਿ ਵਾਲਾ ਸੱਭਿਆਚਾਰ ਹੈ।"

**੫.** "ਗੁਰਬਾਣੀ ਸਾਨੂੰ ਸਹਿਜ ਅਤੇ ਸੰਜਮ ਦੀ ਸਿੱਖਿਆ ਦਿੰਦੀ ਹੈ। ਸਾਨੂੰ ਆਪਣੀਆਂ ਸਮਾਜਿਕ ਅਤੇ ਘਰੇਲੂ ਰੀਤਾਂ ਰਸਮਾਂ ਨੂੰ ਫਜ਼ੂਲ ਖਰਚੀ ਅਤੇ ਵਿਖਾਵੇ ਤੋਂ ਦੂਰ ਰੱਖਣਾ ਚਾਹੀਦਾ ਹੈ।"

'ਗੁਰਬਾਣੀ ਅਤੇ ਵਿਸ਼ਵ ਭਾਈਚਾਰਾ' ਲੇਖ ਆਪਣੇ ਪਿਆਰ ਦੇ ਕਲਾਵੇ 'ਚ ਸਰਬ-ਮਨੁੱਖਤਾ ਤੇ ਇਨਸਾਨੀਅਤ ਨੂੰ ਲੈਂਦਾ ਹੋਇਆ ਸਾਨੂੰ ਸਟੀਕ ਰੂਪ ਵਿਚ ਇਹ ਰੇਖਾਂਕਿਤ ਜਾਂ ਪਿੰਨ-ਪੁਆਇੰਟ ਕਰ ਕੇ ਸਮਝਾਉਣ ਤੇ ਸਾਡੇ ਮਨਾਂ-ਮਸਤਕਾਂ 'ਚ ਪੱਕੇ ਤੌਰ 'ਤੇ ਬਿਠਾਉਣਾ ਲੋੜਦਾ ਹੈ ਕਿ ਜਦੋਂ ਅਸੀਂ ਹੈ ਹੀ ਇੱਕੋ ਪਰਮ ਪਿਤਾ

ਪਰਮਾਤਮਾ ਦੀ ਸੰਤਾਨ ਤਾਂ ਫਿਰ ਵਿਤਕਰੇ ਵਖਰੇਵੇਂ, ਵੈਰ-ਵਿਰੋਧ ਤੇ ਲੜਾਈਆਂ ਝਗੜੇ ਕਿਉਂ? ਪਰੰਤੂ ਇਹ ਨਾ ਕਿਸੇ ਤੋਂ ਭੈਅ ਖਾਣ ਅਤੇ ਨਾ ਹੀ ਕਿਸੇ ਨੂੰ ਭੈਭੀਤ ਕਰਨ ਦੀ ਮਨਇੱਛਤ ਮਨਮਰਜ਼ੀ ਨੂੰ ਪ੍ਰਵਾਨ ਕਰਦਾ ਹੋਇਆ ਸਾਨੂੰ ਨਿਰਭਉ ਅਤੇ ਨਿਰਵੈਰ ਹੋਣ/ਰਹਿਣ ਲਈ ਉੱਚਤਮ ਰੂਪ 'ਚ ਸੁਚੇਤ ਕਰਨਾ ਸਾਡੀ ਲੋੜ ਦਰਸਾਉਂਦਾ ਨਿਰਮਲ ਸਿੱਖ ਸੱਭਿਆਚਾਰ ਹੈ। ਅੱਜ ਦੇ ਯੁੱਗ 'ਚ ਇਹਦੀ ਪੁਨਰ-ਸਥਾਪਤੀ ਕਰਨ ਦੀ ਬੇਹੱਦ ਲੋੜ ਹੈ। ਲੇਖਕ ਨੇ ਸਿੱਖ ਸੱਭਿਆਚਾਰ ਦੇ ਬਰਾਬਰੀ ਦੇ ਸਿਧਾਂਤ ਨੂੰ ਸਹੀ ਤਰ੍ਹਾਂ ਅਮਲ 'ਚ ਲਿਆਂਦੇ ਜਾਣ ਦੀ ਜ਼ਰੂਰਤਮੰਦੀ ਦਰਸਾਈ ਹੈ। ਅਧਿਆਤਮਵਾਦ ਅਤੇ ਰਹੱਸਵਾਦ ਦੋਨਾਂ ਦਾ ਸੁਮੇਲ ਸਿੱਖ ਸੋਚ ਤੇ ਸੰਵੇਦਨਾ 'ਚੋਂ ਉਪਜਿਆ ਅਤਿ ਜ਼ਰੂਰੀ ਲੋੜਵੰਦੀ ਜਤਾਉਂਦਾ ਹੈ ਜਿਸ ਸੁਮੇਲ ਬਿਨਾਂ ਸਿੱਖ ਦਾ ਵਿਕਾਸ ਵਿਗਾਸ ਨਾਮੁਮਕਿਨ ਹੈ। ਅਕਾਲ ਪੁਰਖ ਤੇ ਉਸ ਦੀ ਸ੍ਰਿਸ਼ਟੀ ਦੇ ਇੱਕ ਇਕਾਈ ਹੋਣ 'ਚ ਨਿਸਚਾ ਸਿੱਖ ਭਾਈਚਾਰੇ ਨੂੰ ਅੰਤਰੀਵ ਅਤੇ ਬਾਹਰੀ ਤੌਰ 'ਤੇ ਅੰਤਿਮ ਸਰਬੋਤਮ ਮੰਜ਼ਿਲ ਉੱਪਰ ਪਹੁੰਚਾ ਦਿੰਦਾ ਹੈ। ਇਹ ਕੱਟੜਤਾ ਨੂੰ ਮੂਲੋਂ ਹੀ ਰੱਦ ਕਰਦਾ ਹੈ ਅਤੇ ਦਇਆ, ਹਮਦਰਦੀ ਤੇ ਪ੍ਰਸਪਰ ਪਿਆਰ ਨੂੰ ਪੂਰਨ ਮਾਨਤਾ ਦਿੰਦਾ ਹੈ। ਇਹ ਫਿਰਕੂਵਾਦ ਤੇ ਸੰਪਰਦਾਇਕਤਾ ਤੋਂ ਕੋਹਾਂ ਦੂਰ ਰਹਿੰਦਾ ਹੈ।

'ਗੁਰਬਾਣੀ ਵਿਚ ਕਿਰਤ ਦੀ ਮਹੱਤਤਾ' ਲੇਖ ਇੱਕ ਅਤਿ ਆਵੱਸ਼ਕ ਤੇ ਬੇਹੱਦ ਉਪਯੋਗੀ ਵਿਚਾਰ-ਤੱਤ ਨੂੰ ਉਭਾਰਦਾ ਹੈ ਕਿ ਮਨੁੱਖ ਨੂੰ ਦਸਾਂ ਨਹੁੰਆਂ ਦੀ ਕਿਰਤ ਕਰਨੀ ਹੀ ਚਾਹੀਦੀ ਹੈ। ਇਸ ਵਿਚ ਪੂੰਜੀਪਤੀ ਦੇ ਸਰਮਾਏਦਾਰੀ ਸੋਚ ਨੂੰ ਰੰਚਿਕ ਮਾਤਰ ਵੀ ਮਾਨਤਾ ਪ੍ਰਾਪਤ ਨਹੀਂ। ਇਹ ਚੋਰੀ, ਬੇਈਮਾਨੀ, ਚੁਸਤੀ-ਚਲਾਕੀ ਆਦਿ ਨੂੰ ਰੱਦ ਕਰਦਾ ਹੈ। ਲੇਖਕ ਸ਼ਾਂਤ ਨੂੰ ਉੱਚਿਤ ਫਿਕਰਮੰਦੀ ਹੀ ਨਹੀਂ ਬਲਕਿ ਅਤਿ ਚਿੰਤਾ ਹੈ ਕਿ ਅੱਜ ਕਿਰਤ ਸੱਭਿਆਚਾਰ ਅਲੋਪ ਹੋ ਰਿਹਾ ਹੈ ਤੇ ਵਿਹਲ ਸੱਭਿਆਚਾਰ ਪੱਲਰ ਰਿਹਾ ਹੈ ਜੋ ਕਿ ਅੱਗੇ ਦੀ ਅੱਗੇ ਸਾਡੀ ਸਮਾਜਿਕ, ਰਾਜਨੀਤਿਕ, ਸੱਭਿਆਚਾਰਕ ਤੇ ਨੈਤਿਕ ਪਤਨ ਦੀਆਂ ਉਲਝਣਾਂ ਨੂੰ ਪੈਦਾ ਕਰ ਰਿਹਾ ਤੇ ਹੋਰ ਵਧਾ ਰਿਹਾ ਹੈ।

ਪਹਿਲੇ ਭਾਗ ਦਾ ਅੰਤਿਮ ਲੇਖ 'ਨਾਨਕ ਚਿੰਤਾ ਮਤਿ ਕਰਹੁ' ਲਾਪਰਵਾਹੀ ਨੂੰ ਅਸਲੋਂ ਰੱਦ ਕਰਦਾ ਹੋਇਆ ਸਰਬ-ਸ਼ਕਤੀਮਾਨ ਪੁਰਖ ਦੀ ਅੰਤਿਮ (Ultimate) ਸੱਤਾ-ਸ਼ਕਤੀ 'ਚ ਪੂਰਾ ਭਰੋਸਾ ਰੱਖਣ ਹਿੱਤ ਯੋਗ ਲੋੜੀਂਦੀ ਪ੍ਰੇਰਨਾ ਕਰਦਾ ਹੋਇਆ ਮਨ ਦੀ ਤੱਕੜੀ ਨੂੰ ਸਮਤੋਲ 'ਚ ਰੱਖਣ ਲਈ ਸਾਡੀ ਲੋੜੀਂਦੀ ਯੋਗ ਅਗਵਾਈ ਕਰਨਾ ਲੋੜਦਾ ਹੈ। ਚਿੰਤਾ ਨੂੰ ਗੁਰਬਾਣੀ 'ਚ ਚਿਖਾ ਸਮਾਨ ਕਹਿ ਕੇ ਇਸ ਨੂੰ ਇਕ ਵੱਢਿਓਂ ਰੱਦ ਕਰਨ ਦਾ ਸਾਫ ਸਪੱਸ਼ਟ ਪੈਂਤੜਾ ਲਿਆ ਗਿਆ ਹੈ। ਮਨੁੱਖ ਫਜ਼ੂਲ ਦੀਆਂ ਚਿੰਤਾਵਾਂ 'ਚ ਘਿਰ ਕੇ ਤਨ ਰੋਗੀ ਤੇ ਮਨ ਨੂੰ ਬੇਚੈਨ ਕਰ ਲੈਂਦਾ ਹੈ। ਆਤਮਾ ਦੀ ਤਾਂ ਉਹਦੀ ਸੋਝੀ ਹੀ ਜਾਂਦੀ ਰਹਿੰਦੀ ਹੈ। ਲੇਖਕ ਨੇ ਇਸ

ਪੱਖੋਂ ਸਾਡੇ ਕੋਲ ਅੱਜ ਸਭ ਪੋਥੀਆਂ ਉਪਲੱਬਧ ਹੋਣ ਅਤੇ ਉਨ੍ਹਾਂ ਤੱਤ-ਸਾਰ ਅਪਣਾਉਣ ਅਤੇ ਲਾਹਾ ਲੈਣ ਲਈ ਨਿਰਮਲ ਪ੍ਰੇਰਨਾ ਕਰ ਕੇ ਸਾਨੂੰ ਅਰੋਗ ਰਹਿਣ ਦਾ ਰਾਹ ਰੁਸ਼ਨਾਇਆ ਹੈ। ਰੋਟੀ ਰੋਜ਼ੀ ਦੀ ਚਿੰਤਾ ਅੱਜ ਕਿੰਨੀ ਵਿਆਪਕ ਹੈ ਪਰੰਤੂ ਲੇਖਕ ਨੇ ਸਾਡੀ ਲੋੜੀਂਦੀ ਆਦਰਸ਼ ਅਗਵਾਈ ਕੀਤੀ ਹੈ ਕਿ ਰੋਜ਼ੀ-ਰੋਟੀ 'ਤੇ ਸੰਤੁਸ਼ਟ ਰਹਿਣ ਦੀ ਲੋੜਵੰਦੀ ਹੈ। ਵਧੇਰੇ ਸਹੂਲਤਾਂ, ਸੁਵਿਧਾਵਾਂ ਪ੍ਰਤੀ ਸਾਡੇ ਮਨ ਦਾ ਝੁਕਾਅ ਅਤੇ ਕੁੱਲ ਸੰਸਾਰ ਦੀ ਦੌਲਤ ਨੂੰ ਹਥਿਆ ਲੈਣ ਦੀ ਬਿਰਤੀ ਸਿੱਖ ਸੱਭਿਆਚਾਰ ਤੇ ਸਿੱਖ ਨੈਤਿਕਤਾ ਦੇ ਪ੍ਰਤੀ ਸਾਡੀ ਅਗਿਆਨਤਾ ਜਾਂ ਅਲਗਰਜ਼ੀ ਦਾ ਪ੍ਰਤੀਕ ਹੈ, ਲੇਖਕ ਸ੍ਰੀ ਗੁਰੂ ਅਰਜਨ ਸਾਹਿਬ ਦੁਆਰਾ ਉਚਾਰੀ ਪਾਵਨ ਗੁਰਬਾਣੀ ਦੇ ਉਜਾਲੇ 'ਚ ਸਾਨੂੰ ਸੁਚੇਤ ਕਰਨ ਦੀ ਪਰਉਪਕਾਰਤਾ ਕਮਾਉਂਦਾ ਹੋਇਆ ਸਾਨੂੰ ਆਪਣੀ ਹਰ ਉਲਝਣ ਦੀ ਗੁੱਥੀ ਗੁਰਬਾਣੀ ਦੀ ਕੁੰਜੀ ਨਾਲ ਖੋਲ੍ਹ ਸਕਣ ਦੀ ਸੱਚੀ ਤੇ ਨਿਰਮਲ ਆਸ-ਉਮੀਦ ਬੰਨ੍ਹਾਉਂਦਾ ਹੈ :

*ਜਿਸੁ ਗ੍ਰਿਹਿ ਬਹੁਤੁ ਤਿਸੈ ਗ੍ਰਿਹਿ ਚਿੰਤਾ ॥ ਜਿਸੁ ਗ੍ਰਿਹਿ ਥੋਰੀ ਸੁ ਫਿਰੈ ਭ੍ਰਮੰਤਾ ॥*
*ਦੁਹੂ ਬਿਵਸਥਾ ਤੇ ਜੋ ਮੁਕਤਾ ਸੋਈ ਸੁਹੇਲਾ ਭਾਲੀਐ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੦੧੯)*

ਇਸ ਪ੍ਰਕਾਰ ਇਹ ਪਹਿਲਾ ਭਾਗ ਸਾਨੂੰ ਗੁਰਬਾਣੀ ਦੀ ਅਨੂਪਮ ਅਤਿ ਮੁੱਲਵਾਨ ਵਸਤੂ ਨੂੰ ਪੂਰੀ ਤਰ੍ਹਾਂ ਸਮਝਣ, ਸੰਭਾਲ ਕੇ ਸਦਾ ਸਨਮੁਖ ਰੱਖਣ ਤੇ ਲੋੜੀਂਦੇ ਰੂਪ 'ਚ ਜਿੱਥੇ ਕਿਤੇ ਵੀ ਲੋੜਵੰਦੀ ਮਹਿਸੂਸ ਹੋਵੇ ਅਮਲ 'ਚ ਲਾਗੂ ਕਰਨ ਲਈ ਗਿਆਨ ਦੇ ਕਈ ਵੱਡੇ ਖੁੱਲ੍ਹੇ ਮੋਕਲੇ ਦਰ-ਦਰਵਾਜ਼ੇ ਸਾਡੇ ਸਾਹਵੇਂ ਖੋਲ੍ਹ ਕੇ ਸਾਨੂੰ ਹਰ ਮੈਦਾਨ ਫਤਿਹ ਕਰਨ ਦੇ ਰਾਹ-ਰਸਤੇ 'ਤੇ ਤੋਰ ਲੈਂਦਾ ਹੈ।

***ਚਲਦਾ. . .***

## ਪਿੰਡ ਹਰਦਾਸਪੁਰਾ ਵਿਖੇ ਅੰਮ੍ਰਿਤ-ਸੰਚਾਰ

ਭਾਈ ਅਮਰਿੰਦਰ ਸਿੰਘ ਪ੍ਰਚਾਰਕ ਵੱਲੋਂ ਪੁੱਜੀ ਰਿਪੋਰਟ ਅਨੁਸਾਰ ਗੁਰਦੁਆਰਾ ਸ਼ਹੀਦ ਸਿੰਘਾਂ ਵੈਲਫੇਅਰ ਸੋਸਾਇਟੀ, ਪਿੰਡ ਹਰਦਾਸਪੁਰਾ, ਤਹਿਸੀਲ ਫਗਵਾੜਾ, ਜ਼ਿਲ੍ਹਾ ਕਪੂਰਥਲਾ ਵਿਖੇ ੦੨ ਜੂਨ, ੨੦੨੨ ਈ. ਨੂੰ ਕਰਵਾਏ ਗਏ ਅੰਮ੍ਰਿਤ-ਸੰਚਾਰ ਦੌਰਾਨ ੩੪ ਪ੍ਰਾਣੀ ਖੰਡੇ-ਬਾਟੇ ਦੀ ਪਾਹੁਲ ਹਾਸਲ ਕਰ ਕੇ ਗੁਰੂ ਵਾਲੇ ਬਣੇ। ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਅੰਮ੍ਰਿਤ ਅਭਿਲਾਖੀਆਂ ਨੂੰ ਕਕਾਰ ਭੇਟਾ-ਰਹਿਤ ਦਿੱਤੇ ਗਏ।

ਕਵਿਤਾ

# . . . ਬੇਨਜ਼ੀਰ ਨਾਨਕ

*-ਸ. ਮਾਨ ਸਿੰਘ 'ਮਸਕੀਨ' ਲਾਂਬਾ*[*]*

ਲੰਮਾ ਪਿਆ ਤੱਕਿਆ ਪੁਰਸ਼ ਹਾਜੀਆਂ ਨੇ, ਜਦੋਂ ਆਏ ਨਮਾਜ਼ ਗੁਜ਼ਾਰ ਕੇ ਤੇ।
ਸੁੱਤਾ ਪਿਆ ਸੀ ਨੀਂਦ ਵਿਚ ਮਸਤ ਹੋ ਕੇ, ਲੱਤਾਂ ਮੱਕੇ ਦੇ ਵੱਲ ਪਸਾਰ ਕੇ ਤੇ।
ਪੈਰ ਕਰੀ ਦਰਗਾਹ ਵੱਲ ਪਿਆ ਕਿਹੜਾ, ਖੌਫ਼ ਅੱਲ੍ਹਾ ਦਾ ਦਿਲੋਂ ਵਿਸਾਰ ਕੇ ਤੇ।
ਪਕੜ ਲੱਤਾਂ ਦੇ ਤਾਈਂ ਘੁਮਾਣ ਲੱਗੇ, ਮੱਕਾ ਨਾਲ ਫ਼ਿਰਦਾ ਚੱਕਰ ਮਾਰ ਕੇ ਤੇ।
ਡਿੱਗੇ ਪੈਰਾਂ 'ਤੇ ਆਖਿਆ ਪਤਾ ਨਹੀਂ ਸੀ, ਧੁਰੋਂ ਅੱਲ੍ਹਾ ਦਾ ਆਇਆ ਸਫ਼ੀਰ ਨਾਨਕ,
ਮੁਸਲਮਾਨ ਹਿੰਦੂ ਸਿੱਖਾਂ ਸਾਰਿਆਂ ਦਾ, ਗੁਰੂ ਬਣ ਆਇਆ ਬੇਨਜ਼ੀਰ ਨਾਨਕ।

ਕੱਤਕ ਪੁੰਨਿਆ ਦੀ ਆਈ ਰਾਤ ਸੋਹਣੀ, ਚਾਨਣ ਸਾਰੇ ਹੀ ਧਰਤ ਅਸਮਾਨ ਹੋਇਆ।
ਠੰਡੀ ਪੌਣ ਦੇ ਝੌਂਕਿਆਂ ਨਾਲ ਮੇਰੀ, ਖੁੱਲ੍ਹੀ ਅੱਖ ਮੈਂ ਦੇਖ ਹੈਰਾਨ ਹੋਇਆ।
ਵਰਖਾ ਫੁੱਲਾਂ ਦੀ ਹੋ ਰਹੀ ਅਰਸ਼ ਵਿੱਚੋਂ, ਨਾਦ ਵੱਜਿਆ ਇਹ ਐਲਾਨ ਹੋਇਆ।
ਭਾਰਤ ਵਰਸ਼ 'ਤੇ ਦੁਖੀਆਂ ਦੇ ਤਾਰਨੇ ਨੂੰ, ਰੱਬ ਆਪ ਅਵਤਾਰ[+] ਹੈ ਆਣ ਹੋਇਆ।
ਸੋਹਣਾ ਦਰਸ 'ਮਸਕੀਨ' ਦਾ ਚੱਲੋ ਕਰੀਏ, ਪਿਆਰਾ ਅੱਲ੍ਹਾ ਦਾ ਆਇਆ ਸਫ਼ੀਰ ਨਾਨਕ।
ਮੁਸਲਮਾਨ ਹਿੰਦੂ ਸਿੱਖਾਂ ਸਾਰਿਆਂ ਦਾ, ਗੁਰੂ ਬਣ ਆਇਆ ਬੇਨਜ਼ੀਰ ਨਾਨਕ।

ਪਕੜ ਦੁਖੀ ਮਜ਼ਲੂਮ ਬੇਦੋਸ਼ ਹਿੰਦੂ, ਬਾਬਰ ਜਬਰ ਦਾ ਆਣ ਐਲਾਨ ਕੀਤਾ।
ਬੁੱਢੇ ਤੀਵੀਆਂ ਮਰਦ ਸਭ ਜੇਲ੍ਹ ਪਾ ਕੇ, ਲੁੱਟ ਘਰਾਂ ਨੂੰ ਆਣ ਵੈਰਾਨ ਕੀਤਾ।
ਹਾਹਾਕਾਰ ਸੁਣ ਦੁਖੀਆਂ ਦੀ ਗੁਰੂ ਨਾਨਕ, ਆਪ ਜੇਲ੍ਹ ਅੰਦਰ ਡੇਰਾ ਆਣ ਕੀਤਾ।
ਕਿਹਾ ਸਤਿ ਕਰਤਾਰ ਤਾਂ ਚੱਲੀ ਚੱਕੀ, ਡਾਹਢਾ ਬਾਬਰ ਦੇ ਤਾਈਂ ਹੈਰਾਨ ਕੀਤਾ।
ਢੱਠਾ ਪੈਰਾਂ 'ਤੇ ਆਖਿਆ ਪਤਾ ਨਹੀਂ ਸੀ, ਧੁਰੋਂ ਅੱਲ੍ਹਾ ਦਾ ਆਇਆ ਸਫ਼ੀਰ ਨਾਨਕ।
ਮੁਸਲਮਾਨ ਹਿੰਦੂ ਸਿੱਖਾਂ ਸਾਰਿਆਂ ਦਾ, ਗੁਰੂ ਬਣ ਆਇਆ ਬੇਨਜ਼ੀਰ ਨਾਨਕ।

ਮੱਕਾ, ਕਾਅਬਾ, ਬਗ਼ਦਾਦ ਨੂੰ ਤਾਰ ਬਾਬੇ, ਕੀਤਾ ਮਿਸਰ ਦਾ ਸ਼ਾਹ ਅਸੀਰ[#] ਨਾਨਕ।
ਗੰਢ ਖੋਲ੍ਹ ਗ਼ਰੀਬਾਂ ਨੂੰ ਵੰਡ ਦਿੱਤੇ, ਜਦੋਂ ਸੱਚ ਦੀ ਕੀਤੀ ਤਕਰੀਰ ਨਾਨਕ।
ਵਲੀ ਰੋਹੜਿਆ ਗੁੱਸੇ ਵਿਚ ਜਦੋਂ ਪਰਬਤ, ਪੰਜਾ ਅੱਗੇ ਕਰ ਦਿੱਤਾ ਬਲਬੀਰ ਨਾਨਕ।

*+ਪ੍ਰਕਾਸ਼*

*#ਮੁਰੀਦ ਬਣਾ ਲਿਆ*

**ਗੁਰਪੁਰਵਾਸੀ*

ਪਰਬਤ ਮੋਮ ਹੋਇਆ ਪੰਜੇ ਨਾਲ ਲੱਗ ਕੇ, ਬਣੀ ਪੰਜੇ ਦੀ ਪਿਆਰੀ ਤਸਵੀਰ ਨਾਨਕ।
ਢੱਠਾ ਪੈਰਾਂ 'ਤੇ ਆਖਿਆ ਪਤਾ ਨਹੀਂ ਸੀ, ਧੁਰੋਂ ਅੱਲ੍ਹਾ ਦਾ ਆਇਆ ਸਫੀਰ ਨਾਨਕ।
ਮੁਸਲਮਾਨ, ਹਿੰਦੂ, ਸਿੱਖਾਂ ਸਾਰਿਆਂ ਦਾ, ਗੁਰੂ ਬਣ ਆਇਆ ਬੇਨਜ਼ੀਰ ਨਾਨਕ।

ਕੱਤਕ ਪੁੰਨਿਆ ਦੀ ਆਈ ਰਾਤ ਸੋਹਣੀ, ਚਾਨਣ ਸਾਰੇ ਹੀ ਜ਼ਿਮੀਂ ਆਸਮਾਨ ਹੋਇਆ।
ਠੰਡੀ ਪੌਣ ਦੇ ਝੋਕਿਆਂ ਨਾਲ ਮੇਰੀ, ਖੁੱਲ੍ਹੀ ਅੱਖ ਮੈਂ ਵੇਖ ਹੈਰਾਨ ਹੋਇਆ।
ਵਰਖਾ ਫ਼ੁੱਲਾਂ ਦੀ ਹੋ ਰਹੀ ਅਰਸ਼ ਵਿੱਚੋਂ ਨਾਦ ਵੱਜਿਆ ਇਹ ਐਲਾਨ ਹੋਇਆ।
ਭਾਰਤ ਵਰਸ਼ 'ਤੇ ਦੁਖੀਆਂ ਦੇ ਤਾਰਨੇ ਨੂੰ, ਰੱਬ ਆਪ ਅਵਤਾਰ+ ਹੈ ਆਣ ਹੋਇਆ।
ਸੋਹਣਾ ਦਰਸ 'ਮਸਕੀਨ' ਦਾ ਚੱਲੋ ਕਰੀਏ, ਪਿਆਰਾ ਅੱਲ੍ਹਾ ਦਾ ਆਇਆ ਸਫੀਰ ਨਾਨਕ।
ਮੁਸਲਮਾਨ ਹਿੰਦੂ ਸਿੱਖਾਂ ਸਾਰਿਆਂ ਦਾ ਗੁਰੂ ਬਣ ਆਇਆ ਬੇਨਜ਼ੀਰ ਨਾਨਕ। ■

+*ਪ੍ਰਕਾਸ਼*

## ਵੇਰਕਾ ਵਿਖੇ ਅੰਮ੍ਰਿਤ-ਸੰਚਾਰ

ਭਾਈ ਇੰਦਰਜੀਤ ਸਿੰਘ, ਭਾਈ ਅਮਰ ਸਿੰਘ ਅਤੇ ਭਾਈ ਮਲਕੀਤ ਸਿੰਘ ਸਖ਼ੀਰਾ ਪ੍ਰਚਾਰਕ ਸਾਹਿਬਾਨ ਵੱਲੋਂ ਪੁੱਜੀ ਰਿਪੋਰਟ ਅਨੁਸਾਰ ਮੋਰਚਾ ਗੁਰੂ ਕਾ ਬਾਗ਼ ਅਤੇ ਸ਼ਹੀਦੀ ਸਾਕਾ ਸ੍ਰੀ ਪੰਜਾ ਸਾਹਿਬ ਦੀ ੧੦੦ ਸਾਲਾ ਸ਼ਤਾਬਦੀ ਨੂੰ ਸਮਰਪਿਤ ਗੁਰਦੁਆਰਾ ਨਾਨਕਸਰ ਪਾਤਸ਼ਾਹੀ ਪਹਿਲੀ, ਵੇਰਕਾ, ਜ਼ਿਲ੍ਹਾ ਸ੍ਰੀ ਅੰਮ੍ਰਿਤਸਰ ਵਿਖੇ ੧੯ ਜੁਲਾਈ, ੨੦੨੨ ਈ. ਨੂੰ ਕਰਵਾਏ ਗਏ ਅੰਮ੍ਰਿਤ-ਸੰਚਾਰ ਦੌਰਾਨ ੬੧ ਪ੍ਰਾਣੀ ਖੰਡੇ-ਬਾਟੇ ਦੀ ਪਾਹੁਲ ਹਾਸਲ ਕਰ ਕੇ ਗੁਰੂ ਵਾਲੇ ਬਣੇ। ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਅੰਮ੍ਰਿਤ ਅਭਿਲਾਖੀਆਂ ਨੂੰ ਕਕਾਰ ਭੇਟਾ-ਰਹਿਤ ਦਿੱਤੇ ਗਏ।

ਖ਼ਬਰਨਾਮਾ

## ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸ. ਪਾਲ ਸਿੰਘ ਪੁਰੇਵਾਲ ਦੇ ਚਲਾਣੇ ’ਤੇ ਪਰਵਾਰ ਨਾਲ ਹਮਦਰਦੀ ਪ੍ਰਗਟਾਈ

ਸ੍ਰੀ ਅੰਮ੍ਰਿਤਸਰ, ੨੭ ਸਤੰਬਰ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਬੀਤੇ ਦਿਨੀਂ ਅਕਾਲ ਚਲਾਣਾ ਕਰ ਗਏ ਸਿੱਖ ਬੁੱਧੀਜੀਵੀ ਸ. ਪਾਲ ਸਿੰਘ ਪੁਰੇਵਾਲ ਦੇ ਪਰਵਾਰ ਨਾਲ ਹਮਦਰਦੀ ਦਾ ਪ੍ਰਗਟਾਵਾ ਕੀਤਾ ਹੈ। ਐਡਵੋਕੇਟ ਧਾਮੀ ਨੇ ਸ. ਪੁਰੇਵਾਲ ਦੇ ਪਰਵਾਰ ਨੂੰ ਭੇਜੇ ਲਿਖਤੀ ਸ਼ੋਕ ਸੰਦੇਸ਼ ਵਿਚ ਕਿਹਾ ਹੈ ਕਿ ਸ. ਪੁਰੇਵਾਲ ਨੇ ਗੁਰਸਿੱਖੀ ਜੀਵਨ ਵਿਚ ਵਿਚਰਦਿਆਂ ਪੰਥਕ ਕਾਰਜਾਂ ਵਿਚ ਅਹਿਮ ਯੋਗਦਾਨ ਪਾਇਆ ਹੈ। ਸ. ਪਾਲ ਸਿੰਘ ਪੁਰੇਵਾਲ ਇਕ ਵਿਦਵਾਨ ਵਿਅਕਤੀ ਸਨ, ਜਿਨ੍ਹਾਂ ਦਾ ਵਿਛੋੜਾ ਦੁਖਦਾਈ ਹੈ। ਉਨ੍ਹਾਂ ਕਿਹਾ ਕਿ ਸ. ਪੁਰੇਵਾਲ ਦਾ ਅਕਾਲ ਚਲਾਣਾ ਪਰਵਾਰ ਅਤੇ ਸਿੱਖ ਕੌਮ ਲਈ ਵੱਡਾ ਘਾਟਾ ਹੈ। ਐਡਵੋਕੇਟ ਧਾਮੀ ਨੇ ਪਰਵਾਰ ਨਾਲ ਦੁੱਖ ਸਾਂਝਾ ਕਰਦਿਆਂ ਅਕਾਲ ਪੁਰਖ ਦੇ ਚਰਨਾਂ ਵਿਚ ਅਰਦਾਸ ਕੀਤੀ ਕਿ ਉਹ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖ਼ਸ਼ਣ ਅਤੇ ਪਰਵਾਰ ਨੂੰ ਭਾਣਾ ਮੰਨਣ ਦਾ ਬਲ ਪ੍ਰਦਾਨ ਕਰਨ।

## ਹਰਿਆਣਾ ਗੁਰਦੁਆਰਾ ਕਮੇਟੀ ਐਕਟ ਰੱਦ ਕਰਵਾਉਣ ਤੇ ਪੰਥ ਵਿਰੋਧੀ ਤਾਕਤਾਂ ਖਿਲਾਫ਼ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਰੋਸ ਮਾਰਚ

ਸ੍ਰੀ ਅੰਮ੍ਰਿਤਸਰ, ੪ ਅਕਤੂਬਰ : ਵੱਖਰੀ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਐਕਟ ਨੂੰ ਰੱਦ ਕਰਵਾਉਣ ਅਤੇ ਪੰਥ ਵਿਰੋਧੀ ਤਾਕਤਾਂ ਦੀ ਸਿੱਖ ਮਸਲਿਆਂ ਵਿਚ ਦਖ਼ਲਅੰਦਾਜ਼ੀ ਵਿਰੁੱਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਦਰਬਾਰ ਸਾਹਿਬ ਤੋਂ ਸ੍ਰੀ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਦਫ਼ਤਰ ਤਕ ਵਿਸ਼ਾਲ ਰੋਸ ਮਾਰਚ ਕੱਢ ਕੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਦੇ ਨਾਂ ’ਤੇ ਡੀ. ਸੀ. ਸ੍ਰੀ ਹਰਪ੍ਰੀਤ ਸਿੰਘ ਸੂਦਨ ਨੂੰ ਮੰਗ ਪੱਤਰ ਸੌਂਪਿਆ ਗਿਆ। ਰੋਸ ਮਾਰਚ ਦੀ ਅਗਵਾਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕੀਤੀ, ਜਦਕਿ ਵੱਡੀ ਗਿਣਤੀ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਹੁਦੇਦਾਰਾਂ, ਮੈਂਬਰਾਂ ਅਤੇ ਮੁਲਾਜ਼ਮਾਂ ਨੇ ਸ਼ਿਰਕਤ ਕਰ ਕੇ ਪੰਥਕ ਰੋਹ ਦਾ ਪ੍ਰਗਟਾਵਾ ਕੀਤਾ। ਇਸ ਮੌਕੇ ਰੋਸ ਵਜੋਂ ਸਭ ਨੇ ਕਾਲੀਆਂ ਦਸਤਾਰਾਂ ਸਜਾਉਣ ਦੇ ਨਾਲ-ਨਾਲ ਕਾਲੀਆਂ ਝੰਡੀਆਂ ਅਤੇ ਪੰਥਕ ਰੋਸ ਪ੍ਰਗਟ ਕਰਦੀਆਂ ਤਖ਼ਤੀਆਂ

ਵੀ ਫੜ੍ਹੀਆਂ ਹੋਈਆਂ ਸਨ। ਪੰਥਕ ਜੈਕਾਰਿਆਂ ਦੇ ਨਾਲ ਅਰੰਭ ਹੋਇਆ ਇਹ ਰੋਸ ਮਾਰਚ ਜਦੋਂ ਡਿਪਟੀ ਕਮਿਸ਼ਨਰ ਦਫ਼ਤਰ ਪੁੱਜਾ, ਤਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਧਾਨ ਐਡਵੋਕੇਟ ਧਾਮੀ ਨੇ ਡੀ. ਸੀ. ਦੇ ਗੈਰ-ਹਾਜ਼ਰ ਹੋਣ ਕਰਕੇ ਵਧੀਕ ਡਿਪਟੀ ਕਮਿਸ਼ਨਰ ਨੂੰ ਮੰਗ ਪੱਤਰ ਸੌਂਪਣ ਤੋਂ ਇਨਕਾਰ ਕਰਦਿਆਂ ਆਖਿਆ ਕਿ ਜਦੋਂ ਤਕ ਡਿਪਟੀ ਕਮਿਸ਼ਨਰ ਖ਼ੁਦ ਮੰਗ ਪੱਤਰ ਲੈਣ ਨਹੀਂ ਪੁੱਜਦੇ, ਉਦੋਂ ਤਕ ਰੋਸ ਪ੍ਰਦਰਸ਼ਨ ਜਾਰੀ ਰਹੇਗਾ। ਇਸ ਉਪਰੰਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਧਾਮੀ ਦੀ ਅਗਵਾਈ ਹੇਠ ਸਮੂਹ ਮੈਂਬਰ ਸਾਹਿਬਾਨ ਧਰਨੇ 'ਤੇ ਬੈਠ ਗਏ ਅਤੇ ਸਤਿਨਾਮ ਵਾਹਿਗੁਰੂ ਦਾ ਜਾਪ ਕਰਨਾ ਸ਼ੁਰੂ ਕਰ ਦਿੱਤਾ। ਇਹ ਰੋਸ ਧਰਨਾ ਕਰੀਬ ੨ ਘੰਟੇ ਜਾਰੀ ਰਿਹਾ, ਜਿਸ ਮਗਰੋਂ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਸ੍ਰੀ ਹਰਪ੍ਰੀਤ ਸਿੰਘ ਸੂਦਨ ਨੇ ਖ਼ੁਦ ਆ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਪਾਸੋਂ ਮੈਮੋਰੰਡਮ ਪ੍ਰਾਪਤ ਕੀਤਾ।

ਧਰਨੇ ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਆਪਣੇ ਸੰਬੋਧਨ 'ਚ ਕਿਹਾ ਕਿ ਸੁਪਰੀਮ ਕੋਰਟ ਵੱਲੋਂ ਹਰਿਆਣਾ ਲਈ ਵੱਖਰੇ ਗੁਰਦੁਆਰਾ ਐਕਟ ੨੦੧੪ ਨੂੰ ਮਾਨਤਾ ਦੇਣ ਕਾਰਨ ਸਿੱਖ ਜਗਤ ਅੰਦਰ ਭਾਰੀ ਰੋਸ ਹੈ ਅਤੇ ਇਹ ਫੈਸਲਾ ਸਿੱਖਾਂ ਦੀ ਪ੍ਰਤੀਨਿਧ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਤੋੜਨ ਵਾਲਾ ਹੈ। ਉਨ੍ਹਾਂ ਆਖਿਆ ਕਿ ਸ਼੍ਰੋਮਣੀ ਕਮੇਟੀ ਦੀ ਸਥਾਪਨਾ ਵੱਡੇ ਸੰਘਰਸ਼ ਅਤੇ ਕੁਰਬਾਨੀਆਂ ਤੋਂ ਬਾਅਦ ਹੋਈ ਹੈ, ਜਦਕਿ ਸਰਕਾਰਾਂ ਅਤੇ ਸਿੱਖ ਵਿਰੋਧੀ ਸ਼ਕਤੀਆਂ ਦਾ ਧਿਆਨ ਇਸ ਨੂੰ ਤੋੜਨ 'ਤੇ ਲੱਗਾ ਹੋਇਆ ਹੈ। ਸਿੱਖ ਪੰਥ ਇਨ੍ਹਾਂ ਮਨਸੂਬਿਆਂ ਵਿਰੁੱਧ ਸੁਚੇਤ ਰੂਪ ਵਿਚ ਸੰਘਰਸ਼ਸ਼ੀਲ ਹੈ ਅਤੇ ਕਿਸੇ ਵੀ ਕੀਮਤ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਵੰਡਣ ਨਹੀਂ ਦਿੱਤਾ ਜਾਵੇਗਾ। ਉਨ੍ਹਾਂ ਆਖਿਆ ਕਿ ਸਿੱਖ ਵਿਰੋਧੀ ਤਾਕਤਾਂ ਹਮੇਸ਼ਾ ਸਿੱਖ ਪੰਥ ਦੇ ਮਸਲਿਆਂ ਨੂੰ ਉਲਝਾਉਣ ਦੇ ਰਾਹ 'ਤੇ ਤੁਰੀਆਂ ਹੋਈਆਂ ਹਨ, ਜਿਸ ਨੂੰ ਰੋਕਣ ਲਈ ਸਰਕਾਰਾਂ ਨਿਰਪੱਖ ਭੂਮਿਕਾ ਨਹੀਂ ਨਿਭਾ ਰਹੀਆਂ। ਉਨ੍ਹਾਂ ਕਿਹਾ ਕਿ ਸਿੱਖਾਂ ਵਿਰੁੱਧ ਹੋ ਰਹੀਆਂ ਵਧੀਕੀਆਂ ਕਾਰਨ ਹੀ ਅਸੀਂ ਬਾਰ-ਬਾਰ ਰੋਸ ਪ੍ਰਦਰਸ਼ਨ ਕਰਨ ਲਈ ਮਜ਼ਬੂਰ ਹੋਏ ਹਾਂ। ਉਨ੍ਹਾਂ ਕਿਹਾ ਕਿ ਜੇਕਰ ਸਰਕਾਰਾਂ ਨੇ ਸਿੱਖ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਮੰਗ 'ਤੇ ਗੌਰ ਨਾ ਕੀਤਾ ਤਾਂ ਭਵਿੱਖ ਵਿਚ ਸੰਘਰਸ਼ ਦਾ ਸਰੂਪ ਹੋਰ ਵੱਡਾ ਕੀਤਾ ਜਾਵੇਗਾ।

ਇਸ ਮੌਕੇ ਉਨ੍ਹਾਂ ਕਿਹਾ ਕਿ ਆਰ. ਐਸ. ਐਸ ਦੇ ਹਿੰਦੂ ਰਾਸ਼ਟਰ ਏਜੰਡੇ ਤਹਿਤ ਇਸ ਦੇ ਮੁਖੀ ਸ੍ਰੀ ਮੋਹਨ ਭਾਗਵਤ ਵੱਲੋਂ ਭਾਰਤ 'ਚ ਵੱਸਣ ਵਾਲੇ ਹਰ ਵਸਨੀਕ ਨੂੰ ਹਿੰਦੂ ਕਿਹਾ ਜਾ ਰਿਹਾ ਹੈ, ਪਰ ਸਰਕਾਰਾਂ ਚੁੱਪ ਹਨ। ਸਰਕਾਰਾਂ ਕਿਸੇ ਇਕ ਧਿਰ ਦੀਆਂ ਤਰਜ਼ਮਾਨ

ਨਹੀਂ ਹੋਣੀਆਂ ਚਾਹੀਆਂ, ਇਨ੍ਹਾਂ ਨੂੰ ਦੇਸ਼ ਵਿਚ ਵੱਸਣ ਵਾਲੀ ਹਰ ਕੌਮ ਤੇ ਖਾਸਕਰ ਘੱਟਗਿਣਤੀਆਂ ਦੇ ਪੱਖ ਨੂੰ ਜ਼ਰੂਰ ਮਹੱਤਵ ਦੇਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਹਰਿਆਣਾ ਕਮੇਟੀ ਦੀ ਸਥਾਪਨਾ ਦੇ ਸਬੰਧ ਵਿਚ ਵੀ ਪੱਖਪਾਤੀ ਰਵੱਈਆ ਅਪਣਾਇਆ ਜਾ ਰਿਹਾ ਹੈ। ਪੰਜਾਬ ਪੁਨਰਗਠਨ ਐਕਟ-੧੯੬੬ ਅਨੁਸਾਰ ਸਿੱਖ ਗੁਰਦੁਆਰਾ ਐਕਟ ੧੯੨੫ ਅੰਤਰਰਾਜੀ ਐਕਟ ਬਣ ਚੁੱਕਾ ਹੋਣ ਕਰਕੇ ਇਸ ਵਿਚ ਕੋਈ ਵੀ ਸੋਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਸਿਫਾਰਸ਼ਾਂ ਨਾਲ ਕੇਂਦਰ ਸਰਕਾਰ ਹੀ ਕਰ ਸਕਦੀ ਹੈ, ਪਰ ਜਾਣਬੁਝ ਕੇ ਹਰਿਆਣਾ ਗੁਰਦੁਆਰਾ ਕਮੇਟੀ ਬਣਾਉਣ ਲਈ ਨਿਯਮਾਂ ਦਾ ਉਲੰਘਣ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਤਾਂ ਸ਼ੁਰੂ ਤੋਂ ਹੀ ਸਿੱਖ ਸ਼ਕਤੀ ਨੂੰ ਕਮਜ਼ੋਰ ਕਰਨ ਦੇ ਯਤਨ ਕਰਦੀ ਰਹੀ ਹੈ, ਪਰ ਹੁਣ ਭਾਜਪਾ ਵੀ ਉਸੇ ਦੇ ਰਾਹ ’ਤੇ ਚੱਲ ਕੇ ਘੱਟਗਿਣਤੀ ਸਿੱਖਾਂ ਨੂੰ ਦਬਾਉਣ ਦੀਆਂ ਚਾਲਾਂ ਚੱਲ ਰਹੀ ਹੈ ਅਤੇ ਇਸ ਵਿਚ ਆਮ ਆਦਮੀ ਪਾਰਟੀ ਵੀ ਪਿੱਛੇ ਨਹੀਂ ਹੈ।

ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਸ. ਅਲਵਿੰਦਰਪਾਲ ਸਿੰਘ ਪੱਖੋਕੇ, ਸੀਨੀਅਰ ਮੀਤ ਪ੍ਰਧਾਨ ਸ. ਰਘੂਜੀਤ ਸਿੰਘ ਵਿਰਕ, ਅੰਤ੍ਰਿੰਗ ਕਮੇਟੀ ਮੈਂਬਰ ਸ. ਸਰਵਣ ਸਿੰਘ ਕੁਲਾਰ, ਸ. ਬਲਵਿੰਦਰ ਸਿੰਘ ਵੇਈਂਪੂਈਂ, ਸ. ਜਰਨੈਲ ਸਿੰਘ ਡੋਗਰਾਂਵਾਲਾ, ਸ. ਗੁਰਿੰਦਰਪਾਲ ਸਿੰਘ ਗੋਰਾ, ਸ. ਅਮਰਜੀਤ ਸਿੰਘ ਬੰਡਾਲਾ, ਬੀਬੀ ਗੁਰਪ੍ਰੀਤ ਕੌਰ, ਮੈਂਬਰ ਭਾਈ ਰਾਜਿੰਦਰ ਸਿੰਘ ਮਹਿਤਾ, ਭਾਈ ਅਮਰਜੀਤ ਸਿੰਘ ਚਾਵਲਾ, ਭਾਈ ਗੁਰਚਰਨ ਸਿੰਘ ਗਰੇਵਾਲ, ਭਾਈ ਮਨਜੀਤ ਸਿੰਘ ਭੂਰਾਕੋਹਨਾ, ਸ. ਸੁਰਜੀਤ ਸਿੰਘ ਭਿੱਟੇਵੱਡ, ਐਡਵੋਕੇਟ ਭਗਵੰਤ ਸਿੰਘ ਸਿਆਲਕਾ, ਸ. ਅਮਰਜੀਤ ਸਿੰਘ ਭਲਾਈਪੁਰ, ਭਾਈ ਰਾਮ ਸਿੰਘ, ਸ. ਬਾਵਾ ਸਿੰਘ ਗੁਮਾਨਪੁਰਾ, ਸ. ਮੰਗਵਿੰਦਰ ਸਿੰਘ ਖਾਪੜਖੇੜੀ, ਸ. ਗੁਰਬਚਨ ਸਿੰਘ ਕਰਮੂੰਵਾਲਾ, ਬਾਬਾ ਬੂਟਾ ਸਿੰਘ, ਸ. ਗੁਰਨਾਮ ਸਿੰਘ ਜੱਸਲ, ਸ. ਰਵਿੰਦਰ ਸਿੰਘ ਖਾਲਸਾ, ਸ. ਅਵਤਾਰ ਸਿੰਘ ਰਿਆ, ਸ. ਜਗਸੀਰ ਸਿੰਘ ਮਾਂਗੇਆਣਾ, ਬੀਬੀ ਜੋਗਿੰਦਰ ਕੌਰ, ਸ. ਗੁਰਪ੍ਰੀਤ ਸਿੰਘ ਝੱਬਰ, ਸ. ਮੋਹਨ ਸਿੰਘ ਬੰਗੀ, ਸ. ਕੇਵਲ ਸਿੰਘ ਬਾਦਲ, ਸ. ਅਮਰੀਕ ਸਿੰਘ ਵਿਛੋਆ, ਸ. ਸੁਰਜੀਤ ਸਿੰਘ ਤੁਗਲਵਾਲ, ਸ. ਨਵਤੇਜ ਸਿੰਘ ਕਾਉਣੀ, ਬੀਬੀ ਜੋਗਿੰਦਰ ਕੌਰ ਧਰਮਕੋਟ, ਸ. ਖੁਸ਼ਵਿੰਦਰ ਸਿੰਘ ਭਾਟੀਆ, ਸ. ਗੁਰਮੀਤ ਸਿੰਘ ਬੂਹ, ਸ. ਸਤਪਾਲ ਸਿੰਘ ਤਲਵੰਡੀ ਭਾਈ, ਸ. ਬਲਦੇਵ ਸਿੰਘ ਕਾਇਮਪੁਰ, ਸ. ਹਰਭਜਨ ਸਿੰਘ ਮਸਾਣਾਂ, ਬੀਬੀ ਹਰਜਿੰਦਰ ਕੌਰ ਪੱਟੀ, ਬੀਬੀ ਗੁਰਿੰਦਰ ਕੌਰ ਭੋਲੂਵਾਲ, ਸ. ਬਿਕਰਮਜੀਤ ਸਿੰਘ ਕੋਟਲਾ, ਬੀਬੀ ਹਰਜਿੰਦਰ ਕੌਰ ਚੰਡੀਗੜ੍ਹ, ਬੀਬੀ ਪਰਮਜੀਤ ਕੌਰ ਲਾਂਡਰਾਂ, ਬੀਬੀ ਜਸਵੀਰ ਕੌਰ ਜੱਫਰਵਾਲ, ਸ. ਬਲਦੇਵ

ਸਿੰਘ ਕਲਿਆਣ, ਸ. ਸੁਰਜੀਤ ਸਿੰਘ ਰਾਏਪੁਰ, ਸ. ਦਰਸ਼ਨ ਸਿੰਘ ਸ਼ੇਰਖਾਂ, ਸ. ਅਜਮੇਰ ਸਿੰਘ ਖੇੜਾ, ਭਾਈ ਅਜਾਇਬ ਸਿੰਘ ਅਭਿਆਸੀ, ਸ. ਕੁਲਦੀਪ ਸਿੰਘ ਤੇੜਾ, ਫੈਡਰੇਸ਼ਨ ਆਗੂ ਸ. ਜਸਬੀਰ ਸਿੰਘ ਘੁੰਮਣ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਧਾਨ ਦੇ ਓ. ਐਸ. ਡੀ. ਸ. ਸਤਬੀਰ ਸਿੰਘ ਧਾਮੀ, ਸ਼੍ਰੋਮਣੀ ਕਮੇਟੀ ਦੇ ਵਧੀਕ ਸਕੱਤਰ ਸ. ਪ੍ਰਤਾਪ ਸਿੰਘ, ਸ. ਸੁਖਮਿੰਦਰ ਸਿੰਘ, ਸ. ਬਿਜੈ ਸਿੰਘ, ਮੀਤ ਸਕੱਤਰ ਸ. ਕੁਲਵਿੰਦਰ ਸਿੰਘ ਰਮਦਾਸ, ਸ. ਬਲਵਿੰਦਰ ਸਿੰਘ ਕਾਹਲਵਾਂ, ਮੈਨੇਜਰ ਸ. ਸੁਲੱਖਣ ਸਿੰਘ ਭੰਗਾਲੀ, ਸ. ਗੁਰਿੰਦਰ ਸਿੰਘ, ਸ. ਗੁਰਮੀਤ ਸਿੰਘ ਬੁੱਟਰ, ਸ. ਗੁਰਚਰਨ ਸਿੰਘ ਕੁਹਾਲਾ, ਸ. ਸਤਨਾਮ ਸਿੰਘ ਮਾਂਗਾਸਰਾਏ, ਸ. ਲਖਬੀਰ ਸਿੰਘ, ਸ. ਪਰਮਜੀਤ ਸਿੰਘ, ਸੁਪਰਡੈਂਟ ਸ. ਮਲਕੀਤ ਸਿੰਘ ਬਹਿੜਵਾਲ, ਇੰਚਾਰਜ ਸ. ਸ਼ਾਹਬਾਜ਼ ਸਿੰਘ ਸਮੇਤ ਵੱਡੀ ਗਿਣਤੀ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧਿਕਾਰੀ ਤੇ ਕਰਮਚਾਰੀ ਮੌਜੂਦ ਸਨ।

## ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਤੋੜਨ ਵਿਰੁੱਧ ਪੰਥਕ ਰੋਹ ਤਿੱਖਾ ਕਰਨ ਲਈ ਤਿੰਨ ਰੋਸ ਮਾਰਚ ਸ੍ਰੀ ਅੰਮ੍ਰਿਤਸਰ ਪੁੱਜੇ

ਸ੍ਰੀ ਅੰਮ੍ਰਿਤਸਰ, ੭ ਅਕਤੂਬਰ : ਸਿੱਖ ਕੌਮ ਵੱਲੋਂ ਇਕ ਸਦੀ ਪਹਿਲਾਂ ਬੇਅੰਤ ਕੁਰਬਾਨੀਆਂ ਨਾਲ ਹੋਂਦ ਵਿਚ ਲਿਆਂਦੇ ਗਏ ਸਿੱਖ ਗੁਰਦੁਆਰਾ ਐਕਟ ੧੯੨੫ ਦੀ ਭਾਵਨਾ ਦੇ ਉਲਟ ਜਾ ਕੇ ਸੁਪਰੀਮ ਕੋਰਟ ਵੱਲੋਂ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਮਾਨਤਾ ਦੇਣ ਅਤੇ ਸਿੱਖਾਂ ਦੀ ਮਾਣਮੱਤੀ ਸੰਸਥਾ ਸ਼੍ਰੋਮਣੀ ਕਮੇਟੀ ਨੂੰ ਕਮਜ਼ੋਰ ਕਰਨ ਦੀ ਸਾਜ਼ਿਸ਼ਾਂ ਵਿਰੁੱਧ ਪੰਥਕ ਸੰਘਰਸ਼ ਨੂੰ ਪ੍ਰਚੰਡ ਕਰਨ ਲਈ ਦਿੱਤੇ ਪ੍ਰੋਗਰਾਮ ਅਨੁਸਾਰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਸ੍ਰੀ ਅਨੰਦਪੁਰ ਸਾਹਿਬ, ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਅਤੇ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਅੰਬਾਲਾ (ਹਰਿਆਣਾ) ਤੋਂ ਤਿੰਨ ਪੰਥਕ ਰੋਸ ਮਾਰਚ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੁੱਜ ਕੇ ਸਮਾਪਤ ਹੋਏ। ਸਮਾਪਤੀ ਮੌਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਨਮੁਖ ਪੰਥ ਦੀ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਚੜ੍ਹਦੀ ਕਲਾ ਅਤੇ ਸੰਘਰਸ਼ ਦੀ ਕਾਮਯਾਬੀ ਲਈ ਅਰਦਾਸ ਕੀਤੀ ਗਈ। ਇਹ ਅਰਦਾਸ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਮਲਕੀਤ ਸਿੰਘ ਨੇ ਕੀਤੀ।

ਇਸ ਤੋਂ ਪਹਿਲਾਂ ਵੱਖ-ਵੱਖ ਪੜਾਵਾਂ ਤੋਂ ਹੁੰਦੇ ਹੋਏ ਚੇਤਨਾ ਮਾਰਚ ਜਦੋਂ ਸਥਾਨਕ ਗੋਲਡਨ ਗੇਟ ਨਜ਼ਦੀਕ ਪੁੱਜੇ ਤਾਂ ਭਾਰੀ ਗਿਣਤੀ ਵਿਚ ਹਾਜ਼ਰ ਸੰਗਤ ਨੇ ਜੈਕਾਰੇ ਗਜਾ ਕੇ ਪੰਥਕ ਜੋਸ਼ ਦਾ ਪ੍ਰਗਟਾਵਾ ਕੀਤਾ। ਤਿੰਨੇ ਰੋਸ ਮਾਰਚ ਦੌਰਾਨ ਸੈਂਕੜਿਆਂ ਦੀ ਗਿਣਤੀ ਵਿਚ ਗੱਡੀਆਂ ਦਾ ਕਾਫ਼ਲਾ ਸ਼ਾਮਲ ਸੀ, ਜਿਸ

ਅੰਦਰ ਹਜ਼ਾਰਾਂ ਸੰਗਤਾਂ ਮੌਜੂਦ ਸਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਆਯੋਜਿਤ ਕੀਤੇ ਗਏ ਇਨ੍ਹਾਂ ਰੋਸ ਕਾਫਲਿਆਂ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਤੇ ਅਧਿਕਾਰੀਆਂ, ਕਰਮਚਾਰੀਆਂ ਦੇ ਨਾਲ-ਨਾਲ ਸ਼੍ਰੋਮਣੀ ਅਕਾਲੀ ਦਲ ਦੇ ਉੱਚ ਅਹੁਦੇਦਾਰਾਂ ਸਮੇਤ ਵਰਕਰਾਂ ਨੇ ਵੀ ਸ਼ਮੂਲੀਅਤ ਕੀਤੀ।

ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਤੋਂ ਪੁੱਜੇ ਪੰਥਕ ਰੋਸ ਮਾਰਚ ਦੀ ਅਗਵਾਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਕਰ ਰਹੇ ਸਨ, ਜਦਕਿ ਤਖ਼ਤ ਸ੍ਰੀ ਦਮਦਮਾ ਸਾਹਿਬ ਤੋਂ ਚੱਲੇ ਰੋਸ ਮਾਰਚ ਦੀ ਅਗਵਾਈ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸ. ਸੁਖਬੀਰ ਸਿੰਘ ਬਾਦਲ ਨੇ ਕੀਤੀ। ਇਸ ਤੋਂ ਇਲਾਵਾ ਹਰਿਆਣਾ ਤੋਂ ਪੁੱਜੇ ਰੋਸ ਮਾਰਚ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਸ. ਰਘੂਜੀਤ ਸਿੰਘ ਵਿਰਕ ਦੀ ਅਗਵਾਈ 'ਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰ ਅਤੇ ਸੰਗਤ ਸ਼ਾਮਲ ਸੀ। ਰੋਸ ਮਾਰਚ ਦੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੁੱਜਣ 'ਤੇ ਰਾਗੀ ਜਥਿਆਂ ਨੇ ਗੁਰਬਾਣੀ ਕੀਰਤਨ ਕੀਤਾ ਅਤੇ ਇਸ ਮਗਰੋਂ ਅਰਦਾਸ ਹੋਈ।

ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਗੱਲਬਾਤ ਕਰਦਿਆਂ ਕਿਹਾ ਕਿ ਸਿੱਖ ਧਰਮ ਅੰਦਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਕਮਜ਼ੋਰ ਕਰਨ ਲਈ ਪੰਥ ਵਿਰੋਧੀ ਸ਼ਕਤੀਆਂ ਤੇ ਸਰਕਾਰਾਂ ਵਿਰੁੱਧ ਭਾਰੀ ਰੋਸ ਹੈ, ਜੋ ਅੱਜ ਰੋਸ ਮਾਰਚ ਦੌਰਾਨ ਨਜ਼ਰ ਆਇਆ ਹੈ। ਉਨ੍ਹਾਂ ਕਿਹਾ ਕਿ ਵੱਖ-ਵੱਖ ਥਾਵਾਂ ਤੋਂ ਚੱਲੇ ਇਹ ਰੋਸ ਮਾਰਚ ਪੜਾਅ ਦਰ ਪੜਾਅ ਹੋਰ ਵੱਡੇ ਹੁੰਦੇ ਗਏ ਅਤੇ ਹਰੇਕ ਹਲਕੇ ਵਿਚ ਭਰਵਾਂ ਸਵਾਗਤ ਹੋਇਆ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਹ ਸੰਘਰਸ਼ ਦੀ ਮੁੱਢਲੀ ਰੂਪ ਰੇਖਾ ਤਹਿਤ ਪੰਥਕ ਰੋਸ ਪ੍ਰਗਟ ਕੀਤਾ ਹੈ, ਜਦਕਿ ਭਵਿੱਖ ਵਿਚ ਇਸ ਰੋਸ ਤੇ ਰੋਹ ਨੂੰ ਹੋਰ ਤਿੱਖਾ ਕੀਤਾ ਜਾਵੇਗਾ, ਤਾਂ ਜੋ ਸਰਕਾਰਾਂ ਦੇ ਕੰਨਾਂ ਤਕ ਪੰਥਕ ਅਵਾਜ਼ ਪਹੁੰਚਾਈ ਜਾ ਸਕੇ। ਐਡਵੋਕੇਟ ਧਾਮੀ ਨੇ ਆਖਿਆ ਕਿ ਜਾਣਬੁਝ ਕੇ ਸਿੱਖਾਂ ਦੀ ਪ੍ਰਤੀਨਿਧ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਪੰਥ ਵਿਰੋਧੀ ਤਾਕਤਾਂ ਵੱਲੋਂ ਨਿਸ਼ਾਨੇ 'ਤੇ ਲਿਆ ਜਾ ਰਿਹਾ ਹੈ, ਜਿਸ ਨੂੰ ਬਰਦਾਸ਼ਤ ਨਹੀਂ ਕਰਾਂਗੇ। ਉਨ੍ਹਾਂ ਕਿਹਾ ਕਿ ਸਿੱਖ ਪੰਥ ਦੇਸ਼ ਲਈ ਹਮੇਸ਼ਾ ਲੜਦਾ ਅਤੇ ਕੁਰਬਾਨੀਆਂ ਕਰਦਾ ਆਇਆ ਹੈ ਅਤੇ ਕੌਮ ਦਾ ਇਹ ਵੀ ਇਤਿਹਾਸ ਹੈ ਕਿ ਜਦੋਂ ਵੀ ਇਸ ਨੂੰ ਕਿਸੇ ਨੇ ਚੁਣੌਤੀ ਦਿੱਤੀ ਤਾਂ ਇਸ ਨੇ ਲਾਮਬੰਦ ਹੋ ਕੇ ਮੂੰਹ ਤੋੜ ਜਵਾਬ ਦਿੱਤਾ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਧਾਨ ਨੇ ਸਾਫ਼ ਲਫ਼ਜ਼ਾਂ ਵਿਚ ਆਖਿਆ ਕਿ ਸਰਕਾਰਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਤੋੜਨ ਵਿਚ ਸਿੱਧੇ ਤੌਰ 'ਤੇ ਦਖ਼ਲ ਦੇ ਰਹੀਆਂ ਹਨ, ਜਿਸ ਦੇ ਵਿਰੁੱਧ ਸਿੱਖ ਪੰਥ ਹਰ ਮੰਚ 'ਤੇ ਅਵਾਜ਼ ਬੁਲੰਦ ਕਰਦਾ ਰਹੇਗਾ।

ਉਨ੍ਹਾਂ ਰੋਸ ਮਾਰਚ ਦੌਰਾਨ ਸਹਿਯੋਗ ਕਰਨ ’ਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸ. ਸੁਖਬੀਰ ਸਿੰਘ ਬਾਦਲ ਸਮੇਤ ਪੰਥਕ ਸ਼ਖ਼ਸੀਅਤਾਂ, ਜਥੇਬੰਦੀਆਂ ਤੇ ਸੰਗਤ ਦਾ ਧੰਨਵਾਦ ਕੀਤਾ।

ਇਸ ਦੌਰਾਨ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸ. ਸੁਖਬੀਰ ਸਿੰਘ ਬਾਦਲ ਨੇ ਆਖਿਆ ਕਿ ਸਿੱਖ ਕੌਮ ਦੇ ਦੁਸ਼ਮਣਾਂ ਵਿਰੁੱਧ ਸੰਘਰਸ਼ ਲਈ ਤਾਕਤ ਪ੍ਰਾਪਤ ਕਰਨ ਵਾਸਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਨਮੁਖ ਹੋ ਕੇ ਅਰਦਾਸ ਕੀਤੀ ਗਈ ਹੈ ਅਤੇ ਗੁਰੂ ਸਾਹਿਬ ਜ਼ਰੂਰ ਕਾਮਯਾਬੀ ਬਖ਼ਸ਼ਣਗੇ। ਉਨ੍ਹਾਂ ਆਖਿਆ ਕਿ ਸਿੱਖ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਤੋੜਨ ਲਈ ਪੰਥ ਵਿਰੋਧੀ ਤਾਕਤਾਂ ਨੇ ਵੱਡਾ ਹਮਲਾ ਕੀਤਾ ਹੈ, ਇਸ ਲਈ ਖਾਲਸਾ ਪੰਥ ਇਸ ਦਾ ਇੱਕਜੁਟ ਹੋ ਕੇ ਵਿਰੋਧ ਕਰਦਾ ਰਹੇਗਾ। ਸ. ਬਾਦਲ ਨੇ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇਸ਼ ਦੀ ਅਜ਼ਾਦੀ ਤੋਂ ਪਹਿਲਾਂ ਸਥਾਪਤ ਹੋਈ ਉਹ ਸਿੱਖ ਸੰਸਥਾ ਹੈ, ਜਿਸ ਨੇ ਇਸ ਦੇਸ਼ ਨੂੰ ਅਜ਼ਾਦ ਕਰਵਾਉਣ ਵਿਚ ਸੰਘਰਸ਼ ਦੀ ਨੀਂਹ ਰੱਖੀ ਸੀ। ਪਰੰਤੂ ਅੱਜ ਦੇਸ਼ ਦੀਆਂ ਸਰਕਾਰਾਂ ਹੀ ਇਸ ਨੂੰ ਨਿਸ਼ਾਨਾ ਬਣਾ ਰਹੀਆਂ ਹਨ। ਉਨ੍ਹਾਂ ਆਖਿਆ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕੇਵਲ ਗੁਰਦੁਆਰਾ ਸਾਹਿਬਾਨ ਹੀ ਨਹੀਂ ਕਰਦੀ, ਸਗੋਂ ਦੇਸ਼ ਅੰਦਰ ਆਈ ਹਰ ਆਫ਼ਤ ਸਮੇਂ ਮਨੁੱਖਤਾ ਦੀ ਭਲਾਈ ਲਈ ਵੀ ਮੋਹਰੀ ਰਹਿੰਦੀ ਹੈ। ਉਨ੍ਹਾਂ ਆਖਿਆ ਇਸ ਪ੍ਰਤੀਨਿਧ ਸਿੱਖ ਸੰਸਥਾ ਦੇ ਕਾਰਜ ਅਤੇ ਪ੍ਰਾਪਤੀਆਂ ਪੰਥ ਵਿਰੋਧੀ ਸ਼ਕਤੀਆਂ ਅਤੇ ਸਰਕਾਰਾਂ ਨੂੰ ਹਜ਼ਮ ਨਹੀਂ ਹੋ ਰਹੀਆਂ, ਇਸ ਲਈ ਸਾਰੇ ਇਕੱਠੇ ਹੋ ਕੇ ਸਿੱਖ ਪੰਥ ਦੀ ਤਾਕਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਤੋੜਨ ਦੇ ਮਨਸੂਬੇ ਬਣਾ ਰਹੇ ਹਨ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਤੋੜਨ ਦੀ ਚਾਲ ਵਿਚ ਸਿੱਖਾਂ ਦੀ ਦੁਸ਼ਮਣ ਜਮਾਤ ਕਾਂਗਰਸ ਦੇ ਨਾਲ-ਨਾਲ ਭਾਰਤੀ ਜਨਤਾ ਪਾਰਟੀ ਅਤੇ ਆਮ ਆਦਮੀ ਪਾਰਟੀ ਵੀ ਸ਼ਾਮਲ ਹੈ। ਉਨ੍ਹਾਂ ਸਿੱਖ ਪੰਥ ਨੂੰ ਅਪੀਲ ਕੀਤੀ ਕਿ ਆਪਣੀਆਂ ਸੰਸਥਾਵਾਂ, ਰਵਾਇਤਾਂ, ਇਤਿਹਾਸ, ਪ੍ਰੰਪਰਾਵਾਂ ਤੇ ਸਿਧਾਂਤਾਂ ’ਤੇ ਸੱਟ ਮਾਰਨ ਵਾਲੀਆਂ ਤਾਕਤਾਂ ਵਿਰੁੱਧ ਲਾਮਬੰਦ ਹੋ ਕੇ ਇਕਸੁਰ ਅਵਾਜ਼ ਬੁਲੰਦ ਕੀਤੀ ਜਾਵੇ, ਤਾਂ ਜੋ ਇਨ੍ਹਾਂ ਨੂੰ ਸਿੱਖ ਮਸਲਿਆਂ ਵਿਚ ਦਖ਼ਲ ਦੇਣ ਤੋਂ ਰੋਕਿਆ ਜਾ ਸਕੇ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸੰਘਰਸ਼ ਵਿਚ ਹਰ ਪੱਧਰ ’ਤੇ ਸਹਿਯੋਗ ਕਰੇਗਾ ਅਤੇ ਪਿੰਡ ਪੱਧਰ ’ਤੇ ਲੋਕਾਂ ਨੂੰ ਲਾਮਬੰਦ ਵੀ ਕਰੇਗਾ।

ਇਸ ਮੌਕੇ ਸੀਨੀਅਰ ਅਕਾਲੀ ਆਗੂ ਸ. ਬਲਵਿੰਦਰ ਸਿੰਘ ਭੂੰਦੜ, ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ, ਬੀਬੀ ਜਗੀਰ ਕੌਰ, ਭਾਈ ਗੋਬਿੰਦ ਸਿੰਘ ਲੌਂਗੋਵਾਲ, ਸ. ਰਘੂਜੀਤ ਸਿੰਘ ਵਿਰਕ, ਸ. ਅਲਵਿੰਦਰਪਾਲ ਸਿੰਘ ਪੱਖੋਕੇ, ਅਕਾਲੀ ਆਗੂ ਡਾ. ਦਲਜੀਤ ਸਿੰਘ ਚੀਮਾ, ਸ. ਗੁਲਜ਼ਾਰ ਸਿੰਘ ਰਣੀਕੇ, ਸ. ਵਿਰਸਾ ਸਿੰਘ

ਵਲਟੋਹਾ, ਸ. ਚਰਨਜੀਤ ਸਿੰਘ ਬਰਾੜ, ਸ. ਹੀਰਾ ਸਿੰਘ ਗਾਬੜੀਆ, ਸ. ਇਕਬਾਲ ਸਿੰਘ ਝੂੰਦਾ, ਸ. ਗੁਰਬਚਨ ਸਿੰਘ ਬੱਬੇਹਾਲੀ, ਸ. ਅਮਰਜੀਤ ਸਿੰਘ ਬੰਡਾਲਾ, ਸ. ਜਰਨੈਲ ਸਿੰਘ ਡੋਗਰਾਂਵਾਲਾ, ਸ. ਗੁਰਿੰਦਰਪਾਲ ਸਿੰਘ ਗੋਰਾ, ਸ. ਜੋਧ ਸਿੰਘ ਸਮਰਾ, ਬੀਬੀ ਗੁਰਪ੍ਰੀਤ ਕੌਰ ਰੂਹੀ, ਭਾਈ ਅਮਰਜੀਤ ਸਿੰਘ ਚਾਵਲਾ, ਭਾਈ ਗੁਰਚਰਨ ਸਿੰਘ ਗਰੇਵਾਲ, ਸ. ਸੁਰਜੀਤ ਸਿੰਘ ਭਿੱਟੇਵੱਡ, ਐਡਵੋਕੇਟ ਭਗਵੰਤ ਸਿੰਘ ਸਿਆਲਕਾ, ਸ. ਗੁਰਬਚਨ ਸਿੰਘ ਕਰਮੂੰਵਾਲਾ, ਸ. ਗੁਰਨਾਮ ਸਿੰਘ ਜੱਸਲ, ਭਾਈ ਅਜਾਇਬ ਸਿੰਘ ਅਭਿਆਸੀ, ਸ. ਬਲਵਿੰਦਰ ਸਿੰਘ ਵੇਈਂਪੂਈਂ, ਬੀਬੀ ਗੁਰਿੰਦਰ ਕੋਰ ਭੋਲੂਵਾਲ, ਸ. ਬਲਜੀਤ ਸਿੰਘ ਜਲਾਲਉਸਮਾਂ, ਬਾਬਾ ਟੇਕ ਸਿੰਘ, ਬਾਬਾ ਬੂਟਾ ਸਿੰਘ, ਸ. ਗੁਰਪ੍ਰੀਤ ਸਿੰਘ ਝੱਬਰ, ਸ. ਜਗਸੀਰ ਸਿੰਘ ਮਾਂਗੇਆਣਾ, ਸ. ਹਰਭਜਨ ਸਿੰਘ ਮਸਾਣਾਂ, ਸ. ਬਲਦੇਵ ਸਿੰਘ ਕਾਇਮਪੁਰੀ, ਸ. ਮੋਹਨ ਸਿੰਘ ਬੰਗੀ, ਸ. ਸੁਰਜੀਤ ਸਿੰਘ ਰਾਏਪੁਰ, ਸ. ਅਵਤਾਰ ਸਿੰਘ ਬਨਵਾਲਾ, ਬੀਬੀ ਜੋਗਿੰਦਰ ਕੌਰ, ਸ. ਮੰਗਵਿੰਦਰ ਸਿੰਘ ਖਾਪੜਖੇੜੀ, ਸ. ਕੌਰ ਸਿੰਘ, ਸ. ਅਮਰੀਕ ਸਿੰਘ ਕੋਟਸ਼ਮੀਰ, ਅਕਾਲੀ ਆਗੂ ਸ. ਜੀਤਮਹਿੰਦਰ ਸਿੰਘ ਸਿੱਧੂ, ਸ. ਦਿਲਰਾਜ ਸਿੰਘ ਭੂੰਦੜ, ਸ. ਬਲੰਮ ਸਿੰਘ ਕਲੀਪੁਰ, ਸ. ਸਰਵਣ ਸਿੰਘ ਕੁਲਾਰ, ਸ. ਸੋਹਣ ਸਿੰਘ ਠੰਡਲ, ਸ. ਰਘਬੀਰ ਸਿੰਘ ਸਹਾਰਨ ਮਾਜਰਾ, ਸ. ਪ੍ਰਿਤਪਾਲ ਸਿੰਘ ਪਾਲੀ, ਸ. ਜਰਨੈਲ ਸਿੰਘ ਕਰਤਾਰਪੁਰ, ਸ. ਜਗਮੇਲ ਸਿੰਘ ਲਾਛੜੂ, ਸ. ਰਣਜੀਤ ਸਿੰਘ ਢਿੱਲੋਂ, ਸ. ਦਲਜੀਤ ਸਿੰਘ ਕੋਹਲੀ, ਭਾਈ ਲਾਲ ਸਿੰਘ (ਬੰਦੀ ਸਿੰਘ), ਸ. ਸੁੱਚਾ ਸਿੰਘ ਛੋਟੇਪੁਰ, ਸ. ਜਗਦੀਪ ਸਿੰਘ ਚੀਮਾ, ਸ. ਹਰਿੰਦਰਪਾਲ ਸਿੰਘ ਚੰਦੂਮਾਜਰਾ, ਸ. ਸਤਵਿੰਦਰ ਸਿੰਘ ਟੌਹੜਾ, ਸ. ਅਜਮੇਰ ਸਿੰਘ ਖੇੜਾ, ਸ. ਸ਼ੇਰ ਸਿੰਘ ਮਡਵਾਲਾ, ਸ. ਬਾਵਾ ਸਿੰਘ ਗੁਮਾਨਪੁਰਾ, ਸ. ਅਵਤਾਰ ਸਿੰਘ ਰਿਆ, ਸ. ਚਰਨਜੀਤ ਸਿੰਘ ਕਾਲੇਵਾਲ, ਬੀਬੀ ਹਰਜਿੰਦਰ ਕੌਰ ਚੰਡੀਗੜ੍ਹ, ਬੀਬੀ ਪਰਮਜੀਤ ਕੌਰ ਲਾਂਡਰਾਂ, ਸ. ਬਿਕਰਮਜੀਤ ਸਿੰਘ ਕੋਟਲਾ, ਸ. ਕੁਲਵੰਤ ਸਿੰਘ ਮੰਨਣ, ਸ. ਕਰਨੈਲ ਸਿੰਘ ਪੀਰ ਮੁਹੰਮਦ, ਸ. ਸੁਰਜੀਤ ਸਿੰਘ ਤੁਗਲਵਾਲ, ਸ. ਸਤਪਾਲ ਸਿੰਘ ਤਲਵੰਡੀ ਭਾਈ, ਸ. ਗੁਰਮੀਤ ਸਿੰਘ ਬੂਹ, ਜਥੇਦਾਰ ਗੁਰਲਾਲ ਸਿੰਘ, ਸ. ਗੁਰਿੰਦਰ ਸਿੰਘ ਗੋਗੀ, ਦਮਦਮੀ ਟਕਸਾਲ ਦੇ ਮੁੱਖ ਬੁਲਾਰੇ ਬਾਬਾ ਸੁਖਦੇਵ ਸਿੰਘ, ਸ. ਸੁਰਿੰਦਰ ਸਿੰਘ ਭੁਲੇਵਾਲ ਰਾਠਾ, ਓ. ਐਸ. ਡੀ. ਸ. ਸਤਬੀਰ ਸਿੰਘ ਧਾਮੀ, ਸਕੱਤਰ ਸ. ਪ੍ਰਤਾਪ ਸਿੰਘ, ਸ. ਬਿਜੈ ਸਿੰਘ, ਸ. ਕੁਲਵਿੰਦਰ ਸਿੰਘ ਰਮਦਾਸ, ਮੈਨੇਜਰ ਸ. ਸੁਲੱਖਣ ਸਿੰਘ ਭੰਗਾਲੀ, ਸ. ਗੁਰਪ੍ਰਤਾਪ ਸਿੰਘ ਟਿੱਕਾ, ਸ. ਪਰਮਬੰਸ ਸਿੰਘ ਬੰਟੀ ਰੁਮਾਣਾ ਆਦਿ ਮੌਜੂਦ ਸਨ। ■

# ਧਰਮ ਪ੍ਰਚਾਰ ਕਮੇਟੀ ਦੀਆਂ ਪ੍ਰਚਾਰ ਸਰਗਰਮੀਆਂ

## ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਅੰਮ੍ਰਿਤ-ਸੰਚਾਰ

ਭਾਈ ਰਛਮੀਤ ਸਿੰਘ, ਪ੍ਰਚਾਰਕ ਵੱਲੋਂ ਪੁੱਜੀ ਰਿਪੋਰਟ ਅਨੁਸਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਵੱਲੋਂ ਗੁਰ ਫਤਿਹ ਵੈਲਫੇਅਰ ਸੋਸਾਇਟੀ (ਰਜਿ.) ਦੇ ਸਹਿਯੋਗ ਨਾਲ ਗੁਰਦੁਆਰਾ ਬਾਬਾ ਬਿਸ਼ਨ ਸਿੰਘ ਜੀ ਪਿੰਡ ਕੰਧਾਲਾ ਜੱਟਾਂ, ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ੮ ਮਈ, ੨੦੨੨ ਈ. ਨੂੰ ਕਰਵਾਏ ਗਏ ਅੰਮ੍ਰਿਤ-ਸੰਚਾਰ ਦੌਰਾਨ ੧੫ ਪ੍ਰਾਣੀ ਖੰਡੇ-ਬਾਟੇ ਦੀ ਪਾਹੁਲ ਹਾਸਲ ਕਰ ਕੇ ਗੁਰੂ ਵਾਲੇ ਬਣੇ।

## ਗੁਰਦੁਆਰਾ ਬੀੜ ਬਾਬਾ ਬੁੱਢਾ ਸਾਹਿਬ ਜੀ ਵਿਖੇ ਅੰਮ੍ਰਿਤ-ਸੰਚਾਰ

ਮੈਨੇਜਰ, ਗੁਰਦੁਆਰਾ ਬੀੜ ਬਾਬਾ ਬੁੱਢਾ ਸਾਹਿਬ ਜੀ, ਪਿੰਡ ਠੱਠਾ, ਜ਼ਿਲ੍ਹਾ ਤਰਨਤਾਰਨ ਸਾਹਿਬ ਵੱਲੋਂ ਪੁੱਜੀ ਰਿਪੋਰਟ ਅਨੁਸਾਰ ਉਕਤ ਗੁਰਦੁਆਰਾ ਸਾਹਿਬ ਵਿਖੇ ੧੪ ਮਈ, ੨੦੨੨ ਈ. ਨੂੰ ਕਰਵਾਏ ਗਏ ਅੰਮ੍ਰਿਤ-ਸੰਚਾਰ ਦੌਰਾਨ ੩੧ ਪ੍ਰਾਣੀ ਖੰਡੇ-ਬਾਟੇ ਦੀ ਪਾਹੁਲ ਹਾਸਲ ਕਰ ਕੇ ਗੁਰੂ ਵਾਲੇ ਬਣੇ।

## ਸਿੱਖ ਮਿਸ਼ਨ ਜੰਮੂ-ਕਸ਼ਮੀਰ ਵੱਲੋਂ ਅੰਮ੍ਰਿਤ-ਸੰਚਾਰ

ਸਿੱਖ ਮਿਸ਼ਨ ਜੰਮੂ-ਕਸ਼ਮੀਰ ਵੱਲੋਂ ਪੁੱਜੀ ਰਿਪੋਰਟ ਅਨੁਸਾਰ ਜੰਮੂ-ਕਸ਼ਮੀਰ ਵਿਖੇ ਕਰਵਾਏ ਗਏ ਵੱਖ-ਵੱਖ ਅੰਮ੍ਰਿਤ-ਸੰਚਾਰ ਸਮਾਗਮਾਂ ਦਾ ਵੇਰਵਾ :-

| ਮਿਤੀ | ਸਥਾਨ | ਪ੍ਰਾਣੀ |
|---|---|---|
| ੧੨-੦੬-੨੦੨੨ | ਗੁਰਦੁਆਰਾ ਸਿੰਘ ਸਭਾ, ਕਠੂਆ | ੮੨ |
| ੧੫-੦੬-੨੦੨੨ | ਗੁਰਦੁਆਰਾ ਗੁਰੂ ਹਰਿਗੋਬਿੰਦ ਸਾਹਿਬ, ਬਾੜੀਆਂ, ਸਾਂਬਾ | ੮੫ |
| ੨੫-੦੬-੨੦੨੨ | ਗੁਰਦੁਆਰਾ ਕਲਗੀਧਰ, ਪਿੰਡ ਠੰਡਾ ਪਾਣੀ, ਜ਼ਿਲ੍ਹਾ ਰਜੌਰੀ | ੧੩੬ |

■

## ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ (ਪਾਕਿਸਤਾਨ)




Registered with Registrar of Newspaper at No. 354/57
Postal Regd.No.L-I/PB-ASR/007/2022-2024 Without Pre-payment of Postage under License no. PB/370/2022-2024

# GURMAT PARKASH November 2022

Dharam Parchar Committee, Shiromani Gurdwara Parbandhak Committee, Sri Amritsar Sahib

## ਗੁਰਦੁਆਰਾ ਸੀਸ ਗੰਜ ਸਾਹਿਬ ਪਾਤਸ਼ਾਹੀ ਨੌਵੀਂ (ਦਿੱਲੀ)



Owner : Shiromani Gurdwara Parbandhak Committee. Publisher & Printer : S. Manjit Singh. Printed at Golden Offset Press, Gurdwara Sri Ramsar Sahib, Sri Amritsar. Published from SGPC office, Teja Singh Samundri Hall, Sri Amritsar. Editor : Satwinder Singh Date: 2-11-2022